# ਚਿਰਾਗ

ਜੁਲਾਈ -ਸਤੰਬਰ 2002

**July -September 2002**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਪਾਬਲੋ ਨੇਰੂਦਾ ਵਿਸ਼ੇਸ਼ ਅੰਕ

ਮੁੱਲ : 15 ਰੁਪਏ -41- ਜੁਲਾਈ-ਸਤੰਬਰ, 2002

# ਚਿਰਾ.ਗ (ਤਿਮਾਹੀ)

ਜੁਲਾਈ-ਅਗਸਤ-ਸਤੰਬਰ, 2002

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ


- ਸੰਪਾਦਕੀ ਦੀ ਥਾਂ - ਸ਼ਾਇਰੀ ਤੇ ਸਿਆਸਤ ਦਾ ਸੁਮੇਲ, ਪਾਬਲੋ ਨੇਰੂਦਾ/ਹਰਭਜਨ ਸਿੰਘ ਹੁੰਦਲ
- ਨੇਰੂਦਾ ਦੀਆਂ ਚੋਣਵੀਆਂ ਕਵਿਤਾਵਾਂ : ........ ...... ...... ...... ......
- ਮਿੱਤਰਾਂ ਦੀਆਂ ਯਾਦਾਂ ਲੂਈਸ ਪਾਈਰੋਟ, ਰਾਫੀਤਾ, ਫਰਾਂਸਿਸਕੋ ਵਲਾਸਕੋ ਤੇ ਮਾਰੀਆ ਮਾਰਤਵ ਰਾਫਾਇਲ ਅਲਵ੍ਰਰਤੀ, ਮਾਰੀਆ ਤੋਰਾਲ, ਮਾਤਿਲਦੇ ਯਰੂਤੀ, ਨੀਕਾਨੋਰ ਪਾਰਾ, ਡੀਗੋ ਮੂਨੋਸ, ਬੂਟਾ ਕਾਨਾ, ਜੋਰਜ ਐਡ ਵਲਡਜ਼, ਜੋਸੇ ਵਨਤੂਰੇਲੀ, ਚਾਰੋ ਕਾਫਰੇ ਤੇ ਹੀਊਗੋ ਆਰੀਵੇਲੋ, ਰੋਬਲਟੋ ਮਾਟਾ, ਅਲਾਸਤੇਰ ਰੀਡ, ਜਾਰਜ ਸਾਊਰ
- ਵਿਸ਼ੇਸ਼ ਲੇਖ ਮੇਰਾ ਮਿੱਤਰ ਪਾਬਲੋ ਨੇਰੂਦਾ/ਕਨਸਤੈਨਤਿਨ ਸਿਮੋਨੋਵ
- ਕਵਿ ਸ਼ਰਧਾਂਜਲੀ- ਯਾਸਰ ਮੀਰਾਕ, ਯਵਤੂਸ਼ੈਂਕੋ, ਹਰਭਜਨ ਸਿੰਘ ਹੁੰਦਲ
- ਮੇਰੀ ਸਿਰਜਣ ਪ੍ਰਕਿਰਿਆ- ਕਵਿਤਾ ਨੂੰ ਗਾਉਣਾ ਅਜਾਈਂ ਨਹੀਂ ਸੀ ਗਿਆ, ਸਵੈ ਚਿਤਰ, ਅਵਾਰਾ ਗਰਦ ਕਵਿਤਾ, ਅਸ਼ੁੱਧ ਕਵਿਤਾ ਦੀ ਭਾਲ, ਸ਼ਬਦ, ਕਵਿਤਾ
- ਮੁਲਾਂਕਣ- ਪਾਬਲੋ ਨੇਰੂਦਾ ਦੀ ਕਵਿਤਾ (ਡਾ. ਨਾਮਵਰ ਸਿੰਘ) ਨੇਰੂਦਾ ਦੀ ਕਾਵਿ ਸਮਰੱਥਾ (ਸਟੀਫਿਨ ਮਿਚਲ)
- ਮੇਰੀਆਂ ਜੀਵਨ ਯਾਦਾਂ-ਲੋਰਕਾ ਦੀ ਮੌਤ, ਮੇਰੀ ਕਵਿਤਾ
- ਨੇਰੂਦਾ ਦੇ ਨਿਬੰਧ- ਲੋਕਾਂ ਦੇ ਕਵੀ, ਆਈਸਲਾ ਨੇਗਰਾ ਦੇ ਕਢਾਈਕਾਰ, ਫੀਦਲ, ਕਵਿਤਾ ਵਿਚ ਸਪੱਸ਼ਟਤਾ
- ਪੁਸਤਕ ਪੜਚੋਲ ਜੀਵਨ-ਯਾਦਾਂ (ਡਾ. ਸੁਖਵਿੰਦਰ ਸਿੰਘ ਰੰਧਾਵਾ)


◆◆ ਵਿਸ਼ੇਸ਼ ਨੋਟ : ਇਸ ਅੰਕ ਦੇ ਸਾਰੇ ਅਨੁਵਾਦ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਕੀਤੇ ਹੋਏ ਹਨ।


| | | | |
|---|---|---|---|
| *Postal Address :* | ***ਚੰਦਿਆਂ ਦਾ ਵੇਰਵਾ*** | : | |
| *Harbhajan Singh Hundal,* | *ਦੇਸ਼ ਵਾਰਸ਼ਿਕ* | : | *50 ਰੁ.* |
| *V. Fatu Chak,* | *ਇਕ ਪਰਚਾ* | : | *15 ਰੁ.* |
| *P.O. Dhilwan,* | *ਸੰਸਥਾਵਾਂ (ਵਾਰਸ਼ਿਕ)* | : | *70 ਰੁ.* |
| *Distt. Kapurthala-144804* | *ਬਦੇਸ਼, ਯੂ. ਕੇ.* | : | *5 ਪੌਂਡ* |
| *(Pb.) India.* | *ਵਾਰਸ਼ਿਕ (ਹੋਰ ਦੇਸ਼)* | : | *300 ਰੁ.* |
| *Phone No. 01822-73188* | | | |

**ਨੋਟ- ਸਾਰੇ ਚੈਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ**

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

**ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।**

*ਪ੍ਰਕਾਸ਼ਨ ਮਿਤੀ : 15 ਜੁਲਾਈ 2002*


*ਸੰਪਾਦਕੀ ਦੀ ਥਾਂ*

## ਸ਼ਾਇਰੀ ਤੇ ਸਿਆਸਤ ਦਾ ਸੁਮੇਲ :- ਪਾਬਲੋ ਨੇਰੂਦਾ / *ਹਰਭਜਨ ਸਿੰਘ ਹੁੰਦਲ*

*(ਮੈਂ ਕਦੇ ਸੋਚ ਵੀ ਨਹੀਂ ਸਕਦਾ ਕਿ ਮੇਰੀ ਜ਼ਿੰਦਗੀ, ਕਵਿਤਾ ਤੇ ਰਾਜਨੀਤੀ ਵਿਚ ਵੱਖਰੀ ਵੱਖਰੀ ਵੰਡੀ ਹੋਈ ਹੈ—ਨੇਰੂਦਾ)*

ਵਿਸ਼ਵ ਦੀ ਜਨਵਾਦੀ ਤੇ ਪ੍ਰਗਤੀਸ਼ੀਲ ਕਵਿਤਾ ਦੇ ਖੇਤਰ ਵਿਚ ਪਾਬਲੋ ਨੇਰੂਦਾ ਦਾ ਨਾਂ ਕਿਸੇ ਵੀ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਦਾ ਨਾਂ ਦੱਖਣੀ ਅਮਰੀਕਾ ਦੇ ਪੱਛੜੇ ਮਹਾਦੀਪ ਤੇ ਚਿੱਲੀ ਦੀਆਂ ਭੂਗੋਲਕ ਹੱਦਾਂ ਨੂੰ ਪਾਰ ਕਰਕੇ ਸੰਸਾਰ ਦੇ ਕਵਿਤਾ ਪ੍ਰੇਮੀਆਂ ਦੇ ਘਰਾਂ ਵਿਚਲੀ ਚਰਚਾ ਦਾ ਕੇਂਦਰ ਬਣ ਚੁੱਕਾ ਹੈ। ਉਸ ਨੇ ਆਪਣੀ ਕਾਵਿ-ਰਚਨਾ, ਜੀਵਨ ਤੇ ਸਮੁੱਚੀਆਂ ਸਮਾਜਕ, ਰਾਜਸੀ ਸਰਗਰਮੀਆਂ ਨੂੰ ਆਪਣੇ ਦੇਸ਼ ਦੇ ਲੋਕਾਂ ਤੇ ਸਮੁੱਚੀ ਮਨੁੱਖ ਜਾਤੀ ਦੇ ਹਿਤਾਂ, ਤਾਂਘਾਂ, ਸੁਪਨਿਆਂ ਤੇ ਨਿਤ ਦੇ ਨਿੱਕੇ-ਵੱਡੇ ਸੰਘਰਸ਼ਾਂ ਨਾਲ ਇਸ ਤਰ੍ਹਾਂ ਜੋੜ ਲਿਆ ਸੀ ਕਿ ਉਹ ਜਦ ਵੀ ਕਵਿਤਾ ਦੀ ਭਾਸ਼ਾ ਵਿਚ ਬੋਲਦਾ ਸੀ ਤਾਂ ਇਕ ਪੈਗੰਬਰ ਵਾਂਗ ਬੋਲਦਾ ਸੀ। ਵਕਤ ਦੇ ਬੀਤਣ ਨਾਲ ਉਸ ਦੀ ਕਵਿਤਾ ਵਿਚ ਪਾਠਕਾਂ ਦੀ ਦਿਲਚਸਪੀ ਰੰਚਕ ਮਾਤਰ ਘਟਣ ਦੀ ਥਾਂ, ਸਗੋਂ ਕਈ ਗੁਣਾਂ ਵਧਦੀ ਜਾਂਦੀ ਹੈ। ਉਸ ਦਾ ਸਾਹਿਤਕ ਕੱਦ-ਕਾਠ ਤੇ ਕਾਵਿ-ਮਹੱਤਵ ਨਾਜ਼ਿਮ ਹਿਕਮਤ, ਵਲਾਦੀਮੀਰ ਮਾਇਕੋਵਸਕੀ, ਮਹਿਮੂਦ-ਦਰਵੇਸ਼, ਬ੍ਰਤੋਲਤ ਬ੍ਰੈਖ਼ਤ, ਤੇ ਫੈਜ਼ ਅਹਿਮਦ ਫੈਜ਼ ਵਰਗੇ ਵਿਸ਼ਵ ਕਵੀਆਂ ਦੇ ਬਰਾਬਰ ਦਾ ਹੈ। ਅਜਿਹੀ ਸਰਬ ਪ੍ਰਮਾਣਤ ਸਵੀਕ੍ਰਿਤੀ ਲਈ, ਕਵੀ ਨੂੰ ਆਪਣਾ ਨਿੱਜੀ ਸੁੱਖ-ਆਰਾਮ ਤਿਆਗਣਾ ਪੈਂਦਾ ਹੈ ਤੇ ਦੁਨੀਆ ਦੇ ਦੁਖਿਆਰਿਆਂ ਦੇ ਦਰਦ ਨਾਲ ਆਪਣੇ ਆਪ ਨੂੰ ਅਟੁੱਟ ਤੌਰ 'ਤੇ ਜੋੜਨਾ ਪੈਂਦਾ ਹੈ।

ਨੇਰੂਦਾ ਦਾ ਸਮੁੱਚਾ ਜੀਵਨ ਬੜਾ ਘਟਨਾਵਾਂ ਭਰਪੂਰ ਸੀ, ਜਿਸ ਵਿਚ ਇਕ ਪਾਸੇ ਸੰਸਾਰ ਦੇ ਕਵਿਤਾ-ਪ੍ਰੇਮੀਆਂ ਦਾ ਅਥਾਹ ਪਿਆਰ ਤੇ ਸਤਿਕਾਰ ਸੀ, ਤਾਂ ਦੂਸਰੇ ਪਾਸੇ ਚਿੱਲੀ ਦੇ ਹਾਕਮਾਂ ਵਲੋਂ ਦਿੱਤੀ ਖੱਜਲ-ਖੁਆਰੀ ਤੇ ਲੰਮੀ ਜਲਾਵਤਨੀ ਵੀ ਸੀ। ਪਰ ਸੰਸਾਰ ਦੇ ਅਮਨ-ਪਸੰਦ ਸਮਾਜਕ ਇਨਸਾਫ਼ ਤੇ ਆਜ਼ਾਦੀ-ਪ੍ਰੇਮੀਆਂ ਨਾਲ, ਆਪਣਾ ਨਾਤਾ ਜੋੜਨ ਤੋਂ ਬਾਅਦ ਨੇਰੂਦਾ ਨੇ ਕਦੇ ਪਿੱਛੇ ਭੌਂ ਕੇ ਨਹੀਂ ਸੀ ਵੇਖਿਆ 'ਤੇ ਹਮੇਸ਼ਾ ਸਿਤਾਰਿਆਂ 'ਤੇ ਨਜ਼ਰਾਂ ਟਿਕਾਈ ਰੱਖੀਆਂ ਸਨ।

ਨੇਰੂਦਾ ਨੂੰ ਚੜ੍ਹਦੀ ਜਵਾਨੀ ਵਿਚ ਹੀ ਆਪਣੀਆਂ "ਵੀਹ ਪਿਆਰ ਕਵਿਤਾਵਾਂ" (1924) ਦੇ ਛਪਣ ਸਾਰ ਵੱਡੀ ਪ੍ਰਵਾਨਗੀ ਪ੍ਰਾਪਤ ਹੋ ਗਈ ਸੀ ਤੇ ਉਹ ਨੌਜਵਾਨਾਂ ਦੇ ਵਿਸ਼ਾਲ ਹਿਸਿਆਂ ਵਿਚ ਬੇਹੱਦ ਹਰਮਨ-ਪਿਆਰਾ ਹੋ ਚੁੱਕਾ ਸੀ। ਚਿੱਲੀ ਦੀਆਂ ਰਾਜਸੀ ਰਵਾਇਤਾਂ ਅਨੁਸਾਰ ਉਥੋਂ ਦੇ ਕਵੀਆਂ/ਲੇਖਕਾਂ ਨੂੰ ਬਦੇਸ਼ੀ ਵਿਭਾਗ ਰਾਹੀਂ ਸਫੀਰ ਦੀ ਉੱਚੀ ਪਦਵੀ ਦੇਣ ਦਾ ਰਿਵਾਜ ਸੀ ਤੇ ਨੇਰੂਦਾ ਨੂੰ ਇਹ ਪਦਵੀ ਪ੍ਰਾਪਤ ਕਰਨ ਵਿਚ ਕੋਈ ਮੁਸ਼ਕਿਲ ਨਹੀਂ ਸੀ ਆਈ। ਉਸ ਦੀ ਪਹਿਲੀ ਨਿਯੁਕਤੀ, ਜਾਵਾ ਸਮਾਟਰਾ, ਰੰਗੂਨ ਤੇ ਲੰਕਾ ਦੇ ਦੂਰ-ਦੁਰਾਡੇ ਪਰ ਮੁਕਾਬਲਤਨ ਛੋਟੇ ਦੇਸ਼ਾਂ ਵਿਚ ਹੋਈ ਸੀ, ਜਿਥੇ ਜੇ ਉਸ ਕੋਲ ਪੜ੍ਹਨ ਲਿਖਣ ਲਈ ਖੁੱਲ੍ਹਾ ਵਕਤ ਸੀ ਤੇ ਇਕੱਲਤਾ ਦਾ ਦਰਦ ਵੀ ਝੱਲਣਾ ਪੈਂਦਾ ਸੀ। ਪਰ ਨੇਰੂਦਾ ਦੀ ਕਵਿਤਾ ਤਾਂ ਉਸ ਦੇ ਨਾਲ ਨਾਲ ਸੀ।

ਛੇ ਸਾਲ ਇਹਨਾਂ ਪੂਰਬ ਦੇ ਛੋਟੇ ਦੇਸ਼ਾਂ ਵਿਚ ਬਿਤਾ ਨੇਰੂਦਾ 1932 ਵਿਚ ਲੰਮੇ ਸਮੁੰਦਰੀ ਸਫ਼ਰ ਬਾਅਦ ਵਾਪਸ ਆਪਣੇ ਦੇਸ਼ ਚਿੱਲੀ ਪਰਤਿਆ। ਇਹਨਾਂ ਵਰ੍ਹਿਆਂ ਵਿਚ ਉੱਤੋ-ਝਿੱਤੀ ਉਸ ਦੇ ਕਈ

ਸੰਗ੍ਰਹਿ ਛਪਦੇ ਰਹੇ ਤੇ ਨਾਲ ਦੀ ਨਾਲ ਸਪੇਨਿਸ਼ ਭਾਸ਼ਾ ਤੋਂ ਅਨੁਵਾਦ ਹੁੰਦਾ ਰਹੇ ਅਤੇ ਉਸ ਦੀ ਕਵਿਤਾ ਦੀ ਮਹਿਮਾ ਦੂਰ-ਦੁਰਾਡੇ ਫੈਲਦੀ ਗਈ। 1934 ਵਿਚ ਨੇਰੂਦਾ ਕੌਂਸਲਰ ਦੀ ਪਦਵੀ 'ਤੇ ਨਿਯੁਕਤ ਹੋ ਕੇ ਸਪੇਨ ਪਹੁੰਚਾ। ਏਥੇ ਉਸ ਦੀ ਦੋਸਤੀ ਪ੍ਰਸਿੱਧ ਸਪੇਨੀ ਕਵੀ ਤੇ ਨਾਟਕਕਾਰ ਗਾਰਸ਼ੀਆ ਲੋਰਕਾ ਨਾਲ ਹੋ ਗਈ। ਸਪੇਨ ਦਾ ਗ੍ਰਹਿ ਯੁੱਧ ਬੜਾ ਗੰਭੀਰ ਰੂਪ ਧਾਰਨ ਕਰ ਚੁੱਕਾ ਸੀ। ਇਕ ਪਾਸੇ ਸਪੇਨ ਦੇ ਬਹੁ-ਗਿਣਤੀ ਲੋਕ ਤੇ ਦੂਸਰੇ ਪਾਸੇ ਤਾਨਾਸ਼ਾਹੀ ਤਾਕਤਾਂ। ਨੇਰੂਦਾ ਨੇ ਦੋਹਾਂ ਧਿਰਾਂ ਦੇ ਇਸ ਭਿਆਨਕ ਤੇ ਤਬਾਹ ਕਰੂ ਯੁੱਧ ਵਿਚ ਆਪਣਾ ਪਾਸਾ ਚੁਣ ਲਿਆ ਤੇ ਜਮਹੂਰੀ ਤਾਕਤਾਂ ਦਾ ਸਾਥ ਦੇਣਾ ਆਰੰਭ ਕਰ ਦਿੱਤਾ। ਇਹਨਾਂ ਵਰ੍ਹਿਆਂ ਵਿਚ ਸਪੇਨ ਤੇ ਯੂਰਪ ਵਿਚ ਫਾਸ਼ੀ ਤਾਕਤਾਂ ਜ਼ੋਰ ਫੜ ਰਹੀਆਂ ਸਨ। ਨੇਰੂਦਾ ਦੀ ਕਵਿਤਾ ਵਿਚ ਵੀ ਸਪੇਨ ਦੇ ਇਸ ਸੰਘਰਸ਼ ਕਾਰਨ ਵੱਡੀਆਂ ਤਬਦੀਲੀਆਂ ਵਾਪਰੀਆਂ। ਉਹ ਗੰਭੀਰ ਭਾਂਤ ਦੇ ਸਿਆਸੀ ਵਿਸ਼ਿਆਂ ਅਥਵਾ ਫਾਸ਼ੀਵਾਦੀ ਤਾਕਤਾਂ ਦੇ ਵਿਰੁੱਧ ਕਵਿਤਾਵਾਂ ਲਿਖਣ ਲੱਗਾ। ਫਾਸ਼ੀ ਧਿਰਾਂ ਹੱਥੋਂ ਲੋਰਕਾ ਦਾ ਕੀਤਾ ਕਤਲ ਨੇਰੂਦਾ ਲਈ ਤੇ ਸੰਸਾਰ ਦੇ ਹੋਰ ਲੋਕਾਂ ਲਈ ਦਿਲ-ਕੰਬਾਊ ਘਟਨਾ ਸੀ। ਹੁਣ ਨੇਰੂਦਾ ਸਪੱਸ਼ਟ ਭਾਂਤ ਲੋਕ-ਰਾਜੀ ਧਿਰਾਂ ਦੇ ਪੱਖ ਵਿਚ ਆਣ-ਖਲੋਤਾ ਤੇ ਉਸ ਨੇ ਆਪਣੇ ਅਹੁਦੇ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਨੇਰੂਦਾ ਦੀ ਸਮੁੱਚੀ ਕਵਿਤਾ ਵਿੱਚ ਸਪੇਨ ਦੇ ਗ੍ਰਹਿ ਯੁੱਧ ਬਾਰੇ ਲਿਖੀ ਰਚਨਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਦੌਰ ਦੀਆਂ ਕਵਿਤਾਵਾਂ ਦੁਨੀਆ ਦੀਆਂ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੀਆਂ ਹਨ। ਉਸ ਦੀਆਂ ਇਹ ਕਵਿਤਾਵਾਂ ਅੱਜ ਵੀ ਸਭ ਤੋਂ ਵੱਧ ਹਵਾਲੇ ਵਜੋਂ ਵਰਤੀਆਂ ਜਾਂਦੀਆਂ ਹਨ ਅਤੇ ਕੌਮਾਂਤਰੀ ਮਹੱਤਵ ਗ੍ਰਹਿਣ ਕਰ ਗਈਆਂ ਹਨ।

ਤੁਸੀਂ ਪੁੱਛੋਗੇ
ਤੇਰੀ ਕਵਿਤਾ ਸਾਨੂੰ ਨੀਂਦਰ ਬਾਰੇ
ਪੱਤਿਆਂ ਬਾਰੇ
ਤੇ ਆਪਣੀ ਧਰਤੀ ਦੇ ਜਵਾਲਾ ਮੁਖੀਆਂ ਬਾਰੇ
ਕਿਉਂ ਨਹੀਂ ਦੱਸਦੀ ?
ਆਓ ਤੇ ਵੇਖੋ ਗਲੀਆਂ ਵਿਚ ਲਹੂ ਨੂੰ
ਆਓ ਤੇ ਵੇਖੋ
ਗਲੀਆਂ ਵਿਚ ਲਹੂ
ਆਓ ਤੇ ਵੇਖੋ ਲਹੂ
ਗਲੀਆਂ ਵਿਚ ਵੀ।

ਬੱਚਿਆਂ ਹੱਥੋਂ ਜਨਸਧਾਰਨ ਦਾ ਡੋਲ੍ਹਿਆ ਗਿਆ ਇਹ ਲਹੂ ਨੇਰੂਦਾ ਦੀ ਕਵਿਤਾ ਵਿਚ ਘੁਲ ਮਿਲ ਕੇ ਅਪਾਰ ਸ਼ਕਤੀ ਤੇ ਪ੍ਰੇਰਨਾ ਦਾ ਅਖੁੱਟ ਸੋਮਾ ਬਣ ਗਿਆ ਸੀ।

ਹਰ ਸਵੇਰ
ਤੁਹਾਡੀਆਂ ਜ਼ਿੰਦਗੀਆਂ ਦੀ ਹਰ ਗੰਦੀ ਸਵੇਰ ਨੂੰ
ਤੁਸੀਂ ਇਹ ਲਹੂ ਆਪਣੇ ਮੇਜ਼ਾਂ 'ਤੇ ਭਾਫ਼ ਛੱਡਦਾ
ਤੇ ਸੜਦਾ ਵੇਖੋਗੇ
ਤੁਸੀਂ ਆਪਣੇ ਨਰਮ ਹੱਥਾਂ ਨਾਲ ਇਸ ਕਟੋਰੇ ਨੂੰ
ਪਰ੍ਹੇ ਧੱਕ ਦਿਉਗੇ



ਤਾਂ ਕਿ ਇਹ ਤੁਹਾਡੇ ਨਜ਼ਰੀਂ ਨਾ ਪਵੇ
ਰੋਟੀ ਤੇ ਅੰਗੂਰਾਂ ਦੇ ਵਿਚਕਾਰ
ਤੁਸੀਂ ਇਹਨੂੰ ਪਰ੍ਹੇ ਧੱਕ ਦਿਉਗੇ
ਖਾਮੋਸ਼ ਖ਼ੂਨ ਦਾ ਇਹ ਕਟੋਰਾ
ਪਰ ਹਰ ਸਵੇਰ,
ਇਹ ਉਥੇ ਹੀ ਹੋਵੇਗਾ

ਇਹਨਾਂ ਝੰਜੋੜਨ ਵਾਲੀਆਂ ਘਟਨਾਵਾਂ ਨੇ ਕੋਮਲ ਚਿਤ ਤੇ ਨੌਜਵਾਨਾਂ ਲਈ ਸੰਵੇਦਨਸ਼ੀਲ ਪਿਆਰ-ਕਵਿਤਾਵਾਂ ਲਿਖਣ ਵਾਲੇ ਕਵੀ ਨੂੰ ਇਕ ਵੱਖਰੇ ਹੀ ਮਾਰਗ 'ਤੇ ਤੋਰ, ਉਸ ਨੂੰ ਸੰਸਾਰ ਤੇ ਚਿੱਲੀ ਦੇ ਵਿਸ਼ਾਲ ਜਨਸਮੂਹ ਨਾਲ ਜੋੜ ਦਿੱਤਾ ਸੀ। ਸਪੇਨ ਤੋਂ ਵਾਪਸ ਆਪਣੇ ਦੇਸ਼ ਨੂੰ ਪਰਤ ਕੇ ਤੇ ਸਫ਼ਾਰਤਖਾਨੇ ਦੀ ਉੱਚੀ ਪਦਵੀ ਨੂੰ ਲੱਤ ਮਾਰ ਕੇ ਉਹ ਇਕ ਵੱਖਰੀ ਹੀ ਭਾਂਤ ਦਾ ਕਵੀ ਬਣ ਚੁੱਕਾ ਸੀ।

ਮੈਂ ਆਪਣੇ ਵਤਨ,
ਵੱਖਰੀਆਂ ਅੱਖਾਂ ਲੈ ਕੇ ਪਰਤਿਆ ਸੀ
ਜਿਹੜੀਆਂ ਜੰਗ ਨੇ
ਮੇਰੀਆਂ ਅੱਖਾਂ ਦੇ ਹੇਠ ਪਿਉਂਦ ਕਰ ਦਿੱਤੀਆਂ ਸਨ
ਦੂਸਰੀਆਂ ਅੱਖਾਂ ਧੂਣੀ ਵਿਚ ਬਲਦੀਆਂ ਸਨ।
ਜਿਹਨਾਂ ਉੱਤੇ, ਮੇਰੇ ਅੱਥਰੂਆਂ ਤੇ ਦੂਜਿਆਂ ਦੇ ਲਹੂ ਛਿੱਟੇ ਪਏ ਸਨ

ਵਾਪਸ ਚਿੱਲੀ ਪਰਤ ਨੇਰੂਦਾ ਆਪਣੇ ਦੇਸ਼ ਦੀ ਜਮਹੂਰੀ ਲਹਿਰ ਦਾ ਅੰਗ ਬਣ ਗਿਆ। ਉਹ ਚਿੱਲੀ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਤੇ ਬਾਅਦ ਵਿਚ ਪਾਰਟੀ ਵਲੋਂ ਪਾਰਲੀਮੈਂਟ ਦਾ ਸੈਨੇਟਰ ਚੁਣਿਆ ਗਿਆ। ਇਸ ਪਦਵੀ ਕਾਰਨ ਨੇਰੂਦਾ ਚਿੱਲੀ ਦੀ ਮਜ਼ਦੂਰ ਲਹਿਰ ਦਾ ਅੰਗ ਬਣ ਦੇਸ਼ ਦੇ ਦੂਰ ਦੁਰਾਡੇ ਹਿੱਸਿਆਂ ਤੀਕ ਗਿਆ ਤੇ ਉਸਦਾ ਨਾਤਾ ਆਮ ਲੋਕਾਂ ਨਾਲ ਜੁੜ ਗਿਆ। ਪਾਰਲੀਮੈਂਟ ਵਿਚ ਕੀਤੀਆਂ ਉਸ ਦੀਆਂ ਤਕਰੀਰਾਂ ਹਾਕਮਾਂ ਦੀ ਨੀਂਦ ਹਰਾਮ ਕਰਨ ਲੱਗੀਆਂ ਤੇ ਕਵੀ ਨੇਰੂਦਾ ਤਾਨਾਸ਼ਾਹ ਹਾਕਮਾਂ ਦੀਆਂ ਅੱਖਾਂ ਵਿਚ ਰੜਕਣ ਲੱਗਾ। ਉਸ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਹੋ ਗਏ। ਪਰ ਉਸ ਦੀ ਪਾਰਟੀ ਨੇ ਨੇਰੂਦਾ ਨੂੰ ਪਹਾੜੀ ਪਗਡੰਡੀਆਂ ਤੇ ਲੁਕਵੇਂ ਰਸਤੇ ਰਾਹੀਂ ਅਰਜਨਟਾਈਨਾ ਵਿਚ ਭੇਜ ਦਿੱਤਾ ਤੇ ਉਥੇ ਨੇਰੂਦਾ ਫਰਾਂਸ ਵਿਚ ਜਾ ਪ੍ਰਗਟ ਹੋਇਆ। ਜਿਥੇ ਪਿਕਾਸੋ ਵਰਗੇ ਚਿਤਰਕਾਰ ਮਿੱਤਰਾਂ ਨੇ ਉਸ ਨੂੰ ਹੱਥਾਂ 'ਤੇ ਚੁੱਕ ਲਿਆ। ਜਲਾਵਤਨ ਹੋਇਆ ਕਵੀ ਆਪਣੇ ਲੋਕਾਂ ਨਾਲੋਂ ਟੁੱਟਾ ਨਹੀਂ ਉਹ ਨਿਰੰਤਰ ਲਿਖਦਾ ਰਿਹਾ ਤੇ ਉਸ ਦੇ ਨਿੱਤ ਨਵੇਂ ਰਚੇ ਜਾ ਰਹੇ ਕਾਵਿ ਸੰਗ੍ਰਹਿ ਲੋਕਾਂ ਦੇ ਹੱਥਾਂ ਤੀਕ ਪਹੁੰਚਦੇ ਰਹੇ।

ਉਸਦੀ ਜਲਾਵਤਨੀ ਤਿੰਨ ਸਾਲਾਂ ਤੱਕ ਰਹੀ। ਇਹਨਾਂ ਵਰ੍ਹਿਆਂ ਵਿਚ ਨੇਰੂਦਾ ਨੇ ਸੰਸਾਰ ਦੇ ਤੇ ਖਾਸ ਕਰਕੇ ਯੂਰਪ ਦੇ ਕਈ ਦੇਸ਼ਾਂ ਦੀ ਯਾਤਰਾ ਕੀਤੀ ਤੇ ਹਰ ਦੇਸ਼ ਵਿੱਚ ਉਸ ਨੂੰ ਸਨਮਾਨਿਆ ਤੇ ਸਤਿਕਾਰਿਆ ਗਿਆ।

ਜਲਾਵਤਨੀ ਮੁੱਕਣ 'ਤੇ ਕਵੀ ਵਾਪਸ ਆਪਣੇ ਦੇਸ਼ ਪਰਤਿਆ। ਨਾਲ ਦੀ ਨਾਲ ਉਹ ਸੰਸਾਰ ਅਮਨ ਲਹਿਰ ਦਾ ਉੱਘਾ ਆਗੂ ਬਣ ਗਿਆ। ਅਮਨ ਲਹਿਰ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਾ ਉਹ 1950 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੂੰ ਮਿਲਣ ਦਿੱਲੀ ਆਇਆ, ਪਰ ਪੰਡਿਤ

ਨਹਿਰੂ ਨੇ ਅਮਨ ਲਹਿਰ ਪ੍ਰਤੀ ਕੋਈ ਉਤਸ਼ਾਹ ਜਨਕ ਹੁੰਗਾਰਾ ਨਾ ਭਰਿਆ ਤਾਂ ਕਵੀ ਨਿਰਾਸ਼ ਵਾਪਸ ਪਰਤ ਗਿਆ।

ਸਫੀਰ ਦੀਆਂ ਜ਼ੁੰਮੇਵਾਰੀਆਂ ਤੋਂ ਮੁਕਤ ਹੋ ਕੇ ਕਵੀ ਨੇਰੂਦਾ ਆਪਣੇ ਦੇਸ਼ ਦੇ ਮਸ਼ੱਕਤ ਕਰਦੇ ਕਾਮਿਆਂ, ਕਿਸਾਨਾਂ ਦੀ ਜਮਹੂਰੀ ਲਹਿਰ ਦੀ ਉਸਾਰੀ ਵਿਚ ਇਸ ਤਰ੍ਹਾਂ ਖੁਭ ਗਿਆ ਕਿ ਚਿੱਲੀ ਵਾਸੀਆਂ ਨੂੰ ਇੰਝ ਪ੍ਰਤੀਤ ਹੋਣ ਲੱਗਾ ਜਿਵੇਂ ਕਵੀ ਦਾ ਜਨਮ ਉਹਨਾਂ ਦੀ ਮੁਕਤੀ ਲਈ ਹੀ ਹੋਇਆ ਹੋਵੇ। ਉਹ ਉਹਨਾਂ ਦੀਆਂ ਜਿੱਤਾਂ, ਹਾਰਾਂ, ਸੰਘਰਸ਼ਾਂ ਨਾਲ ਇੰਝ ਇਕਮਿਕ ਹੋ ਗਿਆ ਕਿ ਜਨ ਸਾਧਾਰਨ ਨੂੰ ਕਵੀ ਨੇਰੂਦਾ ਘਰ ਦਾ ਜੰਮਿਆ—ਜਾਇਆ ਕੋਈ ਸਪੂਤ ਪ੍ਰਤੀਤ ਹੁੰਦਾ ਸੀ। ਜਨਵਰੀ 1946 ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੇ ਲੋਕ ਸਨਤਿਆਗੋ ਦੇ ਸ਼ਾਹੀ ਮਹੱਲ ਦੇ ਸਾਹਮਣੇ ਨਿਰਦਇਤਾ ਨਾਲ ਕਤਲ ਕਰ ਦਿੱਤੇ ਗਏ ਤਾਂ ਕਵੀ ਨੇ ਆਪਣੀ ਕਲਾਸਕ ਭਾਂਤ ਦੀ ਸਪ੍ਰਸਿੱਧ ਕਵਿਤਾ "ਚੌਕ ਵਿਚ ਸ਼ਹੀਦ" ਵਿਚ ਗੂੰਜਵੀ ਆਵਾਜ਼ ਨੂੰ ਸ਼ਬਦ ਪ੍ਰਦਾਨ ਕਰਦਿਆਂ ਲਿਖਿਆ ਸੀ।

ਸਾਡੇ ਇਹਨਾਂ ਮਰ ਗਿਆਂ ਦੇ ਨਾਂ ਤੇ
ਮੈਂ ਸਜ਼ਾ ਦੀ ਮੰਗ ਕਰਦਾ ਹਾਂ

ਇਹ ਜਿਹਨਾਂ ਨੇ ਸਾਡੀ ਪਿਤਾ-ਭੂਮੀ ਨੂੰ
ਲਹੂ ਵਿਚ ਡਬੋਇਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ
ਉਹ ਜਿਹਨਾਂ ਦੇ ਹੁਕਮ ਨਾਲ
ਇਹ ਜੁਰਮ ਕੀਤਾ ਗਿਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ
ਉਹ ਗੱਦਾਰ ਜੋ ਇਹਨਾਂ ਸਰੀਰਾਂ ਨੂੰ ਮਿੱਧ ਕੇ
ਤਾਕਤ ਦੀ ਪੌੜੀ ਚੜ੍ਹਿਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ।
ਉਹ ਜਿਹਨਾਂ ਬਖਸ਼ਣ ਹਾਰਿਆਂ ਨੇ
ਇਸ ਗੁਨਾਹ ਨੂੰ ਮੁਆਫ ਕਰ ਦਿੱਤਾ ਹੈ
ਮੈਂ ਸਜ਼ਾ ਦੀ ਮੰਗ ਕਰਦਾ ਹਾਂ।

ਨੇਰੂਦਾ ਨੇ ਆਪਣੀ ਸਮੁੱਚੀ ਕਾਵਿ-ਰਚਨਾ ਵਿਚ ਜਿਥੇ ਵੰਨ-ਸਵੰਨੇ ਅਥਵਾ ਬਹੁ-ਭਾਂਤੀ ਤਜਰਬਿਆਂ, ਅਨੁਭਵਾਂ ਨੂੰ ਕਲਮ ਬੰਦ ਕੀਤਾ ਹੈ, ਉਥੇ ਕਾਵਿ-ਸ਼ੈਲੀ ਵਿਚ ਵੀ ਅਨੇਕ ਪ੍ਰਯੋਗ ਕੀਤੇ ਹਨ। ਜਟਿਲ ਤੋਂ ਜਟਿਲ ਵਿਸ਼ਿਆਂ ਨੂੰ ਕਮਾਲ ਦੀ ਯੋਗਤਾ ਨਾਲ ਨਿਭਾਉਂਦੇ ਉਸ ਨੂੰ ਵੇਖਣਾ ਹੋਵੇ ਤਾਂ ਉਸ ਦੀ ਸੁਪ੍ਰਸਿੱਧ ਵਡੇਰੇ ਆਕਾਰ ਦੀ ਕਾਵਿ-ਰਚਨਾ "ਮਾਚੂ ਪਿਚੂ ਦੀਆਂ ਸਿਖਰਾਂ" ਵੇਖੀ ਜਾ ਸਕਦੀ ਹਾਂ। ਪਰ ਜੇ ਸਾਦਗੀ ਦੇ ਪੱਖੋਂ ਵੇਖਣਾ ਹੋਵੇ ਤਾਂ "ਕਪਤਾਨ ਦੀਆਂ ਕਵਿਤਾਵਾਂ" ਵੇਖਣ ਵਾਲੀ ਹੈ, ਜਿਸ ਵਿਚ ਆਪਣੀ ਪਤਨੀ ਨਾਲੋਂ ਤੋੜ- ਵਿਛੋੜੇ ਬਾਅਦ ਘਿਰਣਾ ਤੇ ਪਿਆਰ ਦੇ ਰਲੇ ਮਿਲੇ ਜਜ਼ਬਿਆਂ ਨੂੰ ਪ੍ਰਗਟਾਉਂਦਾ ਉਹ ਇੰਝ ਲਿਖ ਰਿਹਾ ਸੀ ਜਿਵੇਂ ਕੋਈ ਬਾਲ-ਸਾਹਿਤ ਵਰਗੀ ਸਾਦਗੀ ਨੂੰ ਸ਼ਬਦ ਦੇ ਰਿਹਾ ਹੋਵੇ। "ਕਪਤਾਨ ਦੀਆਂ ਕਵਿਤਾਵਾਂ" ਕਿਤਾਬ ਕਵੀ ਨੇ ਉਤੇ ਬਿਨਾਂ ਆਪਣਾ ਨਾਂ ਲਿਖੇ ਤੇ ਛਪਾਈ ਸੀ ਤੇ ਇਸ ਦੀਆਂ ਸੋਲਾਂ ਐਡੀਸ਼ਨਾਂ ਨੇਰੂਦਾ ਦੇ ਨਾਂ ਤੋਂ ਬਿਨਾਂ ਹੀ ਵਿਕ ਗਈਆਂ ਸਨ।



ਨੇਰੂਦਾ ਦਾ ਕਾਵਿ-ਸਫ਼ਰ ਜਟਿਲ ਕਵਿਤਾ ਤੋਂ ਸ਼ੁਰੂ ਹੋਇਆ ਸੀ, ਪਰ ਜਨ-ਜੀਵਨ ਨਾਲ ਜੁੜਨ ਕਾਰਨ, ਕਵੀ ਨੂੰ ਆਪਣੀ ਪਹਿਲੀ ਕਾਵਿ-ਸ਼ੈਲੀ ਸੁਚੇਤ ਹੋ ਕੇ ਤਿਆਗਣੀ ਪਈ ਸੀ। ਉਸ ਦਾ ਕਥਨ ਸੀ "ਸੌਖਾ ਲਿਖਣਾ ਮੇਰੇ ਲਈ ਸਭ ਤੋਂ ਔਖੇਰਾ ਕਾਰਜ ਰਿਹਾ ਹੈ।" ਆਪਣੀ ਕਾਵਿ-ਰਚਨਾ ਵਿਚ ਕਈ ਕਾਵਿ-ਪੰਗਤੀਆਂ ਰਾਹੀਂ ਕਵੀ ਨੇ ਸੌਖਾ ਲਿਖਣ ਲਈ ਕੀਤੇ ਲੋੜੀਂਦੇ ਆਪਣੇ ਅਭਿਆਸ, ਚੇਤੰਨਤਾ ਤੇ ਲੋੜ ਵੱਲ ਸੰਕੇਤ ਕੀਤੇ ਹਨ।

ਇਹ ਕਵਿਤਾਵਾਂ ਫਾਇਦੇਮੰਦ
ਤੇ ਕੰਮ ਆਉਣ ਦੇ ਕਾਬਲ ਹੋਣ
ਲੋਹੇ ਤੇ ਅਨਾਜ ਵਾਂਗ
ਜਿਹੜਾ ਹਲ ਦੇ ਫਾਲੇ ਵਾਂਗ
ਹੱਥਾਂ ਦੇ ਸੰਦਾਂ ਨੂੰ ਉਡੀਕਦਾ ਹੈ

ਸਪੱਸ਼ਟ ਹੈ ਕਿ ਜਦ ਕਵੀ ਦਾ ਕਲਾਤਮਕ ਮਨੋਰਥ ਬਦਲਦਾ ਹੈ, ਤਾਂ ਉਸ ਦੀ ਕਾਵਿ-ਸ਼ੈਲੀ ਵਿਚ ਵੀ ਪ੍ਰੀਵਰਤਨ ਆਉਣਾ ਸੁਭਾਵਕ ਹੈ। ਸੰਚਾਰ ਦੀ ਔਕੜ ਜੇ ਕਵੀ ਦੀ ਕਾਵਿ-ਕਿਰਤ ਨੂੰ ਪਾਠਕਾਂ ਤੀਕ ਠੀਕ ਭਾਂਤ ਸੰਚਾਰਤ ਨਹੀਂ ਹੋਣ ਦਿੰਦੀ, ਤਾਂ ਦੋਵਾਂ ਵਿਚ ਟਕਰਾਅ ਪੈਦਾ ਹੋਵੇਗਾ। ਜੇ ਕਵੀ ਚੰਦ ਬੁਧੀ ਜੀਵੀਆਂ ਲਈ ਜਾਂ ਸਿਰਫ ਆਤਮ-ਪ੍ਰਗਟਾਵੇ ਅਥਵਾ ਕਲਾ ਲਈ ਲਿਖਦਾ ਹੈ ਤਾਂ ਉਹ ਸੰਚਾਰ ਯੋਗਤਾ ਤੋਂ ਬੇਨਿਆਜ਼ ਹੋ ਜਾਵੇਗਾ। ਪਰ ਜਦੋਂ ਨੇਰੂਦਾ ਆਪਣੀ ਕਵਿਤਾ ਨੂੰ ਸਮਾਜਕ ਪ੍ਰੀਵਰਤਨ ਵਿਚ ਸਹਾਈ ਹੋਣ ਲਈ ਲਿਖਦਾ ਹੈ ਤਾਂ ਉਹ ਇਹ ਵੀ ਚਾਹੇਗਾ ਕਿ ਉਸ ਦੀ ਲਿਖੀ ਰਚਨਾ ਲੋਕਾਂ ਦੇ ਵਿਸ਼ਾਲ ਹਿਸਿਆਂ ਨੂੰ ਸਮਝ ਵੀ ਆਵੇ। ਏਸੇ ਲਈ ਉਸ ਲਿਖਿਆ ਸੀ।

ਸਾਦਗੀ!
ਮੇਰੇ ਨਾਲ ਹੋ
ਮੇਰੇ ਜਨਮ ਲੈਣ ਵਿਚ ਹੱਥ ਵਟਾ
ਮੈਨੂੰ ਦੁਬਾਰਾ ਸਿਖਾ ਕਿ ਗਾਉਣਾ ਕਿਵੇਂ ਹੈ
ਨੇਕੀ ਤੇ ਸੱਚ ਦਾ ਹੜ੍ਹ ਲਿਆ ਦੇ
ਤੇ ਬਲੌਰ ਵਰਗੀ ਸਵਤੰਤਰਤਾ

ਨੇਰੂਦਾ ਦੀ ਕਵਿਤਾ ਦਾ ਅਨੁਵਾਦ ਸੰਸਾਰ ਦੀਆਂ ਕਈ ਬੋਲੀਆਂ ਵਿਚ ਹੋਇਆ ਹੈ। ਆਪਣੇ ਅਨੁਵਾਦਕ ਅਲਾਸਤੈਰ ਰੀਡ ਨਾਲ ਗੁਫ਼ਤਗੂ ਕਰਦੇ ਹੋਏ ਉਸ ਆਖਿਆ ਸੀ, "ਸਿਰਫ ਮੇਰੀ ਕਵਿਤਾ ਦਾ ਅਨੁਵਾਦ ਹੀ ਨਾ ਕਰੋ, ਸਗੋਂ ਅਨੁਵਾਦ ਕਰਦੇ ਹੋਏ ਇਸ ਨੂੰ ਹੋਰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ।" ਚਿੱਲੀ ਦੇ ਜਨ-ਸਾਧਾਰਨ ਵਿਚ ਨੇਰੂਦਾ ਦੀ ਪ੍ਰਸਿੱਧੀ ਤੇ ਹਰਮਨ ਪਿਆਰਤਾ ਕਾਰਨ, ਚਿੱਲੀ ਦੀ ਕਮਿਊਨਿਸਟ ਪਾਰਟੀ ਨੇ ਕਵੀ ਨੂੰ 1969 ਵਿਚ ਰਾਸ਼ਟਰਪਤੀ ਦੀ ਚੋਣ ਲਈ ਆਪਣਾ ਉਮੀਦਵਾਰ ਨੀਯਤ ਕੀਤਾ। ਬਾਅਦ ਦੇ ਮਹੀਨਿਆਂ ਵਿਚ ਜਦੋਂ ਹੋਰ ਖੱਬੇ-ਪੱਖੀ ਪਾਰਟੀਆਂ ਵਿਚ ਸਾਂਝੇ ਉਮੀਦਵਾਰ ਲਈ ਸਹਿਮਤੀ ਹੋ ਗਈ ਤਾਂ ਨੇਰੂਦਾ ਨੇ ਪਾਰਟੀ ਦੇ ਕਹਿਣ 'ਤੇ, ਆਪਣਾ ਨਾਂ ਵਾਪਸ ਲੈ ਲਿਆ ਤੇ ਸਲਵਾਡੋਰ ਅਲੈਂਡੇ ਨੂੰ ਪ੍ਰਧਾਨਗੀ ਅਹੁਦੇ ਲਈ ਖੜ੍ਹਾ ਕੀਤਾ ਗਿਆ। ਕੌਮਿਊਨਿਸਟ ਰਾਸ਼ਟਰਪਤੀ ਦੀ ਜਿੱਤ ਤੋਂ ਬਾਅਦ ਕੀਤੇ ਜਾ ਰਹੇ ਆਰਥਿਕ ਸੁਧਾਰਾਂ ਤੋਂ ਬਦੇਸ਼ੀ ਕੰਪਨੀਆਂ ਕਰੋਧਿਤ ਹੋ ਉੱਠੀਆਂ ਤੇ ਉਹਨਾਂ ਸਰਕਾਰ ਵਿਰੁੱਧ ਸਾਜ਼ਸ਼ਾਂ ਆਰੰਭ ਕਰ ਦਿੱਤੀਆਂ।

ਨਵੀਂ ਸਰਕਾਰ ਬਣਨ ਬਾਅਦ ਨੇਰੂਦਾ ਨੂੰ ਫਰਾਂਸ ਵਿਚ ਸਫੀਰ ਦੇ ਅਹੁਦੇ 'ਤੇ ਨਿਯੁਕਤ ਕੀਤਾ

ਗਿਆ ਤੇ ਉਹ ਪੈਰਿਸ ਆ ਗਿਆ। ਪੈਰਿਸ ਜਿਥੇ ਉਸ ਆਪਣੀ ਜਲਾਵਤਨੀ ਦਾ ਵਧੇਰੇ ਸਮਾਂ ਬਤੀਤ ਕੀਤਾ ਸੀ, ਪੈਰਿਸ ਜਿਥੇ ਉਸ ਦੇ ਕਈ ਅਤਿ ਪਿਆਰੇ ਮਿੱਤਰਾਂ ਦਾ ਵਿਸ਼ਾਲ ਘੇਰਾ ਸੀ। ਏਥੇ ਹੀ 1971 ਵਿਚ ਉਸ ਨੂੰ ਵਿਸ਼ਵ ਦਾ ਸਭ ਤੋਂ ਸ੍ਰੇਸ਼ਟ ਇਨਾਮ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਸਵੀਡਨ ਦੀ ਅਕਾਡਮੀ ਨੇ ਪੁਰਸਕਾਰ ਦਿੰਦਿਆਂ ਨੇਰੂਦਾ ਦੇ ਮਾਣ-ਪੱਤਰ ਵਿਚ ਲਿਖਿਆ ਸੀ ਕਿ ਉਹ "ਲਿਤਾੜੇ ਹੋਏ ਮਨੁੱਖੀ ਗੌਰਵ ਦਾ ਕਵੀ ਹੈ" ਤੇ ਉਹ "ਮਹਾਦੀਪ ਦੇ ਸੁਪਨਿਆਂ ਤੇ ਹੋਣੀ ਨੂੰ ਜੀਉਂਦਿਆਂ ਕਰ ਦਿੰਦਾ ਹੈ।"

ਨੇਰੂਦਾ ਹੁਣ ਬੁੱਢਾ ਹੋ ਗਿਆ ਸੀ ਤੇ ਅਕਸਰ ਬੀਮਾਰ ਰਹਿੰਦਾ ਸੀ। ਸਫੀਰ ਦੇ ਅਹੁਦੇ ਉੱਤੇ ਤਿੰਨ ਸਾਲ ਕੱਟ, ਉਹ ਅਸਤੀਫਾ ਦੇ ਕੇ ਆਰਾਮ ਤੇ ਇਲਾਜ ਲਈ ਆਪਣੇ ਵਤਨ ਚਿੱਲੀ ਵਾਪਸ ਆ ਗਿਆ ਤੇ ਆਈਸਲਾ ਨੇਗਰਾ ਵਾਲੇ ਆਪਣੇ ਘਰ ਵਿਚ ਰਹਿਣ ਲੱਗਾ।

ਪਰ ਉਸ ਦੇ ਵਾਪਸ ਆਉਂਦਿਆਂ ਤੀਕ ਚਿੱਲੀ ਦੀ ਰਾਜਸੀ ਹਾਲਤ ਬਹੁਤ ਹੀ ਖਰਾਬ ਤੇ ਭਿਆਨਕ ਹੋ ਚੁੱਕੀ ਸੀ। ਇਹ ਸਥਿਤੀ ਪਿਛਾਖੜੀ ਤਾਕਤਾਂ ਨੂੰ ਅਮਰੀਕੀ ਸਾਮਰਾਜ ਵਲੋਂ ਮਿਲਦੀ ਸਹਾਇਤਾ, ਸ਼ਹਿ ਤੇ ਉਕਸਾਹਟ ਦਾ ਸਿੱਟਾ ਸੀ। ਨੇਰੂਦਾ ਦੇ ਅਨੁਸਾਰ,

"ਇਹ ਚਿੱਲੀ ਲਈ ਦਿਲ-ਹਿਲਾਉ ਘੜੀ ਹੈ। ਇਸ ਦਾ ਅਸਰ ਮੇਰੇ ਪੜ੍ਹਨ ਕਮਰੇ ਤੀਕ ਹੋ ਰਿਹਾ ਹੈ ਅਤੇ ਇਸ ਮਹਾਨ ਸੰਘਰਸ਼ ਵਿਚ ਸ਼ਾਮਲ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ।"

ਇਕ ਪਾਸੇ ਫਾਸ਼ੀ ਤਾਕਤਾਂ ਦੀਆਂ ਸਾਜ਼ਸ਼ਾਂ ਤੇ ਦੂਸਰੇ ਪਾਸੇ ਵਿਧਾਨਕ ਢੰਗ ਨਾਲ ਚੁਣੀ ਆਲੈਂਡੇ ਦੀ ਲੋਕਰਾਜੀ ਸਰਕਾਰ ਵਿਚਕਾਰ ਵਧਦੀ ਰਾਜਸੀ ਟੱਕਰ ਦੇ ਸਨਮੁੱਖ ਆਪਣੇ ਲੰਮੇ ਸੰਘਰਸ਼ਮਈ ਤਜਰਬੇ ਦੇ ਆਧਾਰ 'ਤੇ ਕਵੀ ਨੇ ਆਖਿਆ ਸੀ।

"ਜੋ ਕੁਝ ਹੋ ਰਿਹਾ ਹੈ ਇਹ ਬਿਨਾਂ ਬੰਬਾਂ ਤੇ ਬੰਦੂਕਾਂ ਦੀ ਵਰਤੋਂ ਤੋਂ ਵੀਤਨਾਮ ਵਰਗੀ ਸਥਿਤੀ ਹੈ।

...... ਐਪਰ ਉਂਝ ਚਿੱਲੀ ਦੇ ਵਿਰੁੱਧ ਅੰਦਰ ਤੇ ਬਾਹਰ ਹਰ ਹਥਿਆਰ ਵਰਤਿਆ ਜਾ ਰਿਹਾ ਹੈ। ਇਸ ਸਮੇਂ ਅਸੀਂ ਇਕ ਅਣ ਐਲਾਨੀ ਜੰਗ ਲੜ ਰਹੇ ਹਾਂ।"

ਕਵੀ ਨੇਰੂਦਾ ਦੇ ਪ੍ਰਗਟ ਕੀਤੇ ਇਹ ਤੌਖਲੇ ਗਲਤ ਨਹੀਂ ਸਨ। ਅਮਰੀਕਾ ਅਲੈਂਡੇ ਸਰਕਾਰ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਸੀ। ਕਿਉਂਕਿ ਚਿੱਲੀ ਵਿਚਲੀ ਉਸ ਦੀ ਆਰਥਿਕ ਲੁੱਟ ਤੇ ਰੋਕਾਂ ਲਾਈਆਂ ਜਾ ਰਹੀਆਂ ਸਨ। 11 ਸਤੰਬਰ 1973 ਨੂੰ ਫੌਜ ਨੇ ਬਗਾਵਤ ਕਰ ਦਿੱਤੀ ਤੇ ਰਾਸ਼ਟਰਪਤੀ ਦੇ ਨਿਵਾਸ ਅਸਥਾਨ 'ਤੇ ਹਮਲਾ ਕਰਕੇ ਆਲੈਂਡੇ ਨੂੰ ਕਤਲ ਕਰ ਦਿੱਤਾ ਗਿਆ। ਫੌਜੀ ਰਾਜ ਪਲਟੇ ਤੋਂ 13 ਦਿਨਾਂ ਬਾਅਦ 23 ਸਤੰਬਰ 1973 ਨੂੰ ਕਵੀ ਦੀ ਸਿਹਤ ਉੱਤੇ ਮਾਰੂ ਅਸਰ ਪਇਆ ਪ੍ਰਤੀਤ ਹੁੰਦਾ ਹੈ। ਸ਼ਾਇਦ ਕੋਈ ਹੋਰ ਕਵੀ ਆਪਣੇ ਦੇਸ਼ ਦੀ ਹੋਣੀ ਨਾਲ ਇਸ ਤਰ੍ਹਾਂ ਭਾਵੁਕ ਤੌਰ 'ਤੇ ਨਹੀਂ ਜੁੜਿਆ ਹੋਵੇਗਾ, ਜਿਵੇਂ ਪਾਬਲੋ ਨੇਰੂਦਾ ਆਪਣੇ ਦੇਸ਼ ਚਿੱਲੀ ਦੀ ਹੋਣੀ ਨਾਲ।

ਲੋਕਾਂ ਨੂੰ ਕਵੀ ਦੇ ਜਨਾਜ਼ੇ ਨਾਲ ਜਾਣ ਤੋਂ ਸਖਤੀ ਨਾਲ ਰੋਕਿਆ ਗਿਆ, ਪਰ ਫੌਜੀ ਦਹਿਸ਼ਤ ਤੇ ਦਮਨ ਦੇ ਬਾਵਜੂਦ ਨੇਰੂਦਾ-ਪ੍ਰੇਮੀ ਜਨ-ਸਾਧਾਰਨ ਆਪਣੇ ਮਹਿਬੂਬ ਕਵੀ ਨੂੰ ਅੰਤਮ ਵਿਦਾਈ ਦੇਣ ਲਈ, ਵਹੀਰਾਂ ਘੱਤ ਕੇ ਤੁਰ ਪਏ। ਫੌਜੀ ਰਾਜ ਦੇ ਵਿਰੁੱਧ ਇਹ ਪ੍ਰਦਰਸ਼ਨ ਪਹਿਲਾ ਰੋਸ-ਮੁਜ਼ਾਹਰਾ ਬਣ ਗਿਆ।

ਫੌਜੀ ਹਕੂਮਤ ਕਾਰਨ ਕਵੀ ਦੇ ਦੋਵਾਂ ਘਰਾਂ ਦੀ ਭੰਨ-ਤੋੜ ਕੀਤੀ ਗਈ ਤੇ ਕਵੀ ਦੇ ਪੁਸਤਕਾਲੇ ਦੀ ਵੀ ਲੁੱਟ ਮਾਰ ਕਰਨ ਦੇ ਨਾਲ ਨਾਲ ਲੋਕਾਂ ਨੂੰ ਇਹਨਾਂ ਘਰਾਂ ਦੇ ਦਰਸ਼ਨ ਕਰਨ 'ਤੇ ਪਾਬੰਦੀ ਲਾ



ਦਿੱਤੀ ਗਈ। ਪਰ ਨੇਰੂਦਾ ਦੇ ਪ੍ਰਸ਼ੰਸਕ ਘਰ ਦੀ ਚਾਰ ਦੀਵਾਰੀ ਨਾਲ ਲੱਗੇ ਰੁੱਖਾਂ ਦੇ ਤਣਿਆਂ ਉੱਤੇ ਆਪਣੇ ਪਿਆਰ ਸੁਨੇਹੇ, ਚਾਕ, ਰੰਗ, ਬਲੇਡ, ਚਾਕੂ ਤੇ ਸਿਆਹੀ ਨਾਲ ਲਿਖ ਕੇ ਪਰਤ ਜਾਂਦੇ ਰਹੇ। ਇਹ ਅਦਭੁਤ ਵਰਤਾਰਾ ਵੀ ਸ਼ਾਇਦ ਕਿਸੇ ਹੋਰ ਕਵੀ ਨਾਲ ਨਹੀਂ ਵਰਤਿਆ ਹੋਣਾ।

ਮੈਂ ਇਹ ਨਿਬੰਧ ਪਾਬਲੋ ਨੇਰੂਦਾ ਦੀ ਸਵੈ-ਜੀਵਨੀ ਵਿਚੋਂ ਕਵਿਤਾ ਸਬੰਧੀ ਕੀਤੀ ਗਈ ਇਕ ਟਿੱਪਣੀ ਨਾਲ ਸਮਾਪਤ ਕਰਦਾ ਹਾਂ।

"ਪਰ ਕਵਿਤਾ ਮਰ ਨਹੀਂ ਗਈ। ਬਿੱਲੀ ਵਾਂਗ ਇਹ ਨੌ ਜਨਮ ਲੈਂਦੀ ਹੈ। ਉਹ ਇਸ ਨੂੰ ਪ੍ਰੇਸ਼ਾਨ ਕਰਦੇ ਹਨ, ਇਸ ਨੂੰ ਗਲੀਆਂ ਵਿਚ ਦੀ ਧੂਹਦੇ ਹਨ, ਇਸ 'ਤੇ ਥੁੱਕਦੇ ਹਨ, ਇਸ ਨੂੰ ਆਪਣੀਆਂ ਟਿੱਚਰਾਂ ਦਾ ਨਿਸ਼ਾਨਾ ਬਣਾਉਂਦੇ ਹਨ, ਇਸ ਦਾ ਗਲਾ ਘੁੱਟਣ ਦਾ ਯਤਨ ਕਰਦੇ ਹਨ, ਦੇਸ਼-ਨਿਕਾਲੇ ਲਈ ਮਜਬੂਰ ਕਰਦੇ ਹਨ। ਇਸ ਨੂੰ ਜੇਲ੍ਹ ਵਿਚ ਸੁੱਟਦੇ ਹਨ ਤੇ ਇਸ ਦੇ ਦਿਲ ਵਿਚ ਸਿੱਕਾ ਠੋਕਦੇ ਹਨ। ਐਪਰ ਇਹ ਹਰ ਅਜਿਹੀ ਕੋਸ਼ਿਸ਼ ਵਿਚੋਂ ਚੌਲਾਂ ਦੀਆਂ ਕਣੀਆਂ ਵਾਂਗ ਚਿੱਟੀ ਮੁਸਕਾਨ ਤੇ ਸਾਫ ਚਿਹਰਾ ਲਈ ਬਚ ਨਿਕਲਦੀ ਹੈ।"

ਖ਼ੁਦ ਪਾਬਲੋ ਨੇਰੂਦਾ ਦੀ ਕਵਿਤਾ ਨਾਲ ਵੀ ਇੰਝ ਹੀ ਵਾਪਰਦਾ ਰਿਹਾ ਹੈ। ਏਸੇ ਕਾਰਨ ਇਹ ਸਾਡੇ ਆਪਣੇ ਹੀ ਦਰਦ ਦੀ ਗਾਥਾ ਪ੍ਰਤੀਤ ਹੁੰਦੀ ਹੈ, ਆਪਣੀ ਹੀ ਵੇਦਨਾ ਦੀ ਪ੍ਰਮਾਣਕ ਦਸਤਾਵੇਜ਼। ਅਜਿਹੀ ਕਵਿਤਾ ਮਰਦੀ ਨਹੀਂ ਹੁੰਦੀ ਤੇ ਨਾ ਭੁਲਾਇਆਂ ਹੀ ਭੁਲਦੀ ਹੈ।

ਇਹ ਹਮੇਸ਼ਾ ਜਿਉਂਦੀ ਜਾਗਦੀ ਰਹਿੰਦੀ ਹੈ।

ਨੇਰੂਦਾ ਦੀ ਕਵਿਤਾ ਦਰਿਆਵਾਂ, ਸਮੁੰਦਰਾਂ, ਮਹਾਦੀਪਾਂ ਦੀ ਬਿਖੜੀ ਯਾਤਰਾ ਬਾਅਦ ਸਾਡੇ ਤੀਕ ਪੁੱਜਦੀ ਹੈ ਤੇ ਹੌਲੀ ਹੌਲੀ, ਸਾਡੀ ਚੇਤਨਾ, ਸਾਡੀ ਭਾਸ਼ਾ ਤੇ ਸਾਡੇ ਅਨੁਭਵ ਨੂੰ ਪ੍ਰਭਾਵਤ ਕਰਦੀ, ਸਾਡੀ ਸੰਗੀ-ਸਾਥੀ ਬਣ ਜਾਂਦੀ ਹੈ। ਇਸ ਸਫਰ ਦੌਰਾਨ ਭਾਸ਼ਾਵਾਂ ਦੇ ਅੰਤਰ ਤੇ ਭੂਗੋਲਿਕ ਹੱਦਾਂ ਰੁਕਾਵਟ ਨਹੀਂ ਬਣਦੀਆਂ, ਜਾਂ ਬਣੀਆਂ ਰਹਿ ਸਕਦੀਆਂ।

ਅਜਿਹੀ ਕਵਿਤਾ ਨਾਲ ਨੇੜੇ ਦੀ ਸਾਂਝ ਪਾਉਣੀ ਇਕ ਵਰਦਾਨ ਤੋਂ ਘੱਟ ਨਹੀਂ ਹੁੰਦਾ।

❖ ❖ ❖

## ਸੁਪਨੇ ਸਿਰਜਦਾ

ਅੱਜ ਜੋ ਕੁਝ ਮੈਂ ਦੱਸਦਾ ਹਾਂ
ਤੁਹਾਨੂੰ ਉਸ ਉੱਤੇ ਇਤਬਾਰ ਹੈ।
ਕੱਲ੍ਹ ਨੂੰ ਤੁਸੀਂ ਰੌਸ਼ਨੀ
ਤੋਂ ਮੁਨਕਰ ਹੋ ਜਾਉਗੇ

ਮੈਂ ਉਹ ਆਦਮੀ ਹਾਂ
ਜੋ ਸੁਪਨੇ ਸਿਰਜਦਾ ਰਹਿੰਦਾ ਹਾਂ
ਤੇ ਆਪਣੇ ਖੰਭ ਤੇ ਪੱਥਰ ਦੇ ਘਰ ਵਿਚ

ਚਾਕੂ ਤੇ ਘੜੀ ਲੈ ਕੇ
ਮੈਂ ਬੱਦਲਾਂ ਤੇ ਲਹਿਰਾਂ ਨੂੰ ਕੱਟਦਾ ਹਾਂ

ਤੇ ਇਹਨਾਂ ਸਾਰੇ ਤੱਤਾਂ ਨਾਲ
ਮੈਂ ਆਪਣੀ ਹੱਥ-ਲਿਖਤ ਨੂੰ ਸੰਵਾਰਦਾ ਹਾਂ
ਤੇ ਮੈਂ ਚੁੱਪ-ਚਾਪ ਉਹਨਾਂ ਚੀਜ਼ਾਂ ਨੂੰ
ਉੱਗਣ ਦਿੰਦਾ ਹਾਂ,
ਜੋ ਅੱਜ ਤੀਕਰ ਜਨਮ ਲੈਣ ਜੋਗੀਆਂ ਨਹੀਂ ਸਨ

ਉਹਨਾਂ ਕੋਲੋਂ ਮੈਂ ਆਸ ਰੱਖਦਾ ਹਾਂ
ਕਿ ਉਹ ਤੈਨੂੰ ਪਿਆਰ ਕਰਨ,
ਤੇ ਤੇਰੇ ਕੋਲੋਂ ਆਸ ਰੱਖਦਾ ਹਾਂ
ਕਿ ਮੌਤ ਦੀ ਪ੍ਰਵਾਹ ਨਾ ਕਰੀਂ।

## 1. ਕਿਹੜੇ ਦਿਨ ਮੈਂ ਵਤਨ ਮੁੜਾਂਗਾ ?

ਮੇਰੀ ਚਿੱਲੀ !
ਸਾਗਰ, ਵਾਈਨ, ਬਰਫ਼ ਦੀ
ਲੰਮੀ ਫੁੱਲ--ਪੱਤੀਏ
ਕਦੋਂ ?
ਪਰ ਕਦੋਂ ?
ਕਦੋਂ ਕਿਸ ਵੇਲੇ ?
ਆਪਨੜੇ ਮੈਂ ਵਤਨ ਮੁੜਾਂਗਾ ?

ਤੇਰੀ ਕਾਲੀ-ਚਿੱਟੀ ਝੰਗ ਦਾ ਪਟਕਾ
ਮੈਨੂੰ ਲੱਕ ਤੀਕ ਲਪੇਟ ਲਵੇਗਾ
ਮੇਰੀ ਕਵਿਤਾ
ਤੇਰੀ ਧਰਤੀ 'ਤੇ ਹੜ੍ਹ ਵਾਂਗੂ ਫੈਲ ਜਾਏਗੀ।

ਦੇਸ਼-ਵਾਸੀਓ!
ਸੱਚੀ ਦੱਸਿਓ
ਕੀ ਬਹਾਰ ਦੀ ਰੁੱਤੇ
ਮੇਰਾ ਨਾਂ
ਤੁਹਾਡੇ ਕੰਨਾਂ ਵਿਚ ਗੂੰਜਦਾ ਹੁੰਦਾ ?
ਕੀ ਤੁਸੀਂ ਪਛਾਣਦੇ ਹੋ
ਜਦੋਂ ਮੈਂ ਤੁਹਾਡੇ ਬੂਹੇ ਅੱਗੋਂ ਦੀ
ਦਰਿਆ ਬਣ ਕੇ ਵਗਦਾ ਹਾਂ।

ਮੈਂ ਦਰਿਆ ਹਾਂ
ਜੇ ਤੁਸੀਂ ਅੱਟੋਫਗਾਸਟਾਂ ਦੀਆਂ ਖਾਣਾਂ
ਤੇ ਓਸੋਰਨੋ ਦੀ ਦੱਖਣੀ ਬਾਹੀ
ਜਾਂ 'ਮੇਲੀ ਪਿਲਾ' ਦੀ
ਪ੍ਰਬਤ-ਮਾਲਾ ਦੇ ਹੇਠ,
ਜਾਂ 'ਤੇਮੂਕਾ' ਵਿਚ ਰਾਤ ਨੂੰ
ਤ੍ਰੇਲ-ਭਿੱਜੇ ਸਿਤਾਰਿਆਂ
ਤੇ ਲਾਰਲ ਦੀ ਸਦਾ-ਬਹਾਰ-ਬੂਟੀ
ਦੀਆਂ ਫੁੱਲ-ਪੱਤੀਆਂ ਦੀ ਸਰਸਰਾਹਟ ਸੁਣੋ
ਤੇ ਧਰਤੀ 'ਤੇ ਕੰਨ ਲਾ ਕੇ ਵੇਖਿਓ
ਪਾਣੀ ਵਿਚ ਭਿੱਜਿਆ, ਗਾਉਂਦਾ,
ਤੇ ਵਗਦਾ ਹੋਇਆ ਸੁਣ ਲਵੋਗੇ।

ਹੇ ਅਕਤੂਬਰ ਬਹਾਰ ਦੀ ਰੁੱਤੇ।
ਮੈਨੂੰ ਆਪਣੇ ਲੋਕਾਂ ਵਿਚ ਵਿਚਰਨ ਦੀ
ਆਗਿਆ ਦੇ ਦੇ।

ਮੈਂ ਉਸ ਵੇਲੇ ਕੀ ਕਰਾਂ
ਜਦ ਆਪਣੇ ਦੇਸ਼ ਦੇ ਮਰਦਾਂ ਤੇ ਤੀਵੀਆਂ ਨੂੰ
ਤੱਕ ਨਹੀਂ ਸਕਦਾ।
ਜੇ ਮੈਂ ਆਪਣੇ ਹਿੱਸੇ ਦੀ
ਆਸ-ਉਮੀਦ ਆਪਣੇ ਮੋਢਿਆਂ 'ਤੇ
ਨਹੀਂ ਚੁੱਕਦਾ।
ਜੇ ਮੈਂ ਉਹ ਝੰਡਾ ਲੈ ਕੇ
ਨਹੀਂ ਤੁਰ ਸਕਦਾ
ਜੋ ਮੇਰੇ ਹੱਥਾਂ ਤੀਕ ਪੁੱਜਣ ਲਈ
ਸਾਡੇ ਲੰਮੇ ਸੰਘਰਸ਼ ਵਿਚ
ਹੱਥੋ ਹੱਥੀ ਅੱਗੇ ਫੜਾਇਆ ਗਿਆ ਸੀ

ਹੇ ਮੇਰੀ ਪਿਤਰੀ ਜਨਮ-ਭੂਮੀ
ਕਦੋਂ
ਪਰ ਕਦੋਂ ?
ਤੇ ਕਿਹੜੇ ਸ਼ੁਭ ਵਾਰ-ਦਿਹਾੜੇ
ਮੈਂ ਫਿਰ ਆਪਣੇ ਵਤਨ ਮੁੜਾਂਗਾ ?
ਤੇਰਾ ਪੁਤਰ
ਤੇਰਾ ਟੁਕੜਾ
ਦੂਰ-ਦੁਰਾਡੇ ਬੈਠਾ ਵੀ ਮੈਂ
ਤੇਰਾ ਹਾਂ।
ਵੇਖ ਮੈਂ ਤੇਰੇ ਸਾਰੇ ਫੁੱਲ
ਆਪਣੇ ਗਲ ਵਿਚ ਪਾਏ।
ਮੱਥੇ ਉੱਤੇ ਤੇਰੀ ਜਿੱਤ ਦੇ ਮੁਕਟ ਸਜਾਏ
ਅੱਜ ਵੀ ਮੇਰੀਆਂ ਜੜ੍ਹਾਂ ਤੇਰੀ ਹਨ



ਮਿੱਟੀ ਅੰਦਰ ਖੁਭੀਆਂ ਹੋਈਆਂ।
ਮੈਨੂੰ ਦੱਸੀਂ
ਕਿਸ ਦਿਨ ਹਰਿਆ ਸ਼ਾਂਤ-ਸਮੁੰਦਰ
ਮੈਨੂੰ ਸੁਪਨੇ ਵਿਚੋਂ ਆਣ ਜਗਾਵੇਗਾ

ਚੋਣਾਂ ਵੇਲੇ
ਘਰ ਘਰ ਜਾ ਕੇ
ਡਰੇ-ਨਿਤਾਣੇ ਲੋਕਾਂ ਨੂੰ ਖਿੱਚ
ਬਾਹਰ ਲਿਆਵਾਂਗੇ।
ਨਿਰਭੈ ਹੋ ਕੇ
ਗਲੀਆਂ ਵਿਚ ਖਲੋ ਕੇ ਆਪਾਂ
ਕਿਸ ਪਲ ਨਾਹਰੇ ਲਾਵਾਂਗੇ।

ਮੇਰੀ ਧਰਤੀ
ਕਿਸ ਦਿਨ ਆਪਾਂ ਸ਼ਗਨ ਮਨਾਵਾਂਗੇ
ਕਿਸ ਦਿਨ ਭੁੱਖੇ ਅਣ-ਗਿਣ ਬੱਚੇ
ਇਸ ਧਰਤੀ ਨੂੰ ਆਪਣੇ ਆਪਣੇ ਨਾਮ ਕਰਨਗੇ।
ਕਿਹੜੇ ਵਾਰ ਪਿਆਰੀ ਧਰਤੀ
ਪਿੰਡੇ ਸੁਹਣੇ ਕੱਪੜੇ ਪਾ ਕੇ
ਰੁੱਤ ਸੁਭਾਗੀ
ਤੇਰੀਆਂ ਬਾਹਵਾਂ ਵਿਚ ਆਪਣੀਆਂ ਅੱਖਾਂ ਖੋਲ੍ਹਾਂ।
ਕੱਪੜਿਆਂ ਤੇ ਸਾਗਰ-ਛਿੱਟੇ
ਤ੍ਰੇਲਾਂ-ਭਿਜਿਆ
ਕਿਸ ਦਿਨ ਤੇਰੇ ਵਿਚ ਖੜਾਂਗਾ ?
ਕਿਹੜੀ ਰੁੱਤ ਘੁਟ ਗਲਵਕੜੀ ਪਾਵਾਂ ?
ਨਾ ਕੋਈ ਕੈਰੀ ਅੱਖ ਤੱਕੇਗਾ
ਗੀਤਾਂ ਨਾਲ ਮੈਂ ਤੇਰੀ ਰਾਖੀ
ਖ਼ੁਦ ਕਰਾਂਗਾ।

ਸੱਚੀ ਦੱਸੀਂ
ਕਿਸ ਦਿਨ ਮੇਰੇ ਨਾਲ ਤੁਰੇਂਗੀ ?
ਚਾਈਂ ਚਾਈਂ
ਤੇਰੀਆਂ ਹੋਵਣ
ਦੂਰ ਬਲਾਈਂ! ◊◊◊

## 2. ਚੌਂਕ ਵਿਚ ਮਾਰੇ ਗਿਆ ਦੇ ਨਾਂ

(1)

ਜਿੱਥੇ ਉਹ ਡਿੱਗੇ ਸਨ,
ਮੈਂ ਉਸ ਥਾਂ 'ਤੇ ਵਿਰਲਾਪ ਕਰਨ ਨਹੀਂ ਆਇਆ
ਜਿਹੜੇ ਅਜੇ ਜੀਉਂਦੇ ਨੇ
ਮੈਂ ਉਹਨਾਂ ਨਾਲ ਗੁਫ਼ਤਗੂ ਕਰਨ ਆਇਆ ਹਾਂ
ਮੇਰੇ ਸ਼ਬਦ ਤੁਹਾਨੂੰ
ਤੇ ਆਪਣੇ ਆਪ ਨੂੰ ਸੰਬੋਧਨ ਨੇ।

ਕਿੰਨੇ ਹੋਰ ਲੋਕ ਪਹਿਲਾਂ ਵੀ ਮਰ ਚੁੱਕੇ ਨੇ
ਕੀ ਤੁਹਾਨੂੰ ਯਾਦ ਨੇ ?
ਹਾਂ, ਤੁਹਾਨੂੰ ਯਾਦ ਨੇ
ਜੋ ਇਹਨਾਂ ਵਰਗੇ ਤੇ ਤੁਹਾਡੇ ਵਰਗੇ
ਇੱਕੋ ਹੀ ਖਾਨਦਾਨੀ-ਨਾਵਾਂ ਵਾਲੇ ਸਨ।

ਸਾਨ-ਗਰੀ ਗੋਰੀਓ ਤੇ ਲਾਕਿਊਮੇ ਦੀਆਂ ਮੀਂਹ ਵਾਲੀਆਂ ਥਾਵਾਂ ਵਿਚ
ਰੈਂਕੁਇਲ ਦੀ ਤੇਜ਼ ਹਵਾ ਨਾਲ ਉਜਾੜੀ ਧਰਤੀ ਤੇ

ਉਡਦੀ ਰੇਤ ਵਿਚ ਅਰਧ-ਦਫ਼ਨਾਏ
ਤੇ ਇਕੂਇਕੀ ਦੇ ਗਲ-ਘੁੱਟੂ ਮਾਰੂਥਲ ਵਿਚ
ਸਮੁੰਦਰ ਤੇ ਰੇਤ-ਥਲ ਦੇ ਕੰਢੇ ਕੰਢੇ
ਧੂੰਏਂ ਦੀ ਤੇ ਮੀਂਹ ਦੀ ਲਕੀਰ ਦੇ ਮਗਰ ਮਗਰ ਤੁਰਦੇ
ਉੱਚੇ ਪੰਪਾ ਪਹਾੜਾਂ ਤੋਂ ਟਾਪੂ ਸਮੂਹਾਂ ਤੀਕ
ਐਨਟੋਨੀਓ ਵਰਗੇ ਤੇ ਤੁਹਾਡੇ ਨਾਵਾਂ ਵਰਗੇ
ਹੋਰ ਕਿੰਨੇ ਦੂਸਰੇ ਲੋਕ
ਮਾਹੀਗੀਰ, ਤਰਖਾਣ ਤੇ ਤੁਹਾਡੇ ਵਰਗੀਆਂ
ਨੌਕਰੀਆਂ ਕਰਦੇ ਕਿੰਨੇ ਲੋਕ
ਕਤਲ ਕੀਤੇ ਗਏ ਹਨ।

ਲੋਕ ਜੋ ਚਿੱਲੀ ਦੇ ਜੰਮੇ ਜਾਏ ਸਨ,
ਪੰਪਾ ਦੀਆਂ ਹਵਾਵਾਂ ਦੇ ਝੰਬੇ ਭਿਆਨਕ ਚਿਹਰੇ
ਜਿਹਨਾ ਉੱਤੇ ਦਰਦ ਦੇ ਦਸਤਖ਼ਤ ਉਕਰੇ ਹੋਏ ਸਨ।

(2)

ਪਿਤਾ ਭੂਮੀ ਦੀਆਂ ਸਰਹੱਦਾਂ ਦੇ ਨਾਲ ਨਾਲ,
ਸ਼ੀਸ਼ੇ ਵਾਂਗ ਅੱਖਾਂ-ਚੁੰਧਿਆਉਂਦੀ ਬਰਫ ਦੇ ਕਿਨਾਰੇ ਤੀਕ
ਹਰੀਆਂ ਟਾਹਣੀਆਂ ਵਾਲੇ ਦਰਿਆਵਾਂ
ਦੇ ਭੰਵਰ-ਜਾਲ ਹੇਠ ਲੁਕੇ
ਸ਼ੋਰੇ ਦੇ ਥੱਲੇ
ਫੁੱਟ ਰਹੇ ਬੀਜ ਹੇਠ
ਮੈਂ ਆਪਣੇ ਲੋਕਾਂ ਦੇ ਜੰਮ-ਚੁੱਕੇ ਲਹੂ ਦੇ
ਤੁਪਕੇ ਵੇਖੇ ਨੇ
ਤੇ ਹਰ ਤੁਪਕਾ ਅੱਗ ਵਾਂਗ ਬਲਦਾ ਸੀ।

(3)

ਉਸ ਵੇਲੇ ਤੀਕ ਲਹੂ ਹਮੇਸ਼ਾ
ਜੜ੍ਹਾਂ ਵਿਚ ਲੁਕਿਆ ਰਹਿੰਦਾ ਸੀ
ਸਦਾ ਹੀ ਰੁੜ੍ਹ ਜਾਂਦਾ ਤੇ
ਭੁੱਲ ਜਾਂਦਾ ਸੀ (ਇਹ ਕਿੰਨਾ ਦੂਰ ਸੀ)
ਦੱਖਣ ਦੀ ਬਾਰਸ਼ ਇਸ ਨੂੰ ਧਰਤੀ ਵਿਚ
ਸਮੋਅ ਲੈਂਦੀ ਸੀ।
(ਬਹੁਤ ਦੇਰ ਦੀ ਗੱਲ ਸੀ)
ਜਾਂ ਸ਼ੋਰਾ ਇਸ ਨੂੰ ਖਾ ਜਾਂਦਾ ਸੀ
ਜਦੋਂ ਇਹ ਪੰਪਾ ਉੱਤੇ ਡਿੱਗਦਾ ਸੀ
ਤੇ ਲੋਕਾਂ ਦੀ ਮੌਤ ਉਸੇ ਤਰ੍ਹਾਂ ਦੀ ਸੀ,
ਜਿਵੇਂ ਕਿ ਅਕਸਰ ਹੁੰਦੀ ਸੀ



ਜਿਵੇਂ ਪਥਰੀਲੀ ਧਰਤੀ 'ਤੇ ਪੱਥਰ ਡਿੱਗਦੇ ਨੇ
ਪਾਣੀ ਉੱਤੇ ਜਿਵੇਂ ਪਾਣੀ ਡੁੱਲ੍ਹਦਾ ਹੈ।
ਉੱਤਰ ਤੋਂ ਦੱਖਣ ਤੀਕ
ਜਿਥੇ ਕਿਤੇ ਵੀ,
ਮੁਰਦਿਆਂ ਨੂੰ ਸਾੜਿਆ ਜਾਂ ਟੁਕੜੇ ਕਰਕੇ
ਪੀਠਾ ਜਾਂਦਾ ਸੀ,
ਉਹ ਸਦਾ ਹੀ ਸੰਘਣੇ ਹਨੇਰੇ ਵਿਚ ਦਫਨਾਏ ਜਾਂਦੇ ਸਨ
ਜਾਂ ਲਾਸ਼ਾਂ ਦਾ ਢੇਰ ਲਾ ਦਿੱਤਾ ਜਾਂਦਾ ਸੀ
ਉਹਨਾਂ ਨੂੰ ਅੱਧੀ ਰਾਤ ਨੂੰ ਚੁੱਪ ਚਾਪ ਜਲਾਇਆ ਜਾਂਦਾ
ਤੇ ਉਹਨਾਂ ਦੀ ਰਾਖ ਨੂੰ ਸਮੁੰਦਰ ਵਿਚ ਸੁੱਟ ਦਿੱਤਾ ਜਾਂਦਾ ਸੀ।
ਕਿਸੇ ਨੂੰ ਖ਼ਬਰ ਨਹੀਂ ਉਹ ਕਿੱਥੇ ਹਨ
ਉਹਨਾਂ ਦੀ ਕੋਈ ਕਬਰ ਨਹੀਂ
ਕੌਮ ਦੀਆਂ ਡੂੰਘੀਆਂ ਜੜ੍ਹਾਂ ਨੇ,
ਉਹਨਾਂ ਦੀਆਂ ਸ਼ਹੀਦ ਹੋਈਆਂ ਉਂਗਲਾਂ
ਤੇ ਫਟੇ ਦਿਲਾਂ ਨੂੰ ਉਲਝਾ ਦਿੱਤਾ ਹੈ।
ਹੇ ਚਿੱਲੀ ਦੇ ਹਾਸੇ!
ਪੰਮਪਾ ਦੀ ਦ੍ਰਿੜ ਰੂਹ
ਚੁੱਪ ਚੋਂ ਆਉਂਦੀ ਆਵਾਜ਼
ਕੋਈ ਵੀ ਜੀਉਂਦਾ ਮਨੁੱਖ ਨਹੀਂ ਜਾਣਦਾ
ਕਿ ਤੁਹਾਡੀ ਯਾਦ-ਸ਼ਕਤੀ ਵਿਚੋਂ
ਕਾਤਲ ਕਿੱਥੇ ਲੁਕ ਗਏ ਨੇ
ਐਪਰ ਜਦੋਂ ਇਕ ਦਿਨ ਕਦੇ ਕੌਮ ਜਾਗੇਗੀ
ਤੁਸੀਂ ਧਰਤੀ ਚੋਂ ਬਾਹਰ ਨਿਕਲ
ਆਪਣੇ ਗਵਾਚੇ ਲਹੂ ਨੂੰ ਲੱਭ ਲਵੋਗੇ।

(4)

ਇਹ ਜੁਰਮ ਐਨ ਚੌਕ ਦੇ ਵਿਚਕਾਰ ਕੀਤਾ ਗਿਆ ਸੀ
ਇਹ ਬੇਗੁਨਾਹ ਲਹੂ ਜੰਗਲ ਵਿਚ ਨਹੀਂ ਸੀ ਡੋਲ੍ਹਿਆ ਗਿਆ
ਨਾ ਹੀ ਪੰਮਪਾ ਦੀ ਪਿਆਸੀ ਰੇਤ ਵਿਚ
ਕਿਸੇ ਨੇ ਇਸ 'ਤੇ ਪਰਦਾ ਪਾਉਣ ਦਾ ਯਤਨ ਨਹੀਂ ਕੀਤਾ
ਇਹ ਕੁਕਰਮ ਦੇਸ਼ ਦੇ ਐਨ ਹਿਰਦੇ ਵਿਚ ਕੀਤਾ ਗਿਆ ਸੀ।

(5)

ਇੱਕ ਵਾਰ ਮੈਂ ਸ਼ੋਰੇ ਵਾਲੇ ਇਲਾਕੇ ਵਿਚ,
ਅਣ ਜਾਣੇ ਸੂਰਮਿਆਂ ਨਾਲ ਸੀ
ਜਿਹੜੇ ਪਾਊਡਰ ਵਰਗੀ ਉਪਜਾਊ ਬਰਫ
ਨੂੰ ਉਪ ਗ੍ਰਹਿ ਦੀ ਸਖਤ ਤਹਿ ਵਿਚੋਂ ਪੁੱਟਦੇ ਨੇ

ਮੈਂ ਵੱਡੀ ਹੜਤਾਲ ਵੇਲੇ ਉਹਨਾਂ ਨਾਲ ਸੀ
ਮੈਨੂੰ ਮਟਿਆਲੇ ਹੱਥਾਂ ਦੀ ਸਖਤ ਤੇ ਮਾਣ ਭਰੀ
ਵੱਜਦੀ ਤਾੜੀ ਯਾਦ ਹੈ
ਉਹਨਾਂ ਮੈਨੂੰ ਕਿਹਾ ਸੀ,
ਵੇਖ ਲੈ ਭਰਾਵਾ
ਅਸੀਂ ਏਥੇ ਹੰਬਰ ਸਟੋਨ, ਮਾਪੋਚੋ
ਰੀਕਾਰ ਵਨਤੂਰਾ, ਪਾਲੋਮਾ, ਪਾਨ-ਡੇ ਆਜ਼ੂਕਾਰ
ਤੇ ਪਿਆਓ ਜ਼ਿਲੇ ਵਿਚ,
ਕਿਵੇਂ ਰਹਿੰਦੇ ਹਾਂ
ਉਹਨਾਂ ਮੈਨੂੰ ਉਹ ਜ਼ਲੀਲ ਜੜ੍ਹਾਂ ਚਿੱਥ ਕੇ ਵਿਖਾਈਆਂ
ਜਿਹੜੀਆਂ ਉਹਨਾਂ ਨੂੰ ਖੁਰਾਕ ਦਿੰਦੀਆਂ ਨੇ
ਉਹਨਾਂ ਉਹ ਮਿਟੀ ਵਿਖਾਈ, ਜੋ ਉਹਨਾਂ ਦੇ ਘਰਾਂ ਦਾ ਫਰਸ਼ ਬਣਦੀ ਹੈ
ਗਰਮੀ ਘੱਟਾ ਤੇ ਪਿੱਸੂ
ਤੇ ਉਹ ਅੰਤ-ਹੀਣ ਵੀਰਾਨੀ
ਜੋ ਉਹਨਾਂ ਦਾ ਜੀਵਨ ਹੈ।
ਮੈਂ ਮਿੱਟੀ ਪੁੱਟਦੇ ਮਜ਼ਦੂਰ ਵੇਖੇ
ਜੋ ਕੰਮ ਕਰਦੇ ਮੁੜ੍ਹਕੋ ਮੁੜ੍ਹਕੀ ਹੋਏ ਪਏ ਸਨ
ਤੇ ਤੱਕਿਆ ਕਿ ਕਿਵੇਂ
ਉਹਨਾਂ ਦੇ ਬੇਲਚਿਆਂ ਦੇ ਲੱਕੜੀ ਦੇ ਦਸਤਿਆਂ
ਉਤੇ ਹੱਥਾਂ ਦੇ ਨਿਸ਼ਾਨ ਉੱਕਰੇ ਹੋਏ ਸਨ
ਤੇ ਮੈਂ ਇੱਕ ਆਵਾਜ਼ ਨੂੰ ਸੁਣਿਆ
ਕਿਸੇ ਡੂੰਘੇ ਮੀਨਾਰ ਦੇ ਕੜ ਵਿਚੋਂ ਆ ਰਹੀ ਹੈ
ਜਿਵੇਂ ਕੋਈ ਨਰਕ ਦੀ ਕੁੱਖ ਵਿਚੋਂ
ਉੱਚਾ ਚੀਕ ਰਿਹਾ ਹੋਵੇ।
ਤੇ ਇੱਕ ਅਜੇਹਾ ਜੀਵ ਘਾਤ ਲਾ ਕੇ ਬਾਹਰ ਨਿਕਲਿਆ ਹੋਵੇ
ਜਿਸਦਾ ਕੋਈ ਚਿਹਰਾ ਨਹੀਂ ਸੀ
ਮੁਖੌਟੇ ਵਰਗਾ ਭਰੂਣ
ਜੋ ਮੁੜ੍ਹਕੇ, ਲਹੂ ਤੇ ਘੱਟੇ ਨਾਲ ਲਿਬੜਿਆ ਹੋਇਆ ਸੀ
ਤੇ ਉਸ ਬੇਨਾਮ ਚੀਜ਼ ਨੇ ਚੀਕ ਕੇ ਮੈਨੂੰ ਕਿਹਾ,
ਤੂੰ ਜਿੱਥੇ ਵੀ ਜਾਵੇਂ
ਦੱਬੇ ਕੁਚਲੇ ਲੋਕਾਂ ਦੀ ਉਸ ਪੀੜ ਬਾਰੇ ਦੱਸੀ
ਜੋ ਉਹਨਾਂ ਨੂੰ ਜਰਨੀ ਪਈ ਸੀ।
"ਓ ਮੇਰੇ ਭਰਾਵਾ
ਆਪਣੇ ਭਰਾ ਬਾਰੇ ਦੱਸੀ
ਜਿਸ ਦੀ ਸਾਰੀ ਜ਼ਿੰਦਗੀ
ਨਰਕ ਵਿਚ ਬੀਤਦੀ ਹੈ"



(6)

ਲੋਕੋ, ਤੁਸੀਂ ਪੰਮਪਾ ਦੇ ਕੁਚਲੇ ਮਜ਼ਦੂਰਾਂ
ਦਾ ਹੱਥ ਵਟਾਉਣ ਦਾ ਫੈਸਲਾ ਕੀਤਾ ਸੀ
ਤੁਸੀਂ ਉਹਨਾਂ ਦਾ ਉੱਤਰ ਦਿੱਤਾ
ਤੁਸਾਂ ਇਕ ਸਾਲ ਪਹਿਲਾਂ
ਇਸ ਚੌਕ ਵਿਚ ਆਦਮੀ, ਇਸਤਰੀ ਤੇ ਬੱਚੇ ਦਾ
ਨਾਂ ਲੈ ਕੇ ਸੱਦਿਆ ਸੀ
ਏਥੇ ਤੁਹਾਡਾ ਲਹੂ ਫੁੱਟ ਫੁੱਟ ਕੇ ਬਾਹਰ ਆਇਆ
ਦੇਸ਼ ਦੇ ਐਨ ਕੇਂਦਰ ਵਿਚ,
ਸ਼ਾਹੀ ਮਹੱਲ ਦੇ ਸਾਹਮਣੇ
ਤੇ ਗਲੀ ਦੇ ਐਨ ਵਿਚਕਾਰ
ਇਹ ਲਹੂ ਵਗਿਆ ਸੀ
ਤਾਂ ਕਿ ਸਾਰਾ ਸੰਸਾਰ ਇਸ ਨੂੰ ਵੇਖ ਸਕੇ
ਤੇ ਕੋਈ ਵੀ ਇਸ ਲਹੂ ਨੂੰ ਪੂੰਝ ਨਾ ਸਕਿਆ
ਤੁਹਾਡੇ ਲਾਲ ਧੱਬੇ
ਸਿਤਾਰਿਆਂ ਵਾਂਗ ਉਥੇ ਹੀ ਲੱਗੇ ਰਹੇ
ਜੰਮੇ ਹੋਏ ਤੇ ਸਖਤ।
ਉਹ ਵੇਲਾ ਸੀ, ਜਦੋਂ ਚਿੱਲੀ ਦਾ ਇੱਕ ਪਿੱਛੋਂ ਦੂਸਰਾ ਹੱਥ
ਪੰਮਪਾ ਵੱਲ ਆਪਣੀਆਂ ਉਂਗਲਾਂ ਫੈਲਾ ਰਿਹਾ ਸੀ
ਕਿ ਤੇਰੇ ਸ਼ਬਦ, ਏਕਤਾ ਦੀ ਗੱਲ ਕਰਦੇ
ਧੁਰ ਦਿਲ ਚੋਂ ਨਿਕਲੇ ਸੀ
ਲੋਕੋ, ਇਹ ਉਹ ਵੇਲਾ ਸੀ ਜਦੋਂ ਤੁਸੀਂ
ਆਪਣੇ ਚੌਕ ਵੱਲ ਕੂਚ ਕਰਦੇ,
ਅੱਥਰੂਆਂ, ਆਸ ਤੇ ਦੁੱਖ ਦੇ ਭਰੇ
ਪੁਰਾਣੇ ਗੀਤ ਗਾ, ਰਹੇ ਸੀ
ਕਿ ਜੱਲਾਦ ਦੇ ਹੱਥ ਨੇ
ਚੌਕ ਨੂੰ ਤੁਹਾਡੇ ਲਹੂ ਨਾਲ ਗੜੁੱਚ ਕਰ ਦਿੱਤਾ।

(7)

ਇਹ ਸੀ ਉਹ ਢੰਗ
ਜਿਸ ਨਾਲ ਸਾਡੇ ਦੇਸ਼ ਦਾ ਝੰਡਾ ਬਣਿਆ
ਆਪਣੇ ਦੁੱਖਾਂ ਦੀਆਂ ਟਾਕੀਆਂ ਨਾਲ
ਲੋਕਾਂ ਨੇ ਇਸ ਨੂੰ ਤੋਪੇ ਲਾਏ
ਉਹਨਾਂ ਪਿਆਰ ਦੇ ਚਮਕਦੇ ਧਾਗੇ ਨਾਲ
ਇਸ ਦੀ ਕਢਾਈ ਕੀਤੀ
ਆਪਣੇ ਦੇਸ਼ ਦੇ ਸਿਤਾਰੇ ਨੂੰ ਵਿਖਾਉਣ ਲਈ
ਉਹਨਾਂ ਨੇ ਆਪਣੀਆਂ ਕਮੀਜ਼ਾਂ ਨੂੰ

ਜਾਂ ਸ਼ਾਇਦ ਅੰਬਰ ਦੀ ਤਹਿ ਨੂੰ ਕੱਟਿਆ ਹੋਵੇ
ਤੇ ਤਾਂਘ-ਭਰੇ ਹੱਥਾਂ ਨਾਲ
ਉਹਨਾਂ ਨੇ ਇਸ ਨੂੰ ਹੀਰੇ ਵਾਂਗ ਜੜ ਦਿੱਤਾ ਹੋਵੇ
ਤੁਪਕਾ ਤੁਪਕਾ ਕਰ ਕੇ,
ਇਹ ਹੁਣ ਸੁਰਖ ਹੁੰਦਾ ਜਾ ਰਿਹਾ ਏ।

(8)

ਇਸ ਸ਼ਾਮ ਮੈਂ ਉਨਾਂ ਨੂੰ ਇਕ ਇਕ ਕਰ ਕੇ ਬੁਲਾ ਰਿਹਾ ਹਾਂ
ਇਕ ਇਕ ਕਰਕੇ ਉਹ ਇਸ ਚੌਕ ਵਿੱਚ
ਅੱਜ ਦੀ ਸ਼ਾਮ ਮੈਨੂੰ ਯਾਦ ਆ ਰਹੇ ਹਨ।
ਵਫ਼ਾਦਾਰ ਸਾਥੀ ਮੈਨੂੰ ਅਲ ਅਨਤੋਨੀਓ ਲੋਪੇਜ਼!
ਲਿਸ ਬੋਆ ਕਾਲਡਰੋਨ!
ਭਾਵੇਂ ਦੂਸਰੇ ਹੋਰਾਂ ਨਾਲ ਦਗਾ ਕਰ ਗਏ
ਅਸੀਂ ਤੇਰੇ ਰਾਹ 'ਤੇ ਤੁਰਦੇ ਰਹਾਂਗੇ।
ਐਲੀ ਜੈਡਰੋ ਗੁਟੀਰੇਜ਼!
ਜਿਹੜਾ ਪਰਚਮ ਤੇਰੇ ਲਾਗੇ ਡਿਗ ਪਿਆ ਸੀ
ਉਹ ਤੇਰੀ ਸਾਰੀ ਭੋਂ 'ਤੇ ਝੁੱਲਣ ਲੱਗਾ ਹੈ।

ਸੀਸਾਰ ਤਾਪੀਆ!
ਤੇਰਾ ਦਿਲ ਇਹਨਾਂ ਝੰਡਿਆਂ ਵਿਚ ਜੀਊਂਦਾ ਹੈ
ਮੈਂ ਇਸ ਨੂੰ ਫੜਫੜਾਉਂਦਾ ਸੁਣਦਾ ਹਾਂ
ਚੌਕ ਦੀ ਪੌਣ ਵਿਚ ਫੜ ਫੜਾਉਂਦਾ।

ਫੀਲੋ ਮੀਨੋ ਛਾਵੇਜ਼!
ਮੈਂ ਕਦੇ ਤੇਰੇ ਨਾਲ ਹੱਥ ਨਹੀਂ ਮਿਲਾਇਆ
ਪਰ ਇਹ ਤੇਰਾ ਹੱਥ ਹੈ
ਜਿਸ ਸਾਫ਼ ਹੱਥ ਨੂੰ ਮੌਤ ਵੀ
ਅਕੜਾ ਨਹੀਂ ਸਕਦੀ।

ਸੁੰਦਰ ਰੋਮੋਨੋ ਪਾਰਾ!
ਸਾਡੇ ਅਸਮਾਨ ਦਾ ਨਵਾਂ ਸਿਤਾਰਾ
ਰੋਮਨੋ ਪਾਰਾ ਸੁਹਲ ਨਾਇਕਾ
ਲਹੂ ਨਾਲ ਭਿੱਜਾ ਫੁੱਲ
ਪਿਆਰੀ ਨੌਜਵਾਨ ਰਮੋਨੋ
ਫੌਲਾਦ ਦੇ ਦਿਲ ਵਾਲੀ ਕੁੜੀ,
ਸੁਨਹਿਰੇ ਵਾਲਾਂ ਵਾਲੀ ਵੀਰਾਂਗਣਾ
ਤੇਰਾ ਨਾਂ ਲੈ ਕੇ ਰੋਮਨੋ ਪਾਰਾ
ਅਸੀਂ ਉਦੋਂ ਤੀਕ ਲੜਾਈ ਜਾਰੀ ਰੱਖਾਂਗੇ



ਜਦੋਂ ਤੀਕ ਤੇਰਾ ਡੁੱਲਾ ਲਹੂ
ਆਜ਼ਾਦੀ ਦੇ ਫੁੱਲ ਨਹੀਂ ਬਣ ਜਾਂਦਾ।

(9)

ਉਹ ਜਿਹੜੇ ਇਸ ਚੌਕ ਵਿਚ, ਰਫਲਾਂ ਭਰ ਕੇ ਆਏ ਸਨ
ਉਹ ਜਿਹਨਾਂ ਨੂੰ ਤਰਸ ਕੀਤੇ ਬਿਨਾਂ
ਮਾਰਨ ਦੇ ਹੁਕਮ ਮਿਲੇ ਸਨ
ਉਹਨਾਂ ਏਥੇ ਸਿਰਫ ਲੋਕਾਂ ਦੀ ਗਾਉਂਦੀ ਭੀੜ ਵੇਖੀ ਸੀ,
ਭੀੜ ਜਿਹੜੀ ਫਰਜ਼ ਤੇ ਪਿਆਰ ਸਦਕਾ ਲੋਕਾਂ ਦਾ ਰੂਪ ਧਾਰ ਕੇ ਆਈ ਸੀ
ਤੇ ਇੱਕ ਪਤਲੀ ਕੁੜੀ ਆਪਣਾ ਪਰਚਮ ਫੜੀ
ਅਚਾਨਕ ਹੀ ਡਿੱਗ ਪਈ
ਆਪਣੀ ਵੱਖੀ ਵਿਚਲੇ ਲੱਗੇ ਜ਼ਖ਼ਮ ਕਾਰਨ ਖੰਘਦਾ ਹੋਇਆ
ਇਕ ਨੌਜਵਾਨ ਭੁਆਂਟਣੀ ਖਾ ਕੇ ਡਿੱਗਾ,
ਚੁੱਪ ਦੇ ਇਸ ਸਦਮੇ ਵਿਚ
ਲੋਕਾਂ ਨੇ ਉਹਨਾਂ ਨੂੰ ਡਿਗਦੇ ਤੱਕਿਆ,
ਤੇ ਹੌਲੀ ਹੌਲੀ -
ਦੁੱਖ ਦੀ ਲਹਿਰ ਨੇ ਭਿਅੰਕਰ ਕਰੋਧ ਦਾ ਰੂਪ ਧਾਰ ਲਿਆ
ਪਿਛੋਂ ਉਹਨਾਂ ਨੇ ਆਪਣੇ ਝੰਡੇ
ਲਹੂ ਵਿਚ ਡੁਬੋਅ ਲਏ
ਤੇ ਕਾਤਲਾਂ ਦੇ ਚਿਹਰਿਆਂ ਸਾਹਮਣੇ
ਉੱਚੇ ਸੰਭਾਲੀ ਰੱਖਿਆ।

(10)

ਸਾਡੇ ਇਹਨਾਂ ਮਰ ਗਿਆਂ ਦੇ ਨਾਂ 'ਤੇ
ਮੈਂ ਸਜ਼ਾ ਦੀ ਮੰਗ ਕਰਦਾ ਹਾਂ
ਉਹ ਜਿਹਨਾਂ ਨੇ ਸਾਡੀ ਪਿਤਾ-ਭੂਮੀ ਨੂੰ
ਲਹੂ ਵਿਚ ਡੁਬੋਇਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ
ਉਹ ਜਿਹਨਾਂ ਦੇ ਹੁਕਮ ਨਾਲ
ਇਹ ਜੁਰਮ ਕੀਤਾ ਗਿਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ।
ਉਹ ਗੱਦਾਰ ਜੋ ਇਹਨਾਂ ਸਰੀਰਾਂ ਨੂੰ ਮਿੱਧ ਕੇ
ਤਾਕਤ ਦੀ ਪੌੜੀ ਚੜ੍ਹਿਆ
ਮੈਂ ਸਜ਼ਾ ਦੀ ਮੰਗ ਕਰਦਾ ਹਾਂ
ਉਹ ਜਿਹਨਾਂ ਬਖ਼ਸ਼ਣ ਹਾਰਿਆਂ ਨੇ
ਇਸ ਗੁਨਾਹ ਨੂੰ ਮੁਆਫ਼ ਕਰ ਦਿੱਤਾ ਹੈ
ਮੈਂ ਸਜ਼ਾ ਦੀ ਮੰਗ ਕਰਦਾ ਹਾਂ।

ਮੈਂ ਹਰ ਇੱਕ ਨਾਲ ਹੱਥ ਮਿਲਾ ਕੇ ਭੁੱਲ ਕਰਨ ਵਾਲਾ ਨਹੀਂ

ਮੈਂ ਉਹਨਾਂ ਦੇ ਲਹੂ-ਲਿੱਬੜੇ ਹੱਥਾਂ ਨੂੰ
ਛੂਹਣਾ ਤੀਕ ਨਹੀਂ ਚਾਹੁੰਦਾ
ਮੈਂ ਸਜ਼ਾ ਚਾਹੁੰਦਾ ਹਾਂ

ਮੈਂ ਨਹੀਂ ਚਾਹੁੰਦਾ ਕਿ ਉਹਨਾਂ ਨੂੰ ਸਫ਼ੀਰ ਬਣਾ ਕੇ
ਕਿਤੇ ਬਾਹਰ ਤੋਰ ਦਿੱਤਾ ਜਾਵੇ
ਨਾ ਹੀ ਭੁੱਲ ਜਾਣ ਤੀਕ ਉਹਨਾਂ ਨੂੰ ਲੁਕਾਈ ਰੱਖਣਾ ਚਾਹੁੰਦਾ ਹਾਂ
ਮੈਂ ਚਾਹੁੰਦਾ ਹਾਂ ਕਿ ਉਹਨਾਂ ਉੱਤੇ
ਏਸੇ ਹੀ ਥਾਂ 'ਤੇ
ਖੁੱਲ੍ਹੀ ਹਵਾ ਵਿੱਚ, ਮੁਕੱਦਮਾ ਚੱਲੇ
ਮੈਂ ਉਹਨਾਂ ਨੂੰ ਸਜ਼ਾ ਹੋਈ
ਵੇਖਣਾ ਚਾਹੁੰਦਾ ਹਾਂ।

(11)

ਮੈਂ ਉਹਨਾਂ ਮਰ ਚੁੱਕਿਆਂ ਨਾਲ ਹੁਣੇ ਹੀ ਗੱਲ ਕਰਨੀ ਚਾਹੁੰਦਾ ਹਾਂ
ਜਿਵੇਂ ਕਿਤੇ ਉਹ ਏਥੇ ਹਾਜ਼ਰ ਹੋਣ
ਭਰਾਵੋ, ਗੱਲ ਚੱਲਦੀ ਰਹੇਗੀ
ਇਸ ਧਰਤੀ 'ਤੇ ਸਾਡੀ ਗੱਲ ਚੱਲਦੀ ਰਹੇਗੀ
ਕਾਰਖਾਨਿਆਂ ਵਿਚ, ਖੇਤਾਂ ਵਿਚ,
ਤੇ ਗਲੀਆਂ ਵਿੱਚ
ਲੜਾਈ ਚੱਲਦੀ ਰਹੇਗੀ
ਸ਼ੋਰੇ ਟੋਇਆਂ ਵਿਚ, ਪੰਮਪਾ ਵਿਚ,
ਹਰੀ ਤੇ ਗੁਲਾਬੀ ਭਾਹ ਮਾਰਦੇ
ਤਾਂਬੇ ਦੇ ਜਵਾਲਾ ਮੁਖੀਆਂ ਵਿਚ,
ਸਿੱਲੀਆਂ ਗੁਫ਼ਾਵਾਂ ਵਿਚ,
ਜਿੱਥੇ ਕੋਲਾ ਚਮਕਦਾ ਹੈ
ਲੜਾਈ ਦੀਆਂ ਲੀਕਾ ਖਿੱਚੀਆਂ ਜਾਣਗੀਆਂ
ਤੇ ਸਾਡੇ ਦਿਲਾਂ ਵਿਚ ਇਹ ਝੰਡੇ
ਜਿਹੜੇ ਤੁਹਾਡੀ ਮੌਤ ਦੀ ਗਵਾਹੀ ਦਿੰਦੇ ਨੇ
ਕਈ ਗੁਣਾਂ ਵਧਦੇ ਜਾਣਗੇ।
ਤੇ ਇਹ ਏਨੇ ਸੰਘਣੇ ਝੂਲਣਗੇ
ਕਿ ਅਖੁੱਟ ਬਹਾਰ ਦੇ ਫੜਫੜਾਉਂਦੇ ਪੱਤਿਆਂ ਵਾਂਗ ਲੱਗਣਗੇ।

(12)

ਹਜ਼ਾਰਾਂ ਸਾਲਾਂ ਤੀਕ ਇਸ ਚੌਕ ਵਿਚ ਘਸਰਦੇ ਪੈਰ
ਇਹਨਾਂ ਪੱਥਰਾਂ ਤੋਂ
ਤੁਹਾਡੇ ਲਹੂ ਦੇ ਨਿਸ਼ਾਨ ਨੂੰ
ਮਿਟਾ ਨਹੀਂ ਸਕਣਗੇ,
ਅਣਗਿਣਤ ਆਵਾਜ਼ਾਂ ਦੀ ਬੁੜ ਬੁੜਾਹਟ ਵਿਚ ਵੀ,



ਤੁਹਾਡੀ ਮੌਤ ਦੀ ਘੜੀ ਦਾ ਸੁਨੇਹਾ ਦਿੰਦੀ ਘੰਟੀ
ਗੂੰਜਦੀ ਰਹੇਗੀ।

ਭਾਵੇਂ ਬਾਰਸ਼ ਇਹਨਾਂ ਕੰਧਾਂ ਦੀਆਂ ਨੀਹਾਂ ਨੂੰ ਖੋਰ ਦੇਵੇ
ਪਰ ਉਹ ਤੁਹਾਡੇ ਸ਼ਹੀਦਾਂ ਦੇ ਨਾਵਾਂ ਦੀ ਜਵਾਲਾ ਨੂੰ
ਬੁਝਾ ਨਹੀਂ ਸਕੇਗੀ।
ਨਾ ਹੀ ਹਜ਼ਾਰਾਂ ਰਾਤਾਂ ਦੇ ਜ਼ੁਲਮ ਦਾ ਹੱਥ
ਉਸ ਜੀਉਂਦੀ ਆਸ ਦਾ ਗਲਾ ਘੁੱਟ ਸਕੇਗਾ
ਜਿਹੜੀ ਆਸ ਦੀ ਸਾਰੀ ਦੁਨੀਆ ਵਿਚ
ਕਿੰਨੇ ਲੋਕ ਉਡੀਕ ਕਰ ਰਹੇ ਨੇ।
ਦੁੱਖਾਂ ਦੇ ਆਖਰੀ ਦਿਨ,
ਬੇਕਿਰਕ ਸੰਘਰਸ਼ ਨਾਲ ਜਿੱਤਿਆ ਇਨਸਾਫ਼ ਦਾ ਦਿਹਾੜਾ ਨੇੜੇ ਆਵੇਗਾ
ਤੇ ਮਾਰੇ ਗਏ ਭਰਾਵੋ। ਤੁਹਾਡੀ ਆਵਾਜ਼ਾਂ ਦੀ ਚੁੱਪ ਵਿਚੋਂ,
ਆਜ਼ਾਦੀ ਦਾ ਉਹ ਤਾਕਤਵਰ ਨਾਅਰਾ ਗੂੰਜੇਗਾ
ਜਦੋਂ ਲੋਕਾਂ ਦੀ ਆਸ ਦੀ ਲਾਟ ਜਿੱਤ ਦੀ ਖੁਸ਼ੀ ਨਾਲ ਜਗਮਗਾ ਉੱਠੇਗੀ।○○




*ਜੋਸੇ ਵਨਤੁਰੈਲੀ ਦੇ ਦੋ ਰੇਖਾ ਚਿੱਤਰ*

## ਕਵਿਤਾ ਦਾ (ਪਿਛੋਕੜ)

ਪਾਬਲੋ ਨੇਰੂਦਾ ਦੀ ਇਹ ਪ੍ਰਮੁੱਖ ਪ੍ਰਸਿੱਧ ਰਾਜਸੀ ਕਵਿਤਾ, ਚਿੱਲੀ ਦੇ ਤਾਂਬੇ ਤੇ ਸ਼ੋਰੇ ਦੀਆਂ ਖਾਣਾਂ ਵਿੱਚ ਹੜਤਾਲੀ ਕਾਮਿਆਂ ਦੇ ਸਮਰਥਨ ਵਿਚ ਕੀਤੇ ਗਏ ਲੋਕ-ਪਰਦਰਸ਼ਨ ਉੱਤੇ ਚਲਾਈ ਗੋਲੀ ਨਾਲ ਮਾਰੇ ਗਏ ਸੈਂਕੜੇ ਲੋਕਾਂ ਦੇ ਕਤਲਾਮ ਬਾਰੇ ਹੈ। ਇਹ ਘਟਨਾ 28 ਜਨਵਰੀ 1946 ਨੂੰ ਸਨਤਿਆਗੋ ਵਿਚ ਸ਼ਾਹੀ ਮਹੱਲਾ ਦੇ ਸਾਹਮਣੇ ਵਾਲੇ ਚੌਕ ਵਿਚ ਵਾਪਰੀ ਸੀ। ਇਸ ਕਵਿਤਾ ਦੀ ਵਿਆਖਿਆ ਲਈ ਪ੍ਰਸਿੱਧ ਚਿਤਰਕਾਰ ਜੋਸੇ ਵੈਨੂ ਤੁਰੇਲੀ ਨੇ ਕਈ ਸੁੰਦਰ ਚਿਤਰ ਬਣਾਏ ਸਨ। ਪਾਰਲੀਮੈਂਟ ਦੇ ਮੈਂਬਰ ਹੋਣ ਦੇ ਨਾਤੇ ਨੇਰੂਦਾ ਦਾ ਪੰਮਪਾ ਦੀ ਮਜ਼ਦੂਰ ਲਹਿਰ ਨਾਲ ਨੇੜੇ ਦਾ ਸੰਪਰਕ ਰਿਹਾ ਸੀ। ਮੈਂ ਕਈ ਸਾਲ ਪਹਿਲਾਂ ਇਸ ਕਵਿਤਾ ਦਾ ਸ੍ਰੀ ਸੁਖਬੀਰ ਵੱਲੋਂ ਕੀਤਾ ਅਨੁਵਾਦ ਪੜ੍ਹਿਆ ਸੀ ਪਰ ਮੇਰੀ ਤਮੰਨਾ ਸੀ ਕਿ ਮੈਂ ਇਹ ਅਨੁਵਾਦ ਖੁਦ ਕਰਾਂ। ਇਹ ਕਵਿਤਾ ਨੇਰੂਦਾ ਦੀ ਪੁਸਤਕ Let the Rail splitters awake ਵਿਚੋਂ ਲਈ ਗਈ ਹੈ। *ਅਨੁਵਾਦਕ*

## 3. ਮੇਰਾ ਜਨਮ

ਜੰਮਣ ਵਾਲੇ ਕਈ ਲੋਕਾਂ ਵਿਚੋਂ
ਉਹ ਵੀ ਇੱਕ ਸੀ
ਕਈ ਵੱਸਣ ਵਾਲਿਆਂ ਵਿਚੋਂ
ਇੱਕ ਆਦਮੀ ਸੀ
ਤੇ ਇਹ ਕੋਈ ਬਹੁਤੀ ਇਤਿਹਾਸ ਦੀ
ਗੱਲ ਨਹੀਂ,
ਧਰਤੀ ਵਾਂਗ,
ਚਿੱਲੀ ਦਾ ਕੇਂਦਰੀ ਭਾਗ
ਜਿੱਥੇ ਅੰਗੂਰਾਂ ਦੇ ਹਰੇ ਗੁੱਛੇ ਖੁੱਲ੍ਹਦੇ ਨੇ
ਅੰਗੂਰਾਂ ਨੂੰ ਰੌਸ਼ਨੀ ਤੋਂ ਖੁਰਾਕ
ਮਿਲਦੀ ਹੈ
ਤੇ ਅੰਗੂਰਾਂ ਦੀ ਸ਼ਰਾਬ
ਲੋਕਾਂ ਦੇ ਪੈਰਾਂ ਚੋਂ ਜਨਮਦੀ ਹੈ,
ਪਾਰੁਲ, ਉਸ ਥਾਂ ਦਾ ਨਾਂ ਹੈ
ਜਿੱਥੇ ਉਹ ਸਿਆਲ ਵਿੱਚ ਜੰਮਿਆਂ ਸੀ,

ਹੁਣ ਉਥੇ ਕੁਝ ਵੀ ਨਹੀਂ
ਨਾ ਘਰ, ਨਾ ਗਲੀ
ਪ੍ਰਬਤ-ਲੜੀ ਨੇ ਆਪਣੇ ਘੋੜੇ
ਆਵਾਰਾ ਛੱਡ ਦਿੱਤੇ

ਇਸ ਦੀ ਦੱਬੀ ਹੋਈ ਤਾਕਤ
ਇਕੱਠੀ ਹੋਈ।
ਪਹਾੜ ਕੁੱਦੇ
ਤੇ ਨਗਰ ਢਹਿ ਢੇਰੀ ਹੋ ਗਿਆ
ਭੂੰਚਾਲ ਵਿੱਚ ਘਿਰ ਗਿਆ
ਇੰਝ ਘਰ ਦੀਆਂ ਕੰਧਾਂ
ਕੰਧਾਂ ਦੀਆਂ ਤਸਵੀਰਾਂ
ਮਾੜਾ ਫਰਨੀਚਰ
ਹਨੇਰੇ ਕਮਰੇ
ਚੁੱਪ ਨੂੰ ਭੰਗ ਕਰਦੀਆਂ ਮੱਖੀਆਂ
ਸਭ ਕੁਝ ਖੇਹ ਵਿੱਚ ਰਲ ਗਿਆ।

ਸਾਡੇ ਵਿੱਚੋਂ ਕੁਝ ਹੀ ਬਚੇ
ਜੋ ਆਪਣੀ ਸ਼ਕਲ ਤੇ ਲਹੂ ਨੂੰ
ਬਚਾ ਸਕੇ
ਬਸ ਥੋਹੜੇ ਹੀ ਬਚੇ
ਤੇ ਜਾਂ ਫਿਰ ਵਾਈਨ।

ਵਾਈਨ ਨੇ ਆਪਣੀ ਹੋਂਦ ਨੂੰ
ਬਚਾਈ ਰੱਖਿਆ
ਅੰਗੂਰਾਂ ਤੀਕ ਉੱਪਰ ਚੜ੍ਹੀ ਗਈ
ਤੇ ਆਵਾਰਾ ਗਰਦ ਪਤਝੜ ਨੇ

ਇਸ ਨੂੰ ਖਿਲਾਰ ਦਿੱਤਾ
ਫਿਰ ਇਹ ਬੋਲੇ ਵੇਲਣਿਆਂ ਰਾਹੀਂ
ਪੀਪਿਆਂ ਵਿੱਚ ਭਰਦੀ ਗਈ
ਲਹੂ ਨਾਲ ਰੰਗੀ
ਤੇ ਡਰਾਉਣੀ ਧਰਤੀ ਚੋਂ ਤ੍ਰੱਬਕਦੀ,
ਇਹ ਤੁਰੀ ਗਈ
ਨੰਗੀ ਤੇ ਜੀਊਂਦੀ।

ਮੈਨੂੰ ਨਾ ਧਰਤ-ਦ੍ਰਿਸ਼ਾਂ ਦਾ ਚੇਤਾ ਹੈ
ਨਾ ਸਮੇਂ ਦਾ, ਤੇ ਨਾ ਚਿਹਰਿਆਂ
ਅਤੇ ਸ਼ਕਲਾਂ ਦਾ,
ਸਿਰਫ਼ ਗਰਮੀ ਦੀ ਰੁੱਤ ਦੇ ਅੰਤ
ਵਾਲੀ ਧੂੜ ਦਾ ਚੇਤਾ ਹੈ
ਤੇ ਜਾਂ ਫਿਰ ਉਸ ਸ਼ਮਸ਼ਾਨ-ਭੂਮੀ ਦਾ
ਜਿੱਥੇ ਕਬਰਾਂ ਦੇ ਵਿਚਕਾਰ
ਉਹ ਮੇਰੀ ਸੁੱਤੀ ਹੋਈ ਮਾਂ ਕੋਲ
ਵੇਖਣ ਲਈ ਲੈ ਗਏ
ਕਿਉਂਕਿ ਮੈਂ ਉਹ ਚਿਹਰਾ
ਕਦੇ ਤੱਕਿਆ ਨਹੀਂ ਸੀ,
ਮੈਂ ਉਸ ਨੂੰ ਵੇਖਣ ਲਈ ਆਵਾਜ਼ ਦਿੱਤੀ
ਪਰ ਦਫ਼ਨ ਹੋਏ ਦੂਜਿਆਂ ਵਾਂਗ
ਨਾ ਜਾਣਦੇ, ਨਾ ਸੁਣਦੇ ਹੋਏ
ਉਸ ਨੇ ਕੋਈ ਉੱਤਰ ਨਾ ਦਿੱਤਾ।

ਤੇ ਉਹ ਆਪਣੇ ਪੁੱਤਰ ਤੋਂ ਬਿਨਾਂ
ਉਥੇ ਹੀ ਟਿਕੀ ਰਹੀ, ਭੂਤਾਂ ਵਿਚਕਾਰ
ਚੁੱਪ ਤੇ ਟਾਲਣ-ਹਾਰੀ ਬਣੀ।

ਤੇ ਮੈਂ ਉਥੋਂ ਆਇਆ ਹਾਂ,
ਕੰਬਦੀ ਧਰਤੀ ਵਾਲੇ ਪੈਰੁਲ ਤੋਂ
ਅੰਗੂਰਾਂ ਲੱਦੀ ਧਰਤੀ ਤੋਂ
ਜੋ ਮੇਰੀ ਮਰ ਗਈ ਮਾਂ
ਵਿਚੋਂ ਜਨਮੀ ਸੀ ○○○



## 4. ਬਹਾਰ

ਪੰਛੀ ਆ ਗਿਆ ਹੈ
ਰੌਸ਼ਨੀ ਦੇਣ,
ਉਸ ਦੀ ਹਰ ਥਰਥਰਾਹਟ ਚੋਂ
ਪਾਣੀ ਜਨਮ ਲੈਂਦਾ ਹੈ।

ਪਾਣੀ ਤੇ ਰੌਸ਼ਨੀ ਦੇ ਦਰਮਿਆਨ
ਜੋ ਪੌਣ ਪ੍ਰਗਟ ਹੁੰਦੀ ਹੈ
ਉਸ ਵਿੱਚੋਂ ਬਸੰਤ ਰੁੱਤ ਦਾ ਉਦਘਾਟਨ
ਹੁੰਦਾ ਹੈ।
ਹੁਣ ਬੀਜ ਨੂੰ ਪਤਾ ਹੈ ਕਿ
ਇਹ ਉੱਗ ਪਿਆ ਹੈ
ਇਸ ਦੀ ਜੜ ਫੁੱਲ ਦੀ ਅੰਦਰਲੀ
ਕੌਲੀ ਵਿਚੋਂ ਚਿਤਰਤ ਹੁੰਦੀ ਹੈ
ਅਖੀਰ ਫੁੱਲ ਦੇ ਪਰਾਗ ਦੀਆਂ
ਅੱਖਾਂ ਦੇ ਛੱਪਰ ਖੁੱਲ੍ਹਦੇ ਹਨ।

ਇਹ ਸਾਰਾ ਕੁਝ
ਇਕ ਹਰੀ ਸ਼ਾਖ਼ ਵਿਚਲੇ
ਸਾਧਾਰਨ ਪੰਛੀ ਨੇ ਕਰ ਦਿੱਤਾ ਸੀ।

## 5. ਧੋਬਣ

ਬਾਗ ਵਿਚੋਂ ਦੀ, ਥੋਹੜਾ ਉੱਤੇ ਕਰਕੇ
ਮੈਂ ਇਕ ਧੋਬਣ ਨੂੰ ਵੇਖਦਾ ਹੁੰਦਾ ਸੀ
ਰਾਤ ਦਾ ਵੇਲਾ ਹੁੰਦਾ
ਉਹ ਕੱਪੜੇ ਧੋਂਦੀ, ਛਿੱਟੇ ਮਾਰਦੀ
ਤੇ ਬੁਰਸ਼ ਨਾਲ ਸਾਫ ਕਰਦੀ ਸੀ
ਘੜੀ ਪਲ ਲਈ ਉਸਦੇ ਹੱਥ
ਸਾਬਣ ਦੀ ਝੱਗ ਵਿੱਚ ਜਗਮਾਉਂਦੇ ਸੀ
ਤੇ ਫਿਰ ਉਹ ਪ੍ਰਛਾਵੇਂ ਵਿੱਚ ਅਲੋਪ ਹੋ ਜਾਂਦੀ ਸੀ।

ਉਸ ਦੀ ਮੋਮ ਬੱਤੀ ਦੀ ਰੋਸ਼ਨੀ ਵਿੱਚ
ਉਪਰੋਂ ਵੇਖਿਆ
ਰਾਤ ਵੇਲੇ ਉਹੀ ਇਕ ਜੀਊਂਦੀ ਚੀਜ਼
ਵਿਖਾਈ ਦਿੰਦੀ ਸੀ,-
ਇੱਕ ਇੱਕ, ਇਕੱਲੀ-ਕਾਰੀ,
ਕੋਈ ਚੀਜ਼ ਸਾਬਣ ਦੀ ਝੱਗ ਵਿੱਚ
ਕੰਬਦੀ ਦਿਸਦੀ
ਅਰਕਾਂ ਤੀਕ ਧੋਣ ਵਿੱਚ ਖੁੱਭੀ ਹੋਈ,
ਹਰਕਤ,
ਅਣਥੱਕ ਸ਼ਕਤੀ
ਹੇਠਾਂ ਉੱਤੇ ਹਰਕਤ
ਬਹਿੰਦੀ, ਉੱਠਦੀ
ਇਲਾਹੀ ਸੰਖੇਪਤਾ ਨਾਲ
ਉਸ ਦੇ ਹੱਥ ਪਾਣੀ ਵਿੱਚ ਡੁੱਬਦੇ ਹਨ।
ਹੱਥ,
ਬੁੱਢੇ ਹੱਥ
ਰਾਤ ਨੂੰ ਕੱਪੜੇ ਧੋਂਦੇ,
ਦੇਰ ਰਾਤ ਗਈ ਤੀਕ
ਪਰਾਇਆਂ ਦੇ ਕੱਪੜੇ ਧੋਂਦੀ
ਪਾਣੀ ਵਿੱਚ ਹੱਥ ਪਾਈ
ਕੰਮ ਦੇ ਲੱਗੇ ਧੱਬੇ ਸਾਫ਼ ਕਰਦੀ,
ਜਿਸਮਾਂ ਦੇ ਦਾਗ਼
ਥੱਕੇ ਹੋਏ ਪੈਰਾਂ ਦੀ ਮੈਲ,
ਘਸੇ ਹੋਏ ਕੁੜਤੇ,
ਬਦਰੰਗ ਹੋਏ ਕੱਛੇ
ਉਹ ਰਾਤ ਵੇਲੇ ਧੋ ਰਹੀ ਹੈ,
ਕਦੇ ਕਦੇ ਰਾਤਰੀ ਧੋਬਣ ਠੰਢ ਵਿੱਚ
ਆਪਣਾ ਸਿਰ ਉਤਾਂਹ ਚੁੱਕਦੀ ਹੈ
ਰਾਤ ਦੀ ਕਾਂਟਵੀਂ ਹਵਾ ਵਿੱਚ
ਤੇ ਉਹ ਸਰਦੀ ਦੀ ਚੁੱਪ ਰਾਤ ਨੂੰ
ਨਿਰੰਤਰ ਕੱਪੜੇ ਧੋਈ ਜਾਂਦੀ ਹੈ,
ਗਰੀਬਣੀ ਧੋਬਣ!

## 6. ਮੇਰੇ ਲੋਕ

ਮੈਂ ਕਿਹਾ, "ਕੱਲ੍ਹ! ਲਹੂ!
ਆਓ ਤੇ ਤੱਕੋ ਜੰਗ ਦਾ ਲਹੂ"

ਪਰ ਏਥੇ ਵੱਖਰੀ ਹੀ ਗੱਲ ਸੀ
ਗੋਲੀਆਂ ਚੱਲਣ ਦੀ ਕੋਈ ਆਵਾਜ਼ ਨਹੀਂ ਸੀ।

ਸੈਨਿਕਾਂ ਦਾ ਇਕ ਦਰਿਆ
ਮੌਤ ਦੇ ਰਾਹ ਵੱਲ ਵਗਦਾ
ਤੁਰਿਆ ਜਾਂਦਾ ਸੀ।

ਏਥੇ ਵੱਖਰੀ ਗੱਲ ਸੀ
ਪ੍ਰਬਤ-ਮਾਲਾਵਾਂ ਵਿੱਚ
ਭੂਰੀ ਚੀਜ਼ ਸੀ, ਜੋ ਮਾਰ ਦਿੰਦੀ ਸੀ।
ਧੂੰਆਂ
ਖਾਣਾਂ ਜਾਂ ਸੀਮਿੰਟ ਦੀ ਧੂੜ
ਇੱਕ ਧੁੰਦਲੀ ਫੌਜ
ਦਿਨੇ ਤੁਰਦੀ ਜਾਂਦੀ
ਉਸ ਕੋਲ ਝੰਡਾ ਨਹੀਂ ਸੀ
ਮੈਂ ਵੇਖਿਆ ਕਿ ਉਹ ਕਿੱਥੇ ਰਹਿੰਦੇ ਸੀ।
ਇੱਕ ਢੇਰ ਵਿੱਚ
ਜਿਸ ਨੂੰ ਟੁੱਟੀਆਂ ਲੱਕੜਾਂ ਨੇ
ਵਲਿਆ ਹੋਇਆ ਸੀ।

ਸੁੱਕੀ ਖ਼ੁਸ਼ਕ ਧਰਤੀ
ਜੰਗਾਲ-ਖਾਧੇ ਟੀਨ ਦੇ ਡੱਬੇ।
ਤੇ ਮੈਂ ਕਿਹਾ,
"ਮੈਂ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ"

ਮੈਂ ਆਖਿਆ
"ਮੈਂ ਦੂਰੋਂ ਇੱਕਲਤਾ ਚੋਂ ਨਿਕਲ ਕੇ
ਆਇਆ ਹਾਂ"
ਤੁਹਾਨੂੰ ਇਹ ਸਾਲ ਉਸ ਵੇਲੇ ਤੋਂ
ਵੇਖਣੇ ਚਾਹੀਦੇ ਹਨ।
ਸ਼ਾਇਦ ਦੇਸ਼ਾਂ ਦੀ ਚਮੜੀ
ਬਦਲ ਗਈ ਹੈ।
ਜਾਂ ਪਿਆਰ ਸੰਭਵ ਵਿਖਾਈ ਦਿੰਦਾ ਸੀ।
ਸਪਸ਼ਟ ਭਾਂਤ
ਕੁਝ ਦੇਣਾ ਪੈਂਦਾ ਹੈ
ਹੋਰ ਕੋਈ ਰਸਤਾ ਵੀ ਨਹੀਂ

ਪਰ ਰੌਸ਼ਨੀ ਪ੍ਰਗਟ ਹੋਈ
ਤੇ ਔਕੜ ਦੇ ਇਕ ਸਿਰੇ ਤੋਂ ਦੂਸਰੇ ਤੀਕ
ਜੀਊਂਦੀ-ਜਾਗਦੀ ਲਾਟ ਬਲਣ ਲੱਗੀ
ਜੋ ਮੈਂ ਆਪਣੇ ਹੱਥਾਂ ਵਿੱਚ ਫੜ ਕੇ
ਜ਼ਰਾ ਉੱਚੀ ਕਰ ਦਿੱਤੀ

## 7. ਮਾਤਿਲਦੇ ਯਰੂਤੀ

ਮਾਤਿਲਦੇ ਯਰੂਤੀ!
ਮੇਰੇ ਕੋਲ ਜੋ ਵੀ ਸੀ, ਤੇ ਜੋ ਨਹੀਂ ਸੀ
ਤੇਰੇ ਲਈ ਛੱਡ ਕੇ ਜਾ ਰਿਹਾਂ

ਮੈਂ ਜੋ ਹਾਂ ਤੇ ਜੋ ਨਹੀਂ ਹਾਂ
ਮੇਰਾ ਪਿਆਰ, ਰੋ ਰਿਹਾ ਬੱਚਾ ਹੈ
ਜੋ ਤੇਰੀਆਂ ਬਾਹਾਂ ਤਿਆਗਣ ਤੋਂ ਝਿਜਕਦਾ ਹੈ
ਮੈਂ ਤੇਰੇ ਲਈ ਹਮੇਸ਼ਾ ਵਾਸਤੇ ਛੱਡ ਰਿਹਾ ਹਾਂ
ਤੂੰ ਮੇਰੀ ਚੁਣੀ ਹੋਈ ਹੈਂ।

ਤੂੰ ਮੇਰੀ ਚੋਣ ਹੈ।
ਜੋ ਦੱਖਣ ਦੇ ਪਤਲੇ ਬਿਰਖਾਂ ਨਾਲੋਂ
ਹਵਾਵਾਂ ਨਾਲ ਟਕਰਾਈ ਹੈਂ
ਜੋ ਅਗਸਤ ਮਹੀਨੇ ਦੀ ਖਿੜੀ ਹੇਜਲ ਝਾੜੀ ਦਾ ਫੱਲ ਹੈ
ਤੂੰ ਮੇਰੇ ਲਈ, ਵੱਡੀ ਬੇਕਰੀ ਦੀ ਰਟੀ ਵਾਂਗ ਸਵਾਦੀ ਹੈ
ਤੂੰ ਧਰਤੀ ਦਾ ਦਿਲ ਹੈ
ਪਰ ਤੇਰੇ ਹੱਥ ਬਹਿਸ਼ਤੋਂ ਆਏ ਨੇ।

ਤੂੰ ਸੁਰਖ਼ ਤੇ ਮਸਾਲੇਦਾਰ ਹੈ
ਚਿੱਟੀ ਤੇ ਆਚਾਰ ਪਾਏ ਗੰਢਿਆਂ ਵਰਗੀ
ਨਮਕੀਨ
ਤੂੰ ਹੱਸਦੀ ਹੋਈ ਪਿਆਨੋ ਹੈਂ
ਜਿਸ ਵਿਚ ਹਰ ਮਨੁੱਖੀ ਸੁਰ ਭਰੀ ਹੋਈ ਹੈ
ਜਿਸ ਦਾ ਸੰਗੀਤ ਮੇਰੇ ਉੱਤੋਂ ਦੀ ਗੁਜ਼ਰਦਾ
ਹੈ।
ਤੇਰੀਆਂ ਪਲਕਾਂ ਤੇ ਤੇਰੇ ਵਾਲਾਂ ਵਿਚੋਂ
ਮੈਂ ਤੇਰੇ ਸੁਨਹਿਰੀ ਪ੍ਰਛਾਵੇਂ ਹੇਠ ਆਨੰਦ
ਲੈਂਦਾ ਹਾਂ
ਮੈਂ ਤੇਰੇ ਕੰਨਾਂ ਤੋਂ ਮੋਹਿਆ ਜਾਂਦਾ ਹਾਂ
ਜਿਵੇਂ ਇਹ ਮੈਂ ਪਹਿਲਾਂ ਕਦੀ
ਇਹਨਾਂ ਨੂੰ ਪਾਣੀ ਹੇਠਲੇ ਮੂੰਗਿਆਂ ਵਾਂਗ
ਵੇਖਿਆ ਨਾ ਹੋਵੇ।
ਸਮੁੰਦਰ ਵਿਚ ਤੇਰੇ ਨੌਹਾਂ ਨੂੰ ਲੱਭਣ ਲਈ



ਮੈਂ ਭਿਆਨਕ ਮੱਛੀ ਨੂੰ ਹੱਥ ਪਾ ਲਿਆ ਹੋਵੇ।

ਕਿਸੇ ਸਮੇਂ ਜਦੋਂ ਸਾਡੀ ਹੋਂਦ ਰੁੱਕ ਗਈ ਹੋਵੇ
ਸਾਡਾ ਆਉਣਾ ਤੇ ਜਾਣਾ
ਘੱਟੇ ਤੇ ਸੱਤ ਕੰਬਲਾਂ ਹੇਠ
ਤੇ ਮੌਤ ਤੇ ਖੁਸ਼ਕ ਪੈਰਾਂ ਹੇਠ,
ਪਿਆਰੀ! ਅਸੀਂ ਫਿਰ ਨੇੜੇ ਨੇੜੇ ਹੋਵਾਂਗੇ
ਉਤਸੁਕ ਤੇ ਪ੍ਰੇਸ਼ਾਨ
ਸਾਡੇ ਵੱਖਰੇ ਖੰਭ

ਤੇ ਭੀਂ ਭੀਂ ਕਰਦੀਆਂ ਅੱਖਾਂ
ਸਾਡੇ ਪੈਰ ਜੋ ਮਿਲ ਨਾ ਸਕੇ
ਤੇ ਸਾਡਿਆਂ ਚੁੰਮਣਾ ਦੇ ਨਿਸ਼ਾਨ
ਫਿਰ ਵਾਪਸ ਇਕੱਠੇ ਹੋ ਜਾਣਗੇ
ਐਪਰ ਕਬਰ ਦੀ ਨੇੜਤਾ ਦਾ ਸਾਨੂੰ
ਕੀ ਲਾਭ ਹੋਵੇਗਾ ?
ਸਾਨੂੰ ਜੀਵਨ ਵਿੱਚ ਵਿਛੋੜਾ ਨਾ ਪਵੇ
ਫਿਰ ਮੌਤ ਦੀ ਕੌਣ ਪ੍ਰਵਾਹ ਕਰਦਾ ਹੈ ? *

## 8. ਲਹੂ ਦਾ ਕਟੋਰਾ

ਪਾਦਰੀ ਲਈ ਕਟੋਰਾ
ਮਿੱਧਿਆ ਤੇ ਕੜਵਾ ਕਟੋਰਾ
ਲੋਹੇ, ਸੁਆਹ ਤੇ ਅੱਥਰੂਆਂ ਨਾਲ ਭਰਿਆ
ਹਉਕਿਆਂ, ਢੱਠੀਆਂ ਕੰਧਾਂ ਨਾਲ ਭਰਿਆ ਕਟੋਰਾ।
ਪਾਦਰੀ ਲਈ ਕਟੋਰਾ
'ਅਲਮੀਰੀਆ' ਦੇ ਲਹੂ ਦਾ ਭਰਿਆ ਹੋਇਆ।

ਬੈਂਕ ਮਾਲਕਾਂ ਲਈ ਕਟੋਰਾ
ਦੱਖਣ ਦੇ ਪ੍ਰਸੰਨ ਬੱਚਿਆਂ ਦੀਆਂ ਗੱਲ੍ਹਾਂ
ਦਾ ਭਰਿਆ ਕਟੋਰਾ
ਸਹਿਮ, ਖੰਡਰ, ਧਮਾਕਿਆਂ, ਵਹਿਸ਼ੀ ਪਾਣੀਆਂ
ਨਾਲ ਭਰਿਆ ਕਟੋਰਾ
ਟੁੱਟੇ ਧੁਰਿਆਂ, ਮਿੱਧੇ ਸਿਰਾਂ ਦਾ ਕਟੋਰਾ
ਕਾਲਾ ਕਟੋਰਾ, ਅਲਮੀਰੀਆ ਖ਼ੂਨ ਦਾ ਕਟੋਰਾ

ਹਰ ਸਵੇਰ,
ਤੁਹਾਡੀਆਂ ਜ਼ਿੰਦਗੀਆਂ ਦੀ ਹਰ ਗੰਦੀ ਸਵੇਰ ਨੂੰ
ਤੁਸੀਂ ਇਹ ਲਹੂ ਆਪਣੇ ਮੇਜ਼ਾਂ ਤੇ ਭਾਫ ਛੱਡਦਾ ਤੇ
ਸੜਦਾ ਵੇਖੋਗੇ
ਤੁਸੀਂ ਆਪਣੇ ਨਰਮ ਹੱਥਾਂ ਨਾਲ ਇਸ ਕਟੋਰੇ ਨੂੰ
ਪਰੇ ਧੱਕ ਦਿਓਗੇ
ਤਾਂ ਕਿ ਇਹ ਤੁਹਾਡੀ ਨਜ਼ਰੀਂ ਨਾ ਪਵੇ।
ਤਾਕਿ ਬਾਰ ਬਾਰ ਹਜ਼ਮ ਨਾ ਕਰਨਾ ਪਵੇ
ਰੋਟੀ ਤੇ ਅੰਗੂਰਾਂ ਦੇ ਵਿਚਕਾਰ
ਤੁਸੀਂ ਇਹਨੂੰ ਪਰੇ ਧੱਕ ਦਿਉਗੇ
ਖਾਮੋਸ਼ ਖ਼ੂਨ ਦਾ ਇਹ ਕਟੋਰਾ
ਹਰ ਸੁਬਾਹ

ਹਰ ਸਵੇਰ ਉਥੇ ਹੀ ਹੋਵੇਗਾ

ਕਰਨਲ ਤੇ ਉਸ ਦੀ ਪਤਨੀ ਲਈ
ਇਹ ਲਹੂ ਦਾ ਪਿਆਲਾ
ਹਰ ਛਾਉਣੀ 'ਚ ਹਰ ਪਾਰਟੀ ਵਿਚ
ਹਰ ਸਹੁੰ ਖਾਣ ਵੇਲੇ
ਹਰ ਥੁੱਕ ਦੀ ਲਾਲ ਵਿਚ
ਹਰ ਸਵੇਰ ਨੂੰ ਹਾਜ਼ਰ ਹੋਵੇਗਾ
ਤਾਕਿ ਤੁਸੀਂ ਇਸ ਨੂੰ ਕੰਬਦਾ
ਤੇ ਦੁਨੀਆਂ ਵਿਚ ਠੰਢਾ ਹੁੰਦਾ ਵੇਖਦੇ ਰਹੋ

ਹਾਂ, ਤੁਹਾਡੇ ਸਾਰਿਆਂ ਲਈ ਇਕ ਕਟੋਰਾ ਲਹੂ ਦਾ
ਨੇੜੇ ਦੂਰ ਦੇ ਅਮੀਰ ਲੋਗੋ!
ਡਰਾਉਣੇ ਸਫ਼ੀਰੋ, ਵਜ਼ੀਰੋ,
ਮੇਜ਼ ਲਾਗੇ ਇਕੱਠੇ ਬੈਠਣ ਵਾਲਿਓ
ਨਿੱਘੇ ਚਾਹ-ਪਿਆਲੇ ਦੁਆਲੇ ਬੈਠੀਓ
ਸੁਵਾਣੀਓ
ਟੁੱਟਿਆਂ, ਕੰਢਿਆਂ ਤੋਂ ਡੁੱਲ੍ਹਦਾ
ਗਰੀਬਾਂ ਦੇ ਲਹੂ ਨਾਲ ਗੰਦਾ ਹੋਇਆ
ਹਰ ਸਵੇਰ, ਹਰ ਹਫ਼ਤੇ, ਹਮੇਸ਼ਾਂ ਲਈ
ਅਲਮੀਰੀਆਂ ਲਹੂ ਦਾ ਇਹ ਕਟੋਰਾ
ਤੁਹਾਡੇ ਸਾਹਮਣੇ ਪਿਆ ਹੋਵੇਗਾ।
ਤੁਹਾਡੀਆਂ ਅੱਖਾਂ ਵਿਚ ਤੱਕਦਾ।

-0-

(ਨੋਟ—ਫਰਵਰੀ 1937 ਵਿਚ ਸੈਂਕੜੇ ਹੀ ਆਜ਼ਾਦੀ ਹਿਮਾਇਤੀ ਸ਼ਹਿਰੀ ਜਦੋਂ ਸਪੇਨ ਦੀ ਘਰੇਲੂ ਜੰਗ ਵੇਲੇ 'ਮਿਲਾਗਾ' ਤੋਂ ਅਲਮੀਰੀਆ ਵੱਲ ਭੱਜੇ ਜਾ ਰਹੇ ਸਨ, ਤਾਂ ਕੌਮ ਪ੍ਰਸਤਾਂ ਦੇ ਜਹਾਜ਼ਾਂ ਤੇ ਟੈਂਕਾਂ ਨੇ ਰਾਹ ਵਿਚ ਘੇਰ ਲਏ ਤੇ ਪਤਨੀਆਂ ਤੇ ਮਾਵਾਂ ਦੇ ਸਾਹਮਣੇ ਮੁੰਡਿਆਂ ਤੇ ਬੰਦਿਆਂ ਨੂੰ ਗੋਲੀ ਮਾਰ ਦਿੱਤੀ ਗਈ। ਨੇਰੂਦਾ ਉਹਨੀਂ ਦਿਨੀਂ ਆਪਣੇ ਦੇਸ਼ ਵੱਲੋਂ ਸਪੇਨ ਵਿਚ ਸਫੀਰ ਸੀ।)

## 9. ਮੇਰਾ ਮੇਜ਼

ਆਪਣੇ ਮੇਜ਼ ਦੀਆਂ ਚਹੁੰ ਲੱਤਾਂ ਉੱਤੇ
ਮੈਂ ਆਪਣੇ ਗੀਤ ਵਿਛਾ ਦਿੰਦਾ ਹਾਂ
ਮੈਂ ਡਬਲ-ਰੋਟੀ,
ਅੰਗੂਰਾਂ ਦੀ ਸ਼ਰਾਬ
ਤੇ ਭੁੱਜਿਆ ਕਬਾਬ ਸਜਾ ਦਿੰਦਾ ਹਾਂ
ਜਾਂ ਫਿਰ ਕੈਂਚੀਆਂ
ਕੱਪ, ਨਹੁੰ
ਗੁਲਾਬੀ ਫੁੱਲ, ਤੇ ਹਥੌੜੀਆਂ
ਚਾਰ ਲੱਤਾਂ ਵਾਲਾ ਮੇਰਾ ਵਫ਼ਾਦਾਰ ਮੇਜ਼,
ਸ਼ਕਤੀਸ਼ਾਲੀ ਹੈ
ਜੋ ਮੇਰੇ ਸੁਪਨਿਆਂ ਤੇ
ਮੇਰੀ ਜ਼ਿੰਦਗੀ ਦਾ ਭਾਰ
ਝੱਲਦਾ ਹੈ।



## 9. ਕਵਿਤਾ ਦੀ ਸਿਰਜਣਾ

ਤੇ ਉਸ ਉਮਰ ਵਿਚ .......
ਮੈਨੂੰ ਢੂੰਡਦੀ ਹੋਈ ਕਵਿਤਾ ਆਈ,
ਮੈਨੂੰ ਨਹੀਂ ਪਤਾ

ਮੈਂ ਨਹੀਂ ਜਾਣਦਾ ਕਿ ਕਿੱਥੋਂ ਆਈ
ਠੰਢ ਵਿਚੋਂ ਜਾਂ ਦਰਿਆ ਚੋਂ
ਮੈਨੂੰ ਨਹੀਂ ਪਤਾ ਕਿ ਕਿਵੇਂ ਤੇ ਕਦ ਆਈ।
ਨਹੀਂ
ਉਹ ਆਵਾਜ਼ਾਂ ਨਹੀਂ ਸਨ
ਨਾ ਸ਼ਬਦ, ਨਾ ਚੁੱਪ
ਪਰ ਇਕ ਗਲੀ ਚੋਂ ਉਸ ਨੇ ਮੈਨੂੰ ਆਵਾਜ਼ ਮਾਰੀ

ਰਾਤ ਦੀਆਂ ਟਾਹਣੀਆਂ ਚੋਂ
ਅਚਣਚੇਤ
ਬਲਦੀਆਂ ਅੱਗਾਂ ਚੋਂ ਜਾਂ ਇਕੱਲੀ ਪਰਤੀ,
ਇਹ ਉਥੇ ਸੀ,
ਬਿਨਾਂ ਚਿਹਰੇ ਤੋਂ
ਤੇ ਇਹਨੇ ਮੈਨੂੰ ਛੋਹਿਆ

ਮੈਨੂੰ ਕੀ ਪਤਾ ਸੀ ਕਿ ਕੀ ਕਹਾਂ
ਮੇਰਾ ਮੂੰਹ ਨਾਂ ਲੈਣੋਂ ਝਿਜਕਦਾ ਸੀ
ਮੇਰੀਆਂ ਅੱਖਾਂ ਅੰਨ੍ਹੀਆਂ ਸੀ
ਮੇਰੀ ਰੂਹ ਦਾ ਦਰਵਾਜ਼ਾ
ਕੋਈ ਖਟਖਟਾ ਰਿਹਾ ਸੀ

ਬੁਖਾਰ ਜਾਂ ਭੁੱਲੇ-ਵਿੱਸਰੇ ਖੰਭ
ਮੈਂ ਆਪਣਾ ਰਾਹ ਲੱਭਿਆ
ਅੱਗ ਦੀ ਗੁਪਤ-ਲਿੱਪੀ ਨੂੰ ਪੜ੍ਹਦਿਆਂ

ਮੈਂ ਪਹਿਲੀ ਮੱਧਮ ਜੇਹੀ ਸਤਰ ਲਿਖੀ
ਧੁੰਧਲੀ ਬਿਨਾਂ ਵਸਤੂ ਤੋਂ
ਨਿਰੋਲ ਬਕਵਾਸ
ਉਸ ਬੰਦੇ ਦੀ ਸ਼ੁੱਧ ਸਿਆਣਪ,
ਜਿਹਨੂੰ ਕੱਖ ਪਤਾ ਨਹੀਂ

ਅਚਾਨਕ ਹੀ ਮੈਨੂੰ ਆਕਾਸ਼ ਦਿਸੇ
ਮੁਕਤ ਤੇ ਖੁੱਲ੍ਹੇ ਉਪ ਗ੍ਰਹਿ
ਧੜਕਦੀ ਹੋਈ ਬਨਾਸਪਤੀ
ਫੁੱਲਾਂ, ਅੱਗ ਤੇ ਤੀਰਾਂ ਨਾਲ ਵਿੰਨੀ
ਰਾਤ, ਬ੍ਰਹਿਮੰਡ ਤੇ ਹਨੇਰਾ।

ਤੇ ਮੈਂ ਨਿੱਕਾ ਜਿਹਾ ਜੀਵ
ਸਿਤਾਰਿਆਂ ਨਾਲ ਭਰੇ ਖ਼ਲਾ ਵਿਚ
ਨਸ਼ਿਆਇਆ
ਰਹੱਸ ਦਾ ਪ੍ਰਤੀਕ
ਧੁੰਧੂਕਾਰੇ ਦਾ ਪਵਿੱਤਰ ਹਿੱਸਾ
ਮੈਂ ਸਿਤਾਰਿਆਂ ਨਾਲ ਘੁੰਮਦਾ ਰਿਹਾ
ਮੇਰਾ ਦਿਲ ਬੰਧਨ ਤੋੜ
ਹਵਾ ਵਿੱਚ ਘੁਲ ਗਿਆ। **

## ਮੇਰੀ ਕਵਿਤਾ

ਜਦੋਂ ਪਹਿਲੀਆਂ ਗੋਲੀਆਂ ਨੇ ਸਪੇਨ ਦੀਆਂ ਸਿਤਾਰਾਂ ਨੂੰ ਪਾੜ ਸੁੱਟਿਆ, ਜਦੋਂ ਸੰਗੀਤ ਦੀ ਥਾਂ ਉਹਨਾਂ ਚੋਂ ਲਹੂ ਦੇ ਫ਼ੁਹਾਰੇ ਵਗ ਨਿਕਲੇ। ਮੇਰੀ ਕਵਿਤਾ ਮਨੁੱਖੀ ਵੇਦਨਾ ਦੀਆਂ ਗਲੀਆਂ ਵਿਚ ਮਰੇ ਹੋਏ ਪ੍ਰੇਤ ਵਾਂਗ ਰੁੱਕ ਗਈ 'ਤੇ ਇਸ ਚੋਂ ਲਹੂ ਤੇ ਜੜ੍ਹਾਂ ਫੈਲਣ ਲੱਗੀਆਂ। ਉਸ ਵੇਲੇ ਤੋਂ ਲੱਗ ਕੇ ਮੇਰਾ ਰਾਹ ਹਰ ਮਨੁੱਖ ਦੇ ਰਾਹ ਨਾਲ ਜਾ ਮਿਲਿਆ ਅਤੇ ਅਚਾਨਕ ਹੀ ਮੈਂ ਵੇਖਿਆ ਕਿ ਇਕੱਲਤਾ ਦੇ ਦੱਖਣ ਤੋਂ ਮੈਂ ਉੱਤਰ ਵੱਲ ਮੁੜ ਪਿਆ ਸੀ, ਲੋਕਾਂ ਵੱਲ। ਲੋਕ ਜਿਹਨਾਂ ਦੀ ਤਲਵਾਰ ਤੇ ਰੁਮਾਲ ਮੇਰੀ ਨਿਮਾਣੀ ਕਵਿਤਾ ਬਣਨਾ ਚਾਹੁੰਦੀ ਸੀ, ਲੋਕਾਂ ਦੇ ਦੁੱਖਾਂ ਦੇ ਮੁੜ੍ਹਕੇ ਨੂੰ ਸੁਕਾਉਣਾ ਅਤੇ ਇਹਨਾਂ ਦੇ ਰੋਟੀ ਦੇ ਸੰਘਰਸ਼ ਵਿਚ ਇਸ ਨੂੰ ਇਕ ਹਥਿਆਰ ਪ੍ਰਦਾਨ ਕਰਨਾ ਚਾਹੁੰਦੀ ਸੀ।

# .ਗੈਰ-ਹਾਜ਼ਰੀ ਅਤੇ ਹਾਜ਼ਰੀ

(ਨੇਰੂਦਾ ਬਾਰੇ ਪੁਸਤਕ ਦੀ ਰਚਨਾ)

ਮੈਂ ਨੇਰੂਦਾ ਨੂੰ 1969 ਵਿਚ ਮਿਲਿਆ ਸੀ ਤੇ ਇੱਕ ਸਾਲ ਪਿਛੋਂ ਮੈਂ ਉਸਨੂੰ ਮਿਲਣ ਲਈ ਆਈਸਲਾ ਨੇਗਰਾ ਗਿਆ ਸੀ। ਉਹਨਾਂ ਘੜੀਆਂ ਤੋਂ ਲੱਗ ਕੇ ਮੇਰੇ ਕੋਲ ਉਹਨਾਂ ਦੇ ਚਿਤਰ ਤੇ ਬੜੀਆਂ ਤੀਬਰ ਯਾਦਾਂ ਹਨ। ਜਦੋਂ ਮੈਂ 1982 ਵਿਚ ਚਿੱਲੀ ਪਰਤਿਆ, ਨੌਂ ਸਾਲਾਂ ਦੀ ਗ਼ੈਰ-ਹਾਜ਼ਰੀ ਬਾਅਦ ਤਾਂ ਉਸ ਦੀ ਵਿਧਵਾ ਮਾਤਿਲਦੇ ਯਰੂਤੀਆ, ਕਿਤਾਬ ਦੀ ਮੇਰੀ ਯੋਜਨਾ ਨਾਲ ਸਹਿਮਤ ਸੀ ਤੇ ਉਸ ਨੇ ਦਰਿਆ-ਦਿਲੀ ਨਾਲ ਮੈਨੂੰ ਆਈਸਲਾ ਨੇਗਰਾ ਵਾਲੇ ਆਪਣੇ ਘਰ ਵਿਚ ਆਜ਼ਾਦੀ ਨਾਲ ਕਈ ਦਿਨਾਂ ਵਾਸਤੇ ਘੁੰਮਣ ਤੇ ਇਹ ਤਸਵੀਰਾਂ ਖਿੱਚਣ ਦੀ ਆਗਿਆ ਦੇ ਦਿੱਤੀ। ਉਥੇ ਹੀ ਗੈਰ-ਹਾਜ਼ਰੀ ਤੇ ਹਾਜ਼ਰੀ ਦੇ ਸਾਰੇ ਭੇਦ ਜਨਮੇਂ। ਵਾੜ ਉਤਲੀਆਂ ਲਿਖਤਾਂ, ਉਹ ਵੱਡੀ ਸਾਂਝੀ ਪੁਸਤਕ ਨੇ ਮੈਨੂੰ ਭਰੋਸਾ ਦਿੱਤਾ ਕਿ ਦੇਸ਼ ਨੂੰ ਸਭ ਕੁਝ ਯਾਦ ਹੈ, ਸੰਜੋਗ-ਵੱਸ, ਜਾਦੂ-ਭਰੀਆਂ ਤੇ ਦਿਲ-ਹਿਲਾਊ ਕਹਾਣੀਆਂ ਆਈਸਲਾ ਨੇਗਰਾ ਬਾਰੇ ਮੈਨੂੰ ਢੂੰਡਣ ਲੱਗੀਆਂ।

ਮੈਂ ਬਾਰਸਲੋਨਾ ਪਰਤ ਆਇਆ ਤੇ ਉਥੇ Darkroom ਦੀ ਚੁੱਪ ਵਿਚ, ਬਿੰਬ ਤੇ ਜਜ਼ਬੇ ਜੋ ਇਸ ਪੁਸਤਕ ਨੂੰ ਛੂੰਹਦੇ ਹਨ, ਪ੍ਰਗਟ ਹੋਣ ਲੱਗੇ। ਪਿਛਲੇ ਦੋ ਸਾਲਾਂ ਵਿਚ ਮੈਂ ਚਿੱਲੀ ਵਾਪਸ ਪਰਤਿਆ ਮਾਤਿਲਦੇ ਨੂੰ ਮਿਲਿਆ, ਵਾੜ ਤੇ ਗਵਾਹਾਂ ਨੂੰ ਵੀ।

1986 ਦੀਆਂ ਗਰਮੀਆਂ ਦੇ ਮਹੀਨਿਆਂ ਵਿਚ ਮੈਂ ਪਾਬਲੋ ਨੇਰੂਦਾ ਦੀਆਂ ਸਮੁੱਚੀਆਂ ਕਿਰਤਾਂ ਨੂੰ ਪੜ੍ਹਨ ਵਿਚ ਖੁੱਭ ਗਿਆ ਤੇ ਉਸਦੀ ਆਵਾਜ਼ ਵਿਚੋਂ ਮੈਨੂੰ ਦੋ ਪੈਰੇ ਲੱਭੇ, ਜਿਹਨਾਂ ਦੱਸਿਆ ਕਿ ਕਵਿਤਾ ਦੀ ਬਣਤਰ ਕਿਵੇਂ ਬਣਦੀ ਹੈ।

ਜ਼ੁਲਮ ਗਵੱਈਏ ਦੇ ਸਿਰ ਨੂੰ ਕੱਟਦਾ ਹੈ
ਪਰ ਖੂਹ ਦੀ ਹੇਠਲੀ ਸਤਹਿ ਤੋਂ ਆਵਾਜ਼
ਧਰਤੀ ਦੀਆਂ ਗੁਪਤ ਨਦੀਆਂ ਤੀਕ ਅੱਪੜਦੀ ਹੈ
ਤੇ ਪਤਾ ਨਹੀਂ ਕਿੱਥੋਂ
ਲੋਕਾਂ ਦੇ ਮੂੰਹਾਂ ਰਾਹੀਂ ਉੱਚੀ ਹੁੰਦੀ ਹੈ।

ਸੰਖੇਪ ਵਿਚ ਇਹ ਸੀ ਪ੍ਰਭਾਵ ਜੋ ਚਿੱਲੀ ਦੀਆਂ ਮੇਰੀਆਂ ਯਾਤਰਾਵਾਂ ਤੋਂ ਮੈਨੂੰ ਮਿਲਿਆ। ਨੇਰੂਦਾ ਇੱਕ ਵਰਜਿਤ ਨਾਂ, ਆਸ ਦਾ ਤੇ ਸਾਡੇ ਵਿਚ ਲੋਕਾਂ ਵਜੋਂ ਜੋ ਸਭ ਤੋਂ ਚੰਗਾ ਸੀ, ਦਾ ਚਿੰਨ ਸੀ ਜਦੋਂ ਅਸੀਂ ਰੋਜ਼ ਤਾਨਾਸ਼ਾਹੀ ਦੇ ਖੌਫ ਦਾ ਸਾਹਮਣਾ ਕਰਦੇ ਸੀ।

ਦਮਕਾਂ ਮਾਰਦੇ ਭਰਾਵਾ!
..ਕੋਈ ਭੁੱਲ ਨਹੀਂ
ਕੋਈ ਐਸੀ ਧਰਤੀ ਦੀ ਰੁੱਤ ਨਹੀਂ
ਜੋ ਲੋਕਾਂ ਦੇ ਬੁੱਲ੍ਹਾਂ ਤੋਂ
ਤੇਰੇ ਨਾਂ ਨੂੰ ਪੂੰਝ ਦੇਵੇ

ਇਕ ਤਸਵੀਰ ਜੋ ਮੈਂ ਵਾੜ ਦੀ, ਕਈ ਮਹੀਨੇ ਪਹਿਲਾਂ ਖਿੱਚੀ ਸੀ ਉੱਥੇ ਇਕ ਸਤਰ ਸੀ ਜਿਹੜੀ



ਹਵਾ ਤੇ ਬਾਰਸ਼ ਨੇ ਧੋਣੀ ਸ਼ੁਰੂ ਕਰ ਦਿੱਤੀ ਸੀ "ਭੁਲਦੇ ਨਹੀ ਤੈਨੂੰ "

ਮੈਨੂੰ ਸਪਸ਼ਟ ਹੋ ਗਿਆ ਸੀ ਕਿ ਲੋਕਾਂ ਤੇ ਕਵੀ ਦੇ ਦਰਮਿਆਨ ਵਾਰਤਾਲਾਪ ਜਾਰੀ ਸੀ।

ਮੈਂ ਕਿਤਾਬ ਤਿਆਰ ਕਰਨ ਦਾ ਰਾਹ ਲੱਭ ਰਿਹਾ ਸੀ ਜਿਸਤੋਂ ਚੱਲਿਆ ਜਾਵੇ। ਇਹ ਪਾਠ ਦੇ ਪੜ੍ਹਨ ਜਾਂ ਤਸਵੀਰਾਂ ਉੱਤੇ ਝਾਕਣ ਜਾਂ ਆਕਰਸ਼ਕ ਰੂਪ ਵਿਚ ਇਕੋ ਵੇਲੇ ਦੋਵੇਂ ਗੱਲਾਂ ਕਰਨ ਵਿਚ ਪਿਆ ਸੀ।

ਤਸਵੀਰਾਂ ਦੀ ਤਰਤੀਬ ਦ੍ਰਿਸ਼ਟੀਗਤ ਭਾਸ਼ਾ ਦੀ ਤਲਾਸ਼ ਨੇ ਨਿਰਧਾਰਤ ਕਰਨੀ ਸੀ, ਜਿਹੜੀ ਇੱਕ ਪਾਸੇ ਉਨ੍ਹਾਂ ਨੂੰ ਨਾਟਕੀ ਬਿਰਤਾਂਤਕ ਸ਼ਰਚਨਾ ਪ੍ਰਦਾਨ ਕਰੇਗੀ, ਤੇ ਨੇਰੂਦਾ ਦੇ ਘਰਾਂ ਦੇ ਪ੍ਰਸੰਗ ਵਿਚ ਕੈਮਰੇ ਨੂੰ ਮਾਲਕ ਦੀਆਂ ਅੱਖਾਂ ਬਣਾ ਕੇ, ਉਸ ਨੂੰ ਵਿੱਸਰੀਆਂ ਵਸਤੂਆਂ ਵੱਲ ਤੱਕਦਾ ਤੇ ਘੁੰਮਦਾ-ਫਿਰਦਾ ਵਿਖਾਉਂਦਾ ਪ੍ਰਤੀਤ ਕਰਾਵੇਗੀ।

ਮਾਤਿਲਦੇ ਯਰੂਤੀ ਪਹਿਲਾ ਵਿਅਕਤੀ ਸੀ, ਜਿਸ ਨੇ ਮੈਨੂੰ ਨੇਰੂਦਾ ਦੇ ਦੋਸਤਾਂ ਨੂੰ ਭਾਲਣ ਵਿਚ ਮੇਰੀ ਮਦਦ ਕੀਤੀ, ਜਿਹਨਾਂ ਵਿਚੋਂ ਕਈ ਬਿਲਕੁਲ ਹੀ ਭੁੱਲ ਚੁੱਕੇ ਸੀ, ਜਾਰਜ ਸਾਊਰ ਵਰਗੇ, ਜੋ ਸ਼ਾਇਦ ਚਿੱਲੀ ਦਾ ਸਭ ਤੋਂ ਪ੍ਰਸਿੱਧ ਫੋਟੋ ਗਰਾਫਰ ਸੀ।

ਹੌਲੀ ਹੌਲੀ, ਇੱਕ ਦੋਸਤ ਤੋਂ ਦੂਸਰੇ ਤੀਕ, ਪੁਸਤਕ ਦੀ ਸੂਰਤ ਬਣਦੀ ਗਈ।

ਆਪਣੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ ਮਾਤਿਲਦੇ ਨੇ ਮੈਨੂੰ ਵਾਲਪਾਰੈਸੋ ਵਾਲੇ ਘਰ ਦੀਆਂ ਤਸਵੀਰਾਂ ਖਿੱਚਣ ਲਈ ਕਿਹਾ, ਜਿਹੜਾ ਕਿ 1973 ਦੇ ਫੌਜੂ ਰਾਜ-ਪਲਟੇ ਸਮੇਂ ਲੁੱਟਿਆ ਗਿਆ ਸੀ ਤੇ ਜਿਹੜਾ ਉਹ ਇਸ ਕਾਰਨ ਮੁਰੰਮਤ ਨਹੀਂ ਸੀ ਕਰਵਾਉਣਾ ਚਾਹੁੰਦਾ ਕਿ ਇਹ ਉਸ ਦੇ ਸ਼ਬਦਾਂ ਵਿਚ "ਜਾਂਗਲੀ ਪੁਣੇ ਦਾ ਪ੍ਰਮਾਣ" ਬਣਿਆ ਰਹੇ। ਉਸ ਦੀ ਮੌਤ ਤੋਂ ਦੋ ਦਿਨ ਬਾਅਦ, ਆਈਸਲਾ ਨੇਗਰਾ ਵਾਲਾ ਇਹ ਮਿਥਿਹਾਸਕ ਘਰ ਫੌਜ ਵੱਲੋਂ ਬੰਦ ਕਰ ਦਿੱਤਾ ਗਿਆ ਤੇ ਇਸ 'ਤੇ ਕਬਜ਼ਾ ਕਰ ਲਿਆ ਗਿਆ। ਸਤੰਬਰ 1973 ਤੋਂ ਲੱਗ ਕੇ ਜੋ ਤਸਵੀਰਾਂ ਮੈਂ ਖਿੱਚੀਆਂ ਸਨ ਹੁਣ ਤੀਕ ਉਹ ਉਸ ਘਰ ਦੇ ਇਕ ਇਕ ਦਸਤਾਵੇਜ਼ੀ ਪ੍ਰਮਾਣ ਹਨ। ਜਦੋਂ ਤੀਕ ਕਿ ਇਹ ਨੇਰੂਦਾ ਅਜਾਇਬ ਘਰ ਨਹੀਂ ਬਣ ਜਾਂਦਾ ਉਦੋਂ ਇਹ ਚਿੱਲੀ ਦੇ ਸਾਰੇ ਲੋਕਾਂ ਦੀ ਮਾਲਕੀ ਬਣ ਜਾਵੇਗਾ।

ਸਾਂਝੀਆਂ ਸਿਮ੍ਰਿਤੀਆਂ ਨੂੰ ਇਕੱਤਰ ਕਰਨਾ ਮੈਨੂੰ ਉਸ ਦੇਸ਼ ਵਿਚ ਜ਼ਰੂਰੀ ਲੱਗਿਆ ਸੀ, ਜਿੱਥੇ ਸਿਰਫ ਜੰਗ ਨੂੰ ਹੀ ਯਾਦ ਕੀਤਾ ਜਾਂਦਾ ਹੈ। ਮੇਰੀ ਤਲਾਸ਼ ਤੋਂ ਸ਼ੁਰੂ ਹੋ ਕੇ, ਯੂ.ਐਸ.ਏ. ਵਿਚ ਇਸ ਐਡੀਸ਼ਨ ਦੀ ਛਪਾਈ ਤੀਕ, ਮਾਤਿਲਦੇ ਯਰੂਤੀ ਜਾਰਜ ਸਾਊਰ, ਮੈਨੂਅਲ ਸੋਲੀਮਾਨੋ, ਜੂਲੀਓ ਕਾਰਤਾਜ਼ਾਰ ਜੋਸੇ ਵੈਨਤੁਰੇਲੀ ਤੇ ਹੋਰ ਲੋਕ, ਜਿਹਨਾਂ ਨਾਲ ਮੈਂ ਗੱਲ ਕਰਨੀ ਚਾਹੁੰਦਾ ਸੀ, ਮਰ ਚੁੱਕੇ ਹਨ।

ਮਾਰਚ 1986 ਵਿਚ ਜਦੋਂ ਨੇਰੂਦਾ ਫਾਊਂਡੇਸ਼ਨ, ਜੋ ਸਾਰੀ ਵਿਰਾਸਤ ਦੀ ਕਾਨੂੰਨੀ ਮਾਲਕ ਹੈ, ਨੂੰ ਚਿੱਲੀ ਵਿੱਚ ਸਰਕਾਰੀ ਪ੍ਰਵਾਨਗੀ ਨਹੀਂ ਮਿਲੀ ਸੀ। ਇਸ ਦੇ ਮੈਂਬਰਾਂ ਨੇ ਇਸ ਪੁਸਤਕ ਦੀਆਂ 500 ਕਾਪੀਆਂ ਛਾਪਣ ਦਾ ਫੈਸਲਾ ਕੀਤਾ ਸੀ। ਕੁਝ ਮਹੀਨੇ ਪਿਛੋਂ, ਅਲਾਸਤੈਰ ਰੀਡ, ਜੋ ਨੇਰੂਦਾ ਦਾ ਅਨੁਵਾਦਕ ਤੇ ਸਖੀ ਮਿਤਰ ਸੀ ਜੋ ਇਸ ਪੁਸਤਕ ਦੀ ਅੰਗ੍ਰੇਜ਼ੀ ਐਡੀਸ਼ਨ ਦੀ ਛਪਾਈ ਦਾ ਕਾਰਨ ਬਣਿਆ।

ਤੇ ਇਹ ਉਹ ਰਾਹ ਸੀ ਜਿਸ ਰਾਹੀਂ ਮੈਂ ਪੱਕੇ ਤੌਰ 'ਤੇ ਚਿੱਲੀ ਰਹਿਣਾ ਚੁਣਿਆ ਤੇ ਸ਼ਾਇਦ ਨੇਰੂਦਾ ਦਾ ਹੱਥ ਫੜ ਕੇ ਇਹ ਫੈਸਲਾ ਕੀਤਾ।

*ਲੁਈਸ ਪਾਈਰੋਟ, ਸਨਤਿਆਗੋ, ਚਿੱਲੀ, ਜਨਵਰੀ 1989*

## 1. ਰਾਫੀਤਾ/ਰਾਜਗੀਰ

ਮੈਂ ਪਹਿਲਾਂ ਉਸ ਦਾ 1948 ਵਿਚ ਵਾਕਫ ਬਣਿਆ। ਮੈਂ ਉਸ ਲਈ ਵੀਹ ਸਾਲ ਕੰਮ ਕੀਤਾ ਸੀ। ਘਰ ਦਾ ਬਹੁਤ ਹਿੱਸਾ ਮੈਂ ਹੀ ਬਣਾਇਆ ਸੀ, ਆਖਰੀ ਭਾਗ ਵੀ, ਜਿਹੜਾ ਉਸ ਨੇ ਮੁਕੰਮਲ ਹੋਇਆ ਨਹੀਂ ਵੇਖਿਆ।

ਸ਼ੁਰੂ ਵਿਚ ਇਹ ਦੋ ਕਮਰਿਆਂ ਦਾ ਘਰ ਸੀ, ਨਾਲ ਗੁਸਲਖਾਨਾ ਤੇ ਰਸੋਈ। ਹਰ ਸਾਲ ਉਹ ਕੋਈ ਭਾਗ ਹੋਰ ਜੋੜ ਦਿੰਦਾ। ਉਹ ਜਿਸ ਗੱਲ ਦੀ ਲੋੜ ਹੁੰਦੀ, ਨਕਸ਼ਾ ਬਣਾ ਕੇ ਦੱਸਦਾ। ਮਨ ਦੀ ਮੌਜ ਅਨੁਸਾਰ ਕੋਈ ਸਿੱਧਾ ਕੋਨ ਨਹੀਂ, ਸਾਰੇ ਹੀ ਵਿੰਗੇ ਹੁੰਦੇ ਤੇ ਅਜੀਬ ਸ਼ਕਲਾਂ।

ਮੈਂ ਜਹਾਜ਼ਾਂ ਦੇ ਸਿਰ ਟਿਕਾਏ, ਮੈਂ ਉਹਨਾਂ ਮਿੱਤਰਾਂ ਦੇ ਨਾਂ ਉਕਰੇ ਜੋ ਮਰ ਗਏ ਸੀ. ਜਿਹੜੇ ਉਸਨੇ ਸ਼ਤੀਰ ਉੱਤੇ ਚਾਕ ਨਾਲ ਲਿਖੇ ਸੀ ਉਹ ਮੇਰੇ ਨਾਲ ਬੜਾ ਚੰਗਾ ਸੀ। ਉਹ ਮੇਰੇ ਨਾਲ ਪੁੱਤਰ ਵਾਂਗ ਵਿਹਾਰ ਕਰਦਾ ਕਿਸੇ ਦਿਹਾੜੀਦਾਰ ਵਾਂਗ ਨਹੀਂ, ਵਧੇਰੇ ਕਰਕੇ ਮਿੱਤਰ ਵਾਂਗ। ਉਹ ਦਾ ਗੱਲ ਕਰਨ ਦਾ ਇਕ ਢੰਗ ਸੀ, ਕਹਿਣ ਦਾ ਢੰਗ ਉਹ ਸਿਰਫ ਉਸ ਦਾ ਹੀ ਸੀ।

ਮੈਂ ਹਾਲੀ ਵੀ ਘਰ ਦੀ ਦੇਖ-ਭਾਲ ਕਰਦਾ ਹਾਂ।

## 2. ਫਰਾਂਸਿਸਕੋ ਵਲਾਸਕੋ ਤੇ ਮਾਰੀਆ ਮਾਰਤਵਰ

ਨੇਰੂਦਾ ਪਹਿਲਾਂ ਹੀ ਬੀਮਾਰ ਸੀ, ਤੇ ਇਕ ਦਿਨ, ਸਮੁੰਦਰ ਲਾਗੇ ਲੰਮੀ ਵਾਰਤਾਲਾਪ ਤੋਂ ਬਾਅਦ ਉਸਨੇ ਮੈਨੂੰ ਅਚਾਨਕ ਹੀ ਪੁਛਿਆ ਕੀ ਤੇਰਾ ਪੁਨਰ-ਜਨਮ ਵਿਚ ਭਰੋਸਾ ਹੈ ਤੇ ਮੈਂ ਹੈਰਾਨ ਹੋਇਆ. ਕਿਉਂਕਿ ਸਾਡੇ ਵਾਰਤਾਲਾਪ ਵਿਚ ਕਦੇ ਇਹ ਪ੍ਰਸ਼ਨ ਉਠਿਆ ਹੀ ਨਹੀਂ ਸੀ। "ਮੈਂ ਨਹੀਂ ਜਾਣਦਾ ਤੁਸੀਂ ਕੀ ਸੋਚਦੇ ਹੋ" "ਖੈਰ, ਹੋ ਸਕਦਾ ..... ਪਰ ਜੇ ਇੰਞ ਹੋਵੇ ਮੈਂ ਪੰਛੀ ਬਣਨਾ ਪਸੰਦ ਕਰਾਂਗਾ, ਸ਼ਾਇਦ ਬਾਜ਼"।

ਨੇਰੂਦਾ ਦੀ ਮੌਤ ਤੋਂ ਬਾਅਦ ਇਕੋ ਦਿਨ ਜਦੋਂ ਘਰ ਦੇ ਪਹਿਰੇਦਾਰ ਨੇ ਘਬਰਾਏ ਹੋਏ ਮੈਨੂੰ ਸੱਦਿਆ, "ਡੋਨ ਪਾਂਚੋ.... ਡੋਨ ਪਾਬਲੋ ਦੇ ਘਰ ਇੱਕ ਪੰਛੀ ਹੈ।"

ਘਰ ਵਿਚ ਜਿਹੜਾ ਕਿ ਕਈ ਮਹੀਨਿਆਂ ਤੋਂ ਬੰਦ ਸੀ, ਇਕ ਨੌਜਵਾਨ ਬਾਜ਼ ਮਲਬੇ ਦੀ ਲੁੱਟ ਵਿਚੋਂ ਸਾਡੇ ਵੱਲ ਟਿੱਕ ਕੇ ਵੇਖ ਰਿਹਾ ਸੀ।

## 3. ਰਾਫਾਇਲ ਅਲਬਰਤੀ (ਕਵੀ)

1946 ਵਿਚ ਮੇਰੀ ਚਿੱਲੀ ਦੀ ਯਾਤਰਾ ਸਮੇਂ ਉਸ ਵੱਲੋਂ ਕਵਿਤਾ ਪਾਠ ਤੇ ਗੱਲਾਂ-ਬਾਤਾਂ ਲਈ ਸੱਦੇ ਜਾਣ 'ਤੇ ਨੇਰੂਦਾ ਨਿਰਸੰਦੇਹ ਸਭ ਤੋਂ ਵੱਧ ਹਰਮਨ ਪਿਆਰਾ ਕਵੀ ਸੀ। ਚਿਲੀ ਵਾਸੀਆਂ ਲਈ ਸਭ ਸ਼੍ਰੇਣੀਆਂ ਦਾ ਪਿਆਰਾ। ਉਸ ਸਨਤਿਆਗੋ ਦੇ ਬਾਹਰਲੇ ਇਲਾਕੇ ਵਿਚ ਉਸ ਸਮੇਂ ਇਕ ਖੁੱਲ੍ਹੇ ਘਰ ਵਿਚ ਰਹਿ ਰਿਹਾ ਸੀ. ਜਿਸ ਵਿਚ ਸੁੰਦਰ ਬਾਗ ਸੀ, ਅੱਧਾ ਯੋਜਨਾ ਬੱਧ ਤੇ ਅੱਧਾ ਜੰਗਲੀ। ਆਪਣੀ ਠਹਿਰ ਸਮੇਂ ਮੇਰੇ ਮਾਣ ਵਿਚ ਕਈ ਪਾਰਟੀਆਂ ਦਿੱਤੀਆਂ। ਸਦਾ ਹੀ ਲੋਕਾਂ ਦੇ ਅਜੀਬ ਮਿਲਗੋਭੇ ਨਾਲ, ਜਿਹਨਾਂ ਵਿਚ ਨਿਰਸੰਦੇਹ ਕਵੀ, ਲਿਖਾਰੀ ਰਾਜਨੀਤੀਵਾਨ, ਚਿਤਰਕਾਰ ਤੇ ਕਾਫੀ ਸਾਰੇ ਬੂਹੇ-ਭੰਨ ਵੀ ਹੁੰਦੇ ਸੀ, ਲੋਕ ਜਿਹਨਾਂ ਨੂੰ ਪਾਬਲੋ ਨੇ ਕਦੇ ਤੱਕਿਆ ਨਹੀਂ ਸੀ।

ਮੈਨੂੰ ਕਦੇ ਨਹੀਂ ਭੁੱਲ ਸਕਦਾ, ਕਿ ਇਹਨਾਂ ਪਾਰਟੀਆਂ ਵਿਚ ਇਕ ਪਹਿਲੀ ਵਿਚ ਪਾਬਲੋ ਤੇ ਮੈਂ



ਰਸੋਈ ਦਾ ਬੂਹਾ ਖੋਲ੍ਹਿਆ ਕੁਝ ਅਜੀਬ ਵਿਖਾਈ ਦਿੰਦੇ ਲੋਕ ਵੇਖੇ ਜਿਹਨਾਂ ਕੋਲ ਵਾਈਨ ਦੇ ਗਲਾਸ ਸਨ ਤੇ ਇੱਕ ਵੱਡੀ ਬਾਟੀ ਵਿਚ ਕਿੰਨੇ ਸਾਰੇ ਆਂਡੇ ਤੜਕ ਰਹੇ ਸਨ। ਪਾਬਲੋ ਖੁਸ਼ ਤੇ ਦੁਬਿਧਾ ਵਿਚ ਪਏ ਹੋਏ ਨੇ, ਮੈਨੂੰ ਇਸ਼ਾਰਾ ਕੀਤਾ ਤੇ ਅਸੀਂ ਚੁੱਪ-ਚਾਪ ਉਥੋਂ ਖਿਸਕ ਗਏ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਕਿ ਉਹ ਕੀ ਕਰ ਰਹੇ ਹਨ। ਪਾਬਲੋ ਨੇ ਮੈਨੂੰ ਕਿਹਾ "ਮੈਨੂੰ ਨਹੀਂ ਪਤਾ ਉਹ ਕੌਣ ਹਨ। ਮੈਂ ਇਹਨਾਂ ਨੂੰ ਪਹਿਲਾਂ ਕਦੇ ਨਹੀਂ ਵੇਖਿਆ।"

ਮੇਰੀ ਬਾਂਹ ਫੜ ਕੇ ਉਹ ਮੈਨੂੰ ਪ੍ਰਾਹੁਣਿਆ ਤੋਂ ਪਰੇ ਵੱਖਰੇ ਕਮਰੇ ਵਿੱਚ ਲੈ ਗਿਆ ਤੇ ਪਿਛੇ ਧਿਆਨ ਨਾਲ ਬੂਹਾ ਬੰਦ ਕਰ ਦਿੱਤਾ। ਉਥੇ ਮੈਨੂੰ ਵਾਈਨ ਦਾ ਵੱਡਾ ਗਲਾਸ ਦਿੱਤਾ ਤੇ ਆਪ ਖੁਲ੍ਹੀ ਵਿਸਕੀ ਪਾਈ ਤੇ ਕਿਹਾ, "ਮੈਂ ਤੈਨੂੰ ਇਕ ਚੀਜ਼ ਸੁਣਾਉਣ ਲੱਗਾ ਹਾਂ। ਜਿਹੜੀ ਮੇਰਾ ਖਿਆਲ ਹੈ ਕਾਫੀ ਮਹਤੱਵਪੂਰਨ ਹੈ ਤੇ ਜਿਸ ਬਾਰੇ ਹਾਲੇ ਕੋਈ ਵੀ ਨਹੀਂ ਜਾਣਦਾ ਤੇ ਆਪਣੀ ਹੌਲੀ ਨਿੰਦਰਆਈ ਆਵਾਜ਼ ਵਿਚ ਉਸਨੇ "ਮਾਚੂ ਪੀਚੂ ਦੀਆਂ ਉਚਾਈਆਂ" ਸਾਰੀ ਪੜ੍ਹ ਕੇ ਸੁਣਾਈ। ਉਹ ਮਹਾਨ ਤੇ ਸਪਸ਼ੱਟ ਤੌਰ 'ਤੇ ਅਮਰੀਕੀ ਕਵਿਤਾ, ਜੋ ਉਸਨੇ ਬੱਦਲਾਂ ਦੇ ਪੱਥਰਾਂ ਵਾਲੇ ਅਜੀਬ ਸ਼ਹਿਰ ਚੋਂ ਵਾਪਸ ਲਿਆਂਦੀ ਸੀ। ਲੰਮਾ ਤੇ ਗੁਪਤ ਪਾਠ ਖ਼ਤਮ ਹੋਣ ਤੇ ਅਸੀਂ ਪਾਰਟੀ ਵਿਚ ਵਾਪਸ ਪਰਤ ਆਏ। ਸਪਸ਼ੱਟ ਭਾਂਤ ਪ੍ਰਾਹੁਣੇ ਕਈ ਗੁਣਾ ਵਧ ਗਏ ਸੀ। ਚਿੱਲੀ ਦੀ ਪ੍ਰਸਿੱਧ ਵਾਈਨ ਖੁੱਲ੍ਹੀ ਵਗ ਰਹੀ ਸੀ ਤੇ ਹਰ ਥਾਂ ਚਿੱਲੀ ਸਪੇਨੀ ਲੈਅ ਭਰਮਾਊ ਤੇ ਸੁਖਾਵੀਂ ਲੱਗਦੀ ਸੀ।

ਇਹ ਪਹਿਲਾ ਤੇ ਆਖਰੀ ਮੌਕਾ ਸੀ ਕਿ ਮੈਂ ਪਾਬਲੋ ਨੂੰ ਉਸ ਦੇ ਸੁੰਦਰ ਪਰ ਅਤਿਆਚਾਰੀ ਦੇਸ਼ ਵਿਚ ਵੇਖਿਆ।

## 4. ਮਾਤਿਲਦੇ ਯਰੂਤੀਆ (ਪਤਨੀ)

ਆਈਸਲਾ ਨੇਗਰਾ ਵਿਚ ਜਦੋਂ ਉਸ ਦਾ ਕੰਮ ਕਰਨ ਵਾਲਾ ਕਮਰਾ ਬਣ ਚੁੱਕਾ ਸੀ ਤਾਂ ਉਸਨੇ ਮਾਤਿਲਦੇ ਨੂੰ ਕਿਹਾ, "ਮੈਨੂੰ ਇੱਕ ਬੈਂਚ ਚਾਹੀਦਾ ਹੈ, ਵਿਸ਼ੇਸ਼ ਬੈਂਚ। ਮੈਨੂੰ ਨਹੀਂ ਪਤਾ ਕਿਸ ਤਰ੍ਹਾਂ ਦਾ ਹੋਵੇ, ਪਰ ਇਹ ਵਿਸ਼ੇਸ਼ ਹੋਵੇ।"

ਮਾਤਿਲਦੇ ਨੇ ਕਈ ਤਜਵੀਜ਼ਾਂ ਦਿੱਤੀਆਂ- ਖਿੜਕੀਆਂ ਪੁਰਾਣੇ ਬੂਹੇ, ਜੋ ਉਸਨੇ ਪਾਸੇ ਸੁੱਟ ਦਿੱਤੇ। ਇਕ ਦਿਨ, ਲੱਗਪਗ ਮੁਕੰਮਲ ਹੋਏ ਕਮਰੇ ਵਿਚੋਂ ਸਮੁੰਦਰ ਵੱਲ ਵੇਖਦੇ ਉਸਨੇ ਕੋਈ ਚੀਜ਼ ਵੇਖੀ, ਜਿਸਨੇ ਉਸ ਦਾ ਧਿਆਨ ਖਿੱਚ ਲਿਆ।

ਮਾਤਿਲਦੇ! ਮਾਤਿਲਦੇ! ਮੇਰਾ ਬੈਂਚ! ਮੇਰਾ ਬੈਂਚ! ਉਹ ਦੋਵੇਂ ਸਮੁੰਦਰ ਦੇ ਕਿਨਾਰੇ ਵੱਲ ਗਏ ਤੇ ਰੇਤ 'ਤੇ ਬੈਠ ਗਏ। ਲਹਿਰ ਨੂੰ ਉਡੀਕਦੇ ਜਿਸਨੇ ਉਹ ਲਕੜੀ ਰੋੜ੍ਹ ਕੇ ਲਿਆਉਣੀ ਸੀ ਜਿਸਦਾ ਨੇਰੂਦਾ ਦਾ ਬੈਂਚ ਬਣਨਾ ਸੀ।

-0-

ਆਈਸਲਾ ਨੇਗਰਾ ਵਿਚ ਉਸ ਦੇ ਕੰਮ ਕਰਨ ਵਾਲਾ ਮੇਜ਼। ਜਦੋਂ ਦਰਸ਼ਕ ਪਹਿਲੀ ਵਾਰ ਘਰ ਵਿਚ ਆਉਂਦੇ ਹਨ ਮੈਂ ਉਹਨਾਂ ਨੂੰ ਇਹ ਮੇਜ਼ ਵਿਖਾਉਂਦੀ ਹਾਂ ਤੇ ਆਖਦੀ ਹਾਂ "ਪਾਬਲੋ ਏਥੇ ਆਪਣੀਆਂ ਕਵਿਤਾਵਾਂ ਲਿਖਦਾ ਹੁੰਦਾ ਸੀ। ਉਹ ਇਸ ਮੇਜ਼ ਦੀ ਅਸਾਧਾਰਨ ਤੌਰ ਤੇ ਸ਼ੌਕੀਨ ਸੀ।" ਉਹ ਇਸ ਵੱਲ ਵੇਖਦੇ ਹਨ। ਕਈ ਵੇਰ ਅਸਚਰਜਤਾ ਨਾਲ ਕਈ ਵਾਰ ਲਾਪ੍ਰਵਾਹੀ ਨਾਲ। ਇਹ ਨਗੂਣਾ ਜਿਹਾ ਮੇਜ਼ ਹੈ। ਮੁੱਖ ਤੌਰ 'ਤੇ ਜਿਹੜੇ ਲੋਕ ਘਰ ਵੇਖਣ ਆਉਂਦੇ ਹਨ, ਉਹ ਚੀਜ਼ਾਂ ਨਹੀਂ ਵੇਖਦੇ, ਜਿਹਨਾਂ ਨੂੰ ਪਾਬਲੋ

ਸਭ ਤੋਂ ਜ਼ਿਆਦਾ ਪਿਆਰ ਕਰਦਾ ਹੁੰਦਾ ਸੀ ਕਿਉਂਕਿ ਉਹ ਬੜੀਆਂ ਸਾਦਾ ਚੀਜ਼ਾਂ ਨੇ; ਬਹੁਤ ਹੀ ਘੱਟ ਪਦਾਰਥਕ ਮੁੱਲ ਦੀਆਂ। ਉਹ ਪੱਥਰਾਂ ਨੂੰ ਲੱਭਦਾ ਤੇ ਪਿਆਰ ਕਰਦਾ ਹੁੰਦਾ ਸੀ, ਜਿਹਨਾਂ ਨੂੰ ਸਮੇਂ ਦੀ ਸਰਗਰਮੀ ਨੇ ਕੂਲੇ ਬਣਾ ਦਿੱਤਾ ਹੋਇਆ ਸੀ। ਉਸ ਨੂੰ ਜੜ੍ਹਾਂ ਖਿੱਚ ਪਾਉਂਦੀਆਂ ਸਨ। ਉਸ ਕੋਲ ਲੱਕੜੀ ਦੇ ਕਈ ਟੁਕੜੇ ਸਨ ਜੋ ਉਸਨੂੰ ਜੰਗਲ ਵਿਚੋਂ ਲੱਭੇ ਸਨ। ਉਹ ਮੈਨੂੰ ਦੱਸਦਾ ਸੀ ਕਿ ਇਹ ਬੁੱਤ-ਕਲਾ ਦੇ ਨਿੱਕੇ ਨਮੂਨੇ ਹਨ। ਇਹ ਘਰ ਉਸ ਲਈ ਸੁਪਨੇ ਦਾ ਬ੍ਰਹਿਮੰਡ ਸੀ। ਸਿਰਫ ਉਹ ਹੀ ਵਸਤਾਂ ਦੀ ਸਹੀ ਕੀਮਤ ਨੂੰ ਸਮਝਦਾ ਸੀ। ਮੈਂ, ਜੋ ਉਸਦਾ ਪ੍ਰਛਾਵਾਂ ਹਾਂ, ਵੀ ਸਮਝਦੀ ਸੀ।

## 5. ਬਹੁਤ ਵੱਡੀ ਸਾਰੀ ਜੁੱਤੀ/*ਮਾਤਿਲਦੇ ਯਰੂਤੀਆ*

ਕਮਰੇ ਦੇ ਇੱਕ ਹਿੱਸੇ ਵਿਚ, ਸਾਰੀ ਨੁੱਕਰ ਮੱਲੀ ਬੈਠੀ ਇੱਕ ਬਹੁਤ ਵੱਡੀ ਜੁੱਤੀ ਪਈ ਹੈ। ਇਸ ਦਾ ਮਾਲਕ ਤੇਮੂਕਾ ਦਾ ਇਕ ਮੋਚੀ ਸੀ। ਇਕ ਦਿਨ, ਅਸੀਂ ਮੰਡੀ ਦੇ ਬਹੁਤ ਕੋਲ ਦੀ, ਗਲੀ ਵਿਚ ਜਾ ਰਹੇ ਸੀ, ਜਦੋਂ ਅਚਾਨਕ ਹੀ ਪਾਬਲੋ ਰੁਕ ਗਿਆ 'ਤੇ ਉਸ ਦੀ ਨਜ਼ਰ ਵੱਡੀ ਜੁੱਤੀ 'ਤੇ ਪਈ। ਮੈਂ ਅਨੁਭਵ ਕੀਤਾ ਕਿ ਇਸ ਨੂੰ ਪ੍ਰਾਪਤ ਕਰਨ ਦਾ ਮਾਨਸਿਕ ਸੰਘਰਸ਼ ਸ਼ੁਰੂ ਹੋ ਗਿਆ ਸੀ। ਅਸੀਂ ਲਾਗੇ ਗਏ, ਤੇ ਇਸ ਵੱਲ ਤੱਕਿਆ। ਅਸੀਂ ਮੋਚੀ ਵੱਲ ਤੱਕਿਆ, ਜਿਸ ਨੇ ਸਾਡੇ ਵੱਲ ਧਿਆਨ ਹੀ ਨਾ ਦਿੱਤਾ ਤੇ ਆਪਣਾ ਕੰਮ ਕਰਦਾ ਗਿਆ।

"ਤੁਹਾਡੇ ਕੋਲ ਕਿੰਨੀ ਸੋਹਣੀ ਜੁੱਤੀ ਹੈ" ਪਾਬਲੋ ਨੇ ਉਸਨੂੰ ਕਿਹਾ, ਉਸਨੇ ਸਾਡੇ ਵੱਲ ਵੇਖਿਆ ਤੇ ਇਸ ਤੋਂ ਪਹਿਲਾਂ ਕਿ ਅਸੀਂ ਕੁਝ ਹੋਰ ਕਹਿ ਸਕਦੇ, ਉਸਨੇ ਚਿਤਾਵਨੀ ਦਿੱਤੀ, "ਇਹ ਵੇਚਣ ਲਈ ਨਹੀਂ ਹੈ। ਇਹ ਕਰਜ਼ੇ ਤੇ ਦੇਣ ਲਈ ਵੀ ਨਹੀਂ। ਇਹ ਸਿਰਫ ਵੇਖਣ ਲਈ ਹੈ।" ਅਸੀਂ ਹੱਸ ਪਏ। ਪਾਬਲੋ ਦੀਆਂ ਅੱਖਾਂ ਵਿਚ ਲੋਭੀ ਬੱਚੇ ਵਰਗੀ ਤੱਕਣੀ ਸੀ, "ਮੈਂ ਆਪਣਾ ਨਾਂ ਤੇ ਪਤਾ ਤੁਹਾਨੂੰ ਦੇ ਕੇ ਜਾ ਰਿਹਾ ਹਾਂ" ਪਾਬਲੋ ਨੇ ਉਸ ਨੂੰ ਕਿਹਾ "ਮੈਂ ਖੁਸ਼ ਹੋਵਾਂਗਾ ਜੇ ਤੁਸੀਂ ਉਹ ਜੁੱਤੀ ਮੈਨੂੰ ਵੇਚ ਦਿਓ।" ਉਸਨੇ ਆਪਣਾ ਨਾਂ ਲਿਖ ਦਿੱਤਾ ਤੇ ਤੁਰ ਗਿਆ। "ਪਤੇਜਾ ਸਾਨੂੰ ਕੁਝ ਕਰਨਾ ਪਵੇਗਾ" ਉਸਨੇ ਬੇਸਬਰੀ ਨਾਲ ਮੈਨੂੰ ਕਿਹਾ। ਜੁੱਤੀ ਉਸਨੂੰ ਤੰਗ ਕਰ ਰਹੀ ਸੀ।

ਸ਼ਾਮ ਨੂੰ ਮੈਂ ਮੋਚੀ ਕੋਲ ਵਾਪਸ ਗਈ। ਮੈਂ ਉਸਨੂੰ ਆਪਣੇ ਆਈਸਲਾ ਨੇਗਰਾ ਵਾਲੇ ਘਰ ਬਾਰੇ ਸਭ ਕੁਝ ਦੱਸਿਆ, ਸਮੁੰਦਰ ਬਾਰੇ ਵੀ। ਮੈਂ ਕਿਹਾ ਕਿ ਪਾਬਲੋ ਚੀਜ਼ਾਂ ਨੂੰ ਪਿਆਰ ਕਰਦਾ ਸੀ ਤੇ ਉਹ ਕਿਵੇਂ ਉਹਨਾਂ ਬਾਰੇ ਫਿਕਰਮੰਦੀ ਕਰਦਾ ਹੈ। ਉਸ ਥਾਂ 'ਤੇ ਉਸ ਜੁੱਤੀ ਨੂੰ ਵਧੇਰੇ ਵੇਖਿਆ ਤੇ ਪਸੰਦ ਕੀਤਾ ਜਾਵੇਗਾ। ਉਹ ਕੁਝ ਨਾ ਬੋਲਿਆ। ਮੈਂ ਉਸ ਨੂੰ ਪਾਬਲੋ ਦੇ ਕਵਿਤਾ ਪਾਠ ਨੂੰ ਸੁਣਨ ਲਈ ਦਾਅਵਤ ਦਿੱਤੀ ਤੇ ਮੈਂ ਉਸਨੂੰ ਚਾਰ ਟਿਕਟਾਂ ਦਿੱਤੀਆਂ ਤਾਂ ਕਿ ਉਹ ਆਪਣੀ ਪਤਨੀ ਤੇ ਹੋਰ ਦੋਸਤਾਂ ਨੂੰ ਸੱਦ ਸਕੇ। ਅਲਵਿਦਾ ਵਜੋਂ ਉਸਨੇ ਮੈਨੂੰ ਕਿਹਾ, "ਸਨੋਰਾ, ਆਪਣਾ ਵਕਤ ਜ਼ਾਇਆ ਨਾ ਕਰ।"

ਅਸੀਂ ਅਗਲੇ ਦਿਨ ਵਾਪਸ ਚਲੇ ਗਏ। ਉਹ ਉਦਾਸ ਤੇ ਸੰਗਾਊ ਆਦਮੀ, ਜਿਸਨੇ ਸਾਡੇ ਵੱਲ ਧਿਆਨ ਹੀ ਨਹੀਂ ਸੀ ਦਿੱਤਾ, ਹੁਣ ਬਦਲ ਚੁੱਕਾ ਸੀ। ਉਹ ਸਾਡਾ ਮਿੱਤਰ ਬਣ ਗਿਆ ਸੀ। ਉਸਨੇ ਪਾਬਲੋ ਨੂੰ ਜੀ ਆਇਆਂ ਕਿਹਾ ਤੇ ਆਖਣ ਲੱਗਾ," ਮੈਂ ਤੁਹਾਨੂੰ ਮੇਰੇ ਨਾਲ ਇੱਕ ਰਿਆਇਤ ਕਰਨ ਲਈ ਕਹਿਣਾ ਚਾਹਾਂਗਾ। ਮੈਨੂੰ ਆਪਣੀ ਉਹ ਕਿਤਾਬ ਦੇ ਦਿਓ, ਜਿਸ ਵਿਚ, The More Mother ਕਵਿਤਾ ਹੈ ਤੇ ਇਹ ਤੁਸੀ ਮੈਨੂੰ ਭੇਂਟ ਕਰ ਦਿਓ। ਉਹ ਜੁੱਤੀ ਦਾ ਮੁੱਲ ਹੋਵੇਗਾ, ਜੋ ਹੁਣ ਤੁਹਾਡੀ ਹੈ। ਤੁਸੀ ਉਹ ਲੋਕ ਜੇ, ਜਿਹਨਾਂ ਕੋਲ ਇਹ ਜੁੱਤੀ ਹੋਣੀ ਚਾਹੀਦੀ ਹੈ।



## 6. ਨੀਕਾਨੋਰ ਪਾਰਾ

ਭਲੇ ਲੋਕੋ ਤੇ ਭੈਣੋ, ਮੈਂ ਨੇਰੂਦਾ ਦਾ ਅਚਾਨਕ ਬਣਿਆ ਕਾਵਿ-ਰਸੀਆ ਨਹੀਂ ਹਾਂ। ਜਦੋਂ ਤੋਂ ਦਲੀਲਬਾਜ਼ੀ ਕਰਨੀ ਸਿਖੀ, ਨੇਰੂਦਾ ਦੇ ਪ੍ਰਸ਼ਨ ਨੇ ਮੈਨੂੰ ਖੋਭੀ ਰੱਖਿਆ ਹੈ। ਕੋਈ ਅਜਿਹਾ ਦਿਨ ਨਹੀਂ ਲੰਘਦਾ ਜਦੋਂ ਮੈਂ ਉਸ ਨੂੰ ਇਕ ਵਾਰ ਯਾਦ ਨਹੀਂ ਕਰਦਾ। ਮੈਂ ਉਸ ਨੂੰ ਬੜੇ ਧਿਆਨ ਨਾਲ ਪੜ੍ਹਦਾ ਹਾਂ, ਮੈਂ ਉਸਦੇ ਵਾਰਸ਼ਿਕ ਰਾਸ਼ੀ-ਚੱਕਰ ਦਾ ਵਧਦੀ ਹੈਰਾਨੀ ਨਾਲ ਪਿੱਛਾ ਕਰਦਾ ਹਾਂ। ਮੈਂ ਆਪਣਾ ਨਿਖੇੜਾ ਕਰਦਾ ਹਾਂ। ਉਸਦਾ ਆਪਣੇ ਨਾਲ ਮੁਕਾਬਲਾ ਕਰਦਾ ਹਾਂ ਤੇ ਜੋ ਸੰਭਵ ਹੋਵੇ, ਸਿਖਣ ਦਾ ਯਤਨ ਕਰਦਾ ਹਾਂ। ਮੈਂ ਉਸਦੀ ਜ਼ਿੰਦਗੀ ਵਿਚਲੇ ਨਾਟਕੀ ਛਿਣਾਂ ਨੂੰ ਜੋ ਉਸ ਨੇ ਮਨੁੱਖਤਾ ਦੇ ਭਲੇ ਲਈ ਅਰਪਿਤ ਕੀਤੇ ਸਨ, ਆਪਣੇ ਕਾਵਿ ਚੌਬਰਗੇ ਅਰਪਨ ਕੀਤੇ ਹਨ।

ਮੈਂ ਕਈ ਸਾਲ ਉਸ ਨਾਲ ਇਕ ਗਵਾਂਢੀ ਸ਼ਾਗਿਰਦ ਤੇ ਕਦੇ ਕਦਾਈਂ ਆਉਣ ਵਾਲੇ ਮਹਿਮਾਨ ਵਾਂਗ ਇੱਕਠੇ ਗੁਜ਼ਾਰੇ ਹਨ। ਇਸ ਤੋਂ ਵੀ ਵੱਧ ਅਸੀਂ ਆਪੋ ਵਿਚ, ਕਈ ਵਸਤਾਂ ਤੇ ਬਿੰਬ ਵਟਾਏ ਹਨ। ਲੋਪਾਜ਼ ਵਲਾਰਵੇ ਨਾਲ ਵਿੱਟਮੈਨ ਦੀ ਕਿਤਾਬ, ਅਰਾਕਾਨੀਅਨ ਚੋਗੇ ਨਾਲ ਕਵਿੰਚਾ ਮਾਲੀ ਮਿੱਟੀ ਦਾ ਬਰਤਨ, ਕੁਝ ਫੁੱਲਾਂ ਤੇ ਤਿਤਲੀਆਂ ਬਦਲੇ ਜੇਬੀ-ਘੜੀ, ਇਹ ਸਾਰੀਆਂ ਗੱਲਾਂ ਮੇਰੇ ਖਿਆਲ ਵਿਚ ਮੈਨੂੰ ਨੇਰੂਦਾ ਦੇ ਪ੍ਰਪੱਕ ਪ੍ਰਸ਼ੰਸਕ ਹੋਣ ਦਾ ਹੱਕ ਦਿੰਦੀਆਂ ਹਨ।

ਫਿਰ ਵੀ ਮੈਂ ਨਵੇਂ ਬਣੇ ਈਸਾਈ ਵਾਂਗ ਪ੍ਰਤੀ ਕਰਮ ਕਰਦਾ ਹਾਂ। ਮੇਰੀ ਸੁਹਿਰਦਤਾ ਨੂੰ ਮੁਆਫ਼ ਕਰ ਦੇਣਾ। ਪਰ ਮੇਰੀ ਹਾਲਤ ਉਸ ਨਵੇਂ ਬੜੇ ਗਰੈਜੂਏਟ ਵਰਗੀ ਹੈ, ਜਿਸਨੂੰ ਯੂਨੀਵਰਸਿਟੀ ਦੇ ਰੀਐਕਟਰ ਨਾਲ ਗੱਲ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ ਹੈ ਤੇ ਜਿਹੜਾ ਜਵਾਨ ਆਦਮੀ ਦੀ ਘਬਰਾਹਟ ਕਾਰਨ ਹਰ ਗੱਲ ਭੁੱਲ ਜਾਂਦਾ ਹੈ। ਮੈਂ ਥਥਕਾਉਂਦਾ ਹਾਂ ਤੇ ਆਪਣੀ ਆਵਾਜ਼ ਗਵਾ ਬੈਠਦਾ ਹਾਂ। ਮੇਰਾ ਮਨ ਕੋਰਾ ਵਰਕਾ ਹੈ।

## 7. ਡੀਗੋ ਮੂਨੋਸ

1973 ਦੀ ਗਰਮੀ ਰੁੱਤੇ ਪਾਬਲੋ ਤੇ ਮੈਂ ਪੰਦਰਾਂ ਦਿਨ ਲੰਮੀ ਗੁਫ਼ਤਗੂ ਜਾਰੀ ਰੱਖੀ। ਮੈਂ ਐਲ-ਟਾਬੋ ਵਿਖੇ ਠਹਿਰਿਆ ਹੋਇਆ ਸੀ ਜੋ ਆਈਸਲਾ ਨੇਗਰਾ ਤੋਂ ਪੈਦਲ ਤੁਰ ਕੇ ਸੌਖੇ ਹੀ ਆਇਆ ਜਾ ਸਕਦਾ ਸੀ ਤੇ ਮੈਂ ਹਰ ਰੋਜ਼ ਉਸ ਵੇਲੇ ਆਉਂਦਾ ਸੀ, ਜਦੋਂ ਪਾਬਲੋਂ ਦੁਪਹਿਰ ਦੇ ਆਰਾਮ ਕਰਨ ਤੋਂ ਬਾਅਦ ਉਠਦਾ ਸੀ, ਵਿਸਕੀ ਦੀ ਬੋਤਲ ਰੱਖੀ ਜਾਂਦੀ ਤੇ ਨਾਲ ਦੋ ਗਲਾਸ ਤੇ ਬਰਫ ਦੀ ਬਾਲਟੀ। ਅਸੀਂ ਆਪੇ ਹੀ ਵਰਤਾਉਂਦੇ ਤੇ ਇਕ ਦੂਸਰੇ ਦੀ ਸਿਹਤ ਦਾ ਜਾਮ ਪੀਂਦੇ।

ਵਾਰਤਾਲਾਪ ਸ਼ੁਰੂ ਹੋ ਜਾਂਦੀ। ਅਸੀਂ ਅਸਲ ਵਿਚ ਆਪਣੀਆਂ ਸਾਰੀਆਂ ਜ਼ਿੰਦਗੀਆਂ ਦੇ ਸਫ਼ਰ ਵਿਚੋਂ ਦੀ ਗੁਜ਼ਰਦੇ ਸੀ। ਆਲੋਚਨਾਤਮਕ ਤੇ ਆਤਮ-ਚਿੰਤਨ ਦੇ ਢੰਗ ਨਾਲ ਨਹੀਂ ਸਗੋਂ ਇੱਕ ਫਿਲਮ ਦੇ ਚੱਲਣ ਵਾਂਗ ਅਸੀਂ ਇੰਝ ਸ਼ੁਰੂ ਕਰਦੇ ।

"ਤੈਨੂੰ ਯਾਦ ਹੈ-ਫਲਾਣੇ ਫਲਾਣੇ ਦੀ" ਜਾਂ ਵਿਚਾਰਾ ਗ਼ਰੀਬ ਤੇ ਵਿਚਾਰ ਅਧੀਨ ਵਿਅਕਤੀ ਢੁੱਕਵੀਂ ਵਾਰੀ ਸਿਰ ਆ ਪ੍ਰਗਟ ਹੁੰਦਾ। ਕਈ ਵਾਰ ਸਾਡੇ ਵਿਚੋਂ ਇਕ ਜਾਂ ਦੂਜਾ ਨਿਰਦੇਸ਼ਕ ਵਜੋਂ ਗੱਲ ਸ਼ੁਰੂ ਕਰਦਾ, ਦ੍ਰਿਸ਼ ਚਿਤਰਦਾ ਤੇ ਫਿਰ ਦੂਸਰਾ ਆਪਣੇ ਵਿਸ਼ੇਸ਼ ਸ਼ੀਸ਼ਿਆਂ ਨਾਲ ਇਸ ਨੂੰ ਸਾਂਭ ਲੈਂਦਾ। ਇੰਝ ਅਸੀਂ ਗੱਲ ਜਾਰੀ ਰੱਖਦੇ। ਆਪਣੀਆਂ ਬੀਤ ਗਈਆਂ ਜ਼ਿੰਦਗੀਆਂ ਦੀ ਖੇਡ ਖੇਡਦੇ ਤੇ ਨਾਲ ਉਹਨਾਂ ਪਿਆਰੇ ਮਿੱਤਰਾਂ ਦੀਆਂ, ਜਿਨ੍ਹਾਂ ਵਿਚੋਂ ਬਹੁਤੇ ਮਰ ਗਏ ਸੀ। ਕਈ ਵਾਰ ਅਸੀਂ ਹੱਸ ਹੱਸ ਕੇ ਬੇਬਸ ਹੋ ਜਾਂਦੇ ਫਿਰ ਅਚਾਨਕ ਹੀ ਕਿਸੇ ਕੁੜਿਤਣ ਦਾ ਸੁਆਦ ਚੱਖਦੇ, ਜਿਸ ਕਾਰਨ ਸਾਨੂੰ ਆਪਣੀ

ਵਿਸਕੀ ਬਰਫ ਤੇ ਅੱਥਰੂ ਗਲੇ ਤੋਂ ਹੇਠਾਂ ਲੰਘਾਉਣੇ ਪੈਂਦੇ। ਪਰ ਛੇਤੀ ਹੀ ਅਸੀਂ ਫਿਰ ਹੱਸ ਰਹੇ ਹੁੰਦੇ।

ਮੈਂ ਬੜੀ ਸਪੱਸ਼ਟਤਾ ਨਾਲ ਤੱਕਿਆ ਕਿ ਕਿਵੇਂ ਬਾਹਰ ਮੁਖੀ ਸੰਸਾਰ, ਤੇ ਉਸ ਦਾ ਅੰਤਰਮੁਖੀ ਆਪੇ ਦੀਆਂ ਵਿਰੋਧਤਾਈਆਂ ਨੇਰੂਦਾ ਦੇ ਮਨ ਵਿਚ ਪੀੜ ਦਾ ਪ੍ਰਗਟਾਵਾ ਕਰਦੀਆਂ ਜੋ ਕਿ ਉਸ ਦੀ ਕਵਿਤਾ ਵਿਚ ਨਜ਼ਰ ਆਉਂਦੀ ਸੀ। ਬਾਹਰਲਾ ਜਗਤ ਉਸ ਦੀਆਂ ਕਵਿਤਾਵਾਂ ਵਿਚ ਦਾਖਲ ਹੁੰਦਾ ਤੇ ਬਦਲੇ ਹੋਏ ਸਰੂਪ ਵੱਲ ਜਾਂ ਜ਼ਿਆਦਾ ਸੰਖੇਪਤਾ ਨਾਲ ਦੱਸਣਾ ਹੋਵੇ ਤਾਂ ਵਿਗੜੇ ਹੋਏ ਰੂਪ ਵਿਚ ਬਾਹਰ ਆਉਂਦਾ। ਉਸ ਦਾ ਸੰਸਾਰ, ਉਸ ਦੇ ਮਿੱਤਰਾਂ ਦਾ ਵੀ ਸੰਸਾਰ ਹੁੰਦਾ ਸੀ, ਜੋ ਸਮਝਣ ਵਿਚ ਤੇ ਪ੍ਰਵਾਨ ਕਰਨ ਵਿਚ ਮੁਸ਼ਕਿਲ ਹੁੰਦਾ ਸੀ। ਜਵਾਨੀ ਵਿਚ ਸਾਡੇ ਸਾਰਿਆਂ ਲਈ ਸਾਡੀਆਂ ਜ਼ਿੰਦਗੀਆਂ ਦਾ ਸੋਮਾ ਤੇ ਕਾਰਨ ਪਿਆਰ ਵਿਚੋਂ ਲੱਭਦਾ ਸੀ। ਅਸੀਂ ਇਸਦਾ ਬੇਬਾਕੀ ਨਾਲ ਪਿੱਛਾ ਕਰਦੇ। ਬਾਹਰਮੁਖੀ ਜ਼ਿੰਦਗੀ ਤੋਂ ਭੱਜ ਕੇ ਪਾਬਲੋ ਵਾਰ-ਵਾਰ ਪਿਆਰ ਵਿਚ ਜਾ ਸ਼ਰਨ ਲੈਂਦਾ ਸੀ।

ਫਿਰ ਉਹ ਸ਼ਰਾਬਖਾਨਿਆਂ ਵਿਚ ਸਾਡੇ ਨਾਲ ਆ ਰਲਦਾ ਤੇ ਇਹ ਥਾਵਾਂ ਸਾਡੀ ਸ਼ਰਨਗਾਹ ਹੁੰਦੀਆਂ। ਆਪਣੀ ਇਕੱਲਤਾ ਤੋਂ ਵਾਪਸੀ ਉੱਤੇ, ਉਹ ਸਾਡੇ ਕੋਲ ਆ ਜਾਂਦਾ ਤੇ ਉਸ ਨੂੰ ਜਾਪਦਾ ਕਿ ਉਹ ਪਹਿਲਾ ਨਾਲੋਂ ਵੱਧ ਇੱਕਲਾ ਹੈ। ਪਰ ਉਹ ਦੋਸਤਾਂ ਵਿਚ ਵਿਚਰਨ ਨੂੰ ਪਿਆਰ ਕਰਦਾ ਸੀ, ਕਿਉਂਕਿ ਸਾਡੀ ਸੰਗਤ ਉਸ ਨੂੰ ਜੀਵਨ ਵਿਚ ਵਾਪਸ ਲੈ ਆਉਂਦੀ, ਉਸ ਨੂੰ ਤਾਜ਼ਾ ਦਮ ਕਰਦੀ ਤੇ ਇਸ ਤਰ੍ਹਾਂ ਉਸ ਨੂੰ ਸਭ ਤੋਂ ਵੱਧ ਖੁਸ਼ੀ ਪ੍ਰਾਪਤ ਹੁੰਦੀ।

ਆਈਸਲਾ ਨੇਗਰਾ ਵਿਚ ਪੰਦਰਾਂ ਦਿਨ ਦੀ ਲੰਮੀ ਗੁਫ਼ਤਗੂ ਤੋਂ ਬਾਅਦ ਅਸੀਂ ਇੱਕ ਦੂਜੇ ਨੂੰ ਅਲਵਿਦਾ ਕਹਿ ਰਹੇ ਸੀ। ਉਸਨੇ ਮੈਨੂੰ ਆਖਿਆ "ਡੀਗੋ ਇਹ ਸਮਾਂ ਕਈ ਸਾਲਾਂ ਬਾਅਦ ਮੇਰੇ ਲਈ ਬਹੁਤ ਮਹੱਤਵ ਵਾਲਾ ਸੀ।"

ਸਮੁੰਦਰ ਨੇ ਸਾਡੀਆਂ ਜ਼ਿੰਦਗੀਆਂ ਦੀ ਲੰਮੀ ਫਿਲਮ ਵਿਚੋਂ ਦੀ ਲੰਘਣ ਲਈ ਬੜੀ ਸਹਾਇਤਾ ਕੀਤੀ ਜਦੋਂ ਇਹ ਨਿਰੰਤਰ ਰੇਤ ਨੂੰ ਧੋਂਦਾ ਰਹਿੰਦਾ ਸੀ, ਐਪਰ ਵਿਸਕੀ ਨੇ ਵੀ ਆਪਣਾ ਹਿੱਸਾ ਪਾਇਆ ਸੀ।

## 8. ਬੂਟਾ ਕਾਨਾ

ਮੇਰਾ ਨੇਰੂਦਾ ਦੀ ਕਵਿਤਾ 'ਅਲਵਿਦਾ' ਨਾਲ ਪਿਆਰ ਪੈ ਗਿਆ। ਕਿੰਨਾ ਅਣਕਿਆਸਿਆ।

ਬਚਪਨ ਤੋਂ ਹੀ ਮੇਰੇ ਮਨ ਵਿੱਚ ਇਕ ਖਿਆਲ ਸੀ, ਕਿ ਖੁਸ਼ ਰਹਿਣ ਲਈ, ਤੁਹਾਨੂੰ ਵਿਆਹ ਨਹੀਂ ਕਰਾਉਣਾ ਚਾਹੀਦਾ। ਕਿਉਂਕਿ ਜੇ ਤੁਸੀਂ ਵਿਆਹ ਕਰਵਾ ਲੈਂਦੇ ਹੋ ਤਾਂ ਇਕ ਆਦਮੀ ਦੂਸਰੇ ਆਦਮੀ ਦਾ ਮਾਲਕ ਬਣ ਜਾਂਦਾ ਹੈ ਤੇ ਇੰਝ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਦੂਜੇ ਨਾਲ ਕਿਵੇਂ ਵਿਹਾਰ ਕਰਦੇ ਹੋ, ਮਾੜਾ ਜਾਂ ਚੰਗਾ, ਜਾਂ ਜੇ ਤੁਹਾਡੇ ਨਾਲ ਚੰਗਾ ਜਾਂ ਮਾੜਾ ਵਿਹਾਰ ਕੀਤਾ ਜਾਂਦਾ ਹੈ, ਤੁਸੀਂ ਉਸ ਨੂੰ ਖੁਸ਼ ਕਰਦੇ ਹੋ ਜਾਂ ਨਹੀਂ, ਪਿਆਰ ਦੀ ਕਵਿਤਾ ਕਾਨੂੰਨਾਂ ਹੇਠ ਦਮ ਤੋੜ ਜਾਂਦੀ ਹੈ।

ਫਿਰ ਮੈਂ 'ਅਲਵਿਦਾ' ਪੜ੍ਹੀ ਤੇ ਮੈਂ ਦੇਖਿਆ ਕਿ ਕਿੱਡੀ ਵੱਡੀ ਗੱਲ ਹੈ। ਇਹ ਗੱਲ ਮੇਰੀ ਗਵਾਂਢਣ ਜਾਂ ਉਸ ਦੀ ਧੀ ਨਹੀਂ ਆਖਦੀ। ਇਹ ਕਵੀ ਪਾਬਲੋ ਨਰੂਦਾ ਕਹਿ ਰਿਹਾ ਸੀ। ਫਿਰ ਮੈਨੂੰ ਪਤਾ ਲੱਗਦਾ ਹੈ ਕਿ ਉਸਨੇ ਦੋ ਵਾਰ ਵਿਆਹ ਕੀਤਾ ਸੀ। ਇਕ ਹੀ ਔਰਤ ਨਾਲ। ਚਿੱਲੀ ਤੋਂ ਬਾਹਰ ਤੇ ਚਿੱਲੀ ਦੇ ਅੰਦਰ। ਮੈਂ ਸਮਝਦੀ ਹਾਂ ਜੇ ਤੁਸੀ ਦੇਸ਼ ਤੋਂ ਬਾਹਰ ਵਿਆਹ ਕਰਦੇ ਹੋ ਤਾਂ ਏਥੇ ਉਹ ਗਿਣਤੀ ਵਿੱਚ ਨਹੀਂ ਆਉਂਦਾ। ਪਰ ਮੈਂ ਇਸ ਸਾਰੀ ਗੱਲ ਵਿੱਚ ਦਿਲਚਸਪੀ ਕਿਉਂ ਨਾ ਲੈਂਦੀ। ਵਿਆਹ ਬਾਰੇ ਇਹ ਸਾਰੀ ਸਿਰਦਰਦੀ ਕਿਉਂ ? ਸਿਰਫ਼ ਵਿਆਹ ਕਰਵਾਉਣਾ ਹੀ ਨਹੀਂ ਦੁਬਾਰਾ ਵਿਆਹ ਕਰਾਉਣਾ ਇਕ ਸਮਾਜ ਨੂੰ ਖੁਸ਼ ਕਰਨਾ ਤੇ ਫਿਰ ਦੂਸਰੇ ਸਮਾਜ ਨੂੰ। ਫਿਰ ਮੈਂ ਸੋਚਿਆ ਇਹ ਕਿਵੇਂ ਹੋ ਸਕਦਾ। ਮੈਨੂੰ ਸਮਝ ਨਹੀਂ ਆਉਂਦੀ। ਉਹ ਨਹੀਂ ਹੋ ਸਕਦਾ।



ਤੇ ਮੈਂ ਪਾਬਲੋ 'ਤੇ ਖਫ਼ਾ ਸੀ। ਮੈਂ ਵਿਆਹ ਕਰਵਾ ਲਿਆ, ਭਾਵੇਂ ਪਹਿਲਾਂ ਵੀ ਮੇਰੀ ਲੜਕੀ ਸੀ। ਮੈਂ ਸ਼ਾਦੀ ਕਰਵਾਈ ਤੇ ਵਿਗੜ ਗਈ ਤੇ ਮੈਂ ਸਾਰਾ ਦੋਸ਼ ਪਾਬਲੋ ਨਰੂਦਾ 'ਤੇ ਸੁੱਟ ਦਿੰਦੀ ਹਾਂ। ਕਿਉਂਕਿ ਮੈਂ ਕਿਹਾ, "ਮੈਂ ਵਿਆਹ ਨਾ ਕਰਨ ਦਾ ਫੈਸਲਾ ਕੀਤਾ ਸੀ।" ਮੈਂ ਹਾਲੀ ਵੀ ਉਸ ਦੀ ਕਵਿਤਾ ਨੂੰ ਸ਼ਰਧਾ ਨਾਲ ਪਿਆਰ ਕਰਦੀ ਸੀ। ਹਰ ਚੀਜ਼ ਨੂੰ ਸਨੇਹ ਨਾਲ। ਫਿਰ ਮੈਨੂੰ ਅਨੁਭਵ ਹੋਇਆ ਕਿ ਕਿਤੇ ਕੋਈ ਝੂਠ ਸੀ।

ਫਿਰ ਮੈਂ ਅਨੁਭਵ ਕੀਤਾ ਕਿ ਮੇਰੇ ਲਈ ਕਵਿਤਾ ਮਰ ਗਈ ਸੀ। ਇਹ ਸੱਚ ਨਹੀਂ ਸੀ। ਹਰ ਕੋਈ ਕਵਿਤਾ ਬਣਾ ਸਕਦਾ ਸੀ। ਕਵਿਤਾ ਦਾ ਸੱਚੀ ਹੋਣ ਨੂੰ ਕੋਈ ਨਹੀਂ ਪੁੱਛਦਾ। ਇਹ ਗੱਲ ਬੱਸ ਵਾਪਰਦੀ ਸੀ। ਮੈਂ ਉਦਾਸ ਹੋ ਗਈ ਤੇ ਪਰੇਸ਼ਾਨ ਵੀ।

ਮੇਰੇ ਵਿਆਹ ਕਰਵਾਉਣ ਦੇ ਤਿੰਨ ਸਾਲ ਬਾਅਦ, ਪਾਬਲੋ ਏਥੇ ਆਉਂਦਾ ਹੈ ਤੇ ਮੈਂ ਕਵਿਤਾ ਬਾਰੇ ਆਪਣੇ ਉਦਾਸ ਮਨ ਨਾਲ ਉਸ ਦਾ ਸਾਹਮਣਾ ਕਰਨ ਲਈ ਜਾਂਦੀ ਹਾਂ। ਮੈਂ ਗਈ ਤੇ ਉਸਨੂੰ ਮਿਲੀ। ਯਕੀਨ ਨਾ ਆਵੇ ਕਿ ਉਹੀ ਹੈ, ਕਿਉਂਕਿ ਮੈਂ ਉਸ ਨੂੰ ਦੂਰ ਤੋਂ ਹੀ ਤੱਕਿਆ ਸੀ, ਜਦੋਂ ਉਸ ਨੇ ਬਸਤਾਮਾਂਤੇ ਪਾਰਕ ਵਿੱਚ ਕਵਿਤਾਵਾਂ ਸੁਣਾਈਆਂ ਸਨ। ਫਿਰ ਅਚਾਨਕ ਉਸਨੂੰ ਨੇੜਿਓਂ ਤੱਕ ਕੇ ਇੰਝ ਲੱਗਾ ਜਿਵੇਂ ਮੇਰਾ ਗਾਰਡ ਖਿਸਕ ਗਿਆ ਹੋਵੇ। ਉਸ ਨੂੰ ਸਾਧਾਰਨ ਆਦਮੀ ਤੱਕ ਕੇ, ਜੋ ਪਤੰਗ ਉਡਾ ਰਿਹਾ ਸੀ? ਬੱਸ ਏਸੇ ਤਰ੍ਹਾਂ ਦਾ ਬਿਲਕੁਲ ਅਸਲੀ। ਉਹ ਅਸਲ ਅਰਥਾਂ ਵਿੱਚ ਬੰਦਾ ਸੀ ਜੋ ਲੋਕਾਂ ਨਾਲ ਗੱਲਾਂ ਕਰਦਾ ਸੀ, ਜੋ ਪਤੰਗਾਂ ਉਡਾਉਂਦਾ ਸੀ। ਏਧਰ ਓਧਰ ਡੋਰਾਂ ਖਿੱਚਦਾ ਤੇ ਦੂਸਰਿਆਂ ਵਾਂਗ ਘਾਹ ਉਤੇ ਦੌੜਦਾ ਸੀ। ਉਸ ਨੂੰ ਗਲੋਂ ਲਾਹੁਣਾ ਔਖਾ ਸੀ, ਪਰ ਮੈਂ ਆਪਣੇ ਆਪ ਨੂੰ ਕਿਹਾ ਕਿ ਮੈਨੂੰ ਗੱਲ ਕਰਨੀ ਪੈਣੀ ਸੀ, ਕਿਉਂਕਿ ਏਸੇ ਕਾਰਨ ਹੀ ਤਾਂ ਮੈਂ ਉਸ ਕੋਲ ਗਈ ਸੀ। ਮੈਂ ਉਸ ਨੂੰ ਕਹਿਣਾ ਚਾਹੁੰਦੀ ਸੀ, ਖਰ੍ਹਵੀ ਤਰ੍ਹਾਂ ਕਿ "ਦੇਖੋ। ਜੇ ਤੁਸੀਂ ਸੋਚਦੇ ਹੋ ਕਿ ਲੋਕ ਤੁਹਾਡੀ ਕਵਿਤਾ ਨਹੀਂ ਪੜ੍ਹਦੇ ਜਾਂ ਉਸ ਤੋਂ ਪ੍ਰਭਾਵਤ ਨਹੀਂ ਹੁੰਦੇ ਜਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਤਾਂ ਤੁਸੀਂ ਬਿਲਕੁਲ ਗਲਤ ਹੋ।"

ਪਰ ਮੈਂ "ਅਲਵਿਦਾ" ਕਵਿਤਾ ਬਾਰੇ ਗੱਲਾਂ ਕਰਨ ਲੱਗੀ ਤੇ ਜੋ ਕੁਝ ਮੈਂ ਉਸ ਕਵਿਤਾ ਬਾਰੇ ਸੋਚਦੀ ਸੀ ਤੇ ਪਿਆਰ ਬਾਰੇ, "ਜੇ ਪਿਆਰ ਇਕ ਝੂਠ ਹੈ, ਤੇ ਤੁਸੀਂ ਵਿਆਹ ਕਰਵਾ ਲਿਆ......ਉਸ ਨੇ ਏਨੀ ਵਾਰ ਵਿਆਹ ਕਿਓਂ ਕਰਵਾਇਆ ?"

ਉਹ ਹੱਸਿਆ, ਪਤੰਗ ਨੂੰ ਖਿੱਚਿਆ, ਕਿਸੇ ਬੱਚੇ ਨੂੰ ਡੋਰੀ ਫੜਾਈ ਆਪਣਾ ਹੱਥ ਮੇਰੇ ਨਾਲ ਮਿਲਾਇਆ, ਇੱਕ ਚੁੰਮਣ ਦਿੱਤਾ ਤੇ ਮੈਨੂੰ ਦੱਸਿਆ ਕਿ "ਪਿਆਰ ਰੁੱਖਾਂ ਵਰਗਾ ਹੁੰਦਾ ਹੈ। ਕਈ ਪਿਆਰ ਪੱਤੇ ਝਾੜ ਜਾਂਦੇ ਹਨ, ਦੂਸਰੇ ਸਾਰਾ ਸਾਲ ਰਹਿਣ ਵਾਲੇ ਹੁੰਦੇ ਹਨ। ਸਾਰਾ ਸਾਲ ਵਾਲੇ ਏਨੇ ਸੁੰਦਰ ਨਹੀਂ ਹੁੰਦੇ, ਜਿੰਨੇ ਪੱਤੇ ਝਾੜ ਜਾਣ ਵਾਲੇ ਹੁੰਦੇ ਹਨ। ਇੰਝ ਹੀ ਪਿਆਰ ਹੈ। ਇਹ ਸੁੱਕ ਜਾਵੇਗਾ, ਫਿਰ ਫੁੱਟ ਜਾਵੇਗਾ ਤੇ ਫਿਰ ਨਵਾਂ ਹੋ ਜਾਵੇਗਾ। ਇਹ ਸਭ ਜੀਵਾਂ ਨਾਲ ਇੰਝ ਹੀ ਵਾਪਰਦਾ ਹੈ। ਉਹ ਮੁੱਕ ਜਾਂਦੇ ਹਨ ਤੇ ਫਿਰ ਪ੍ਰਗਟ ਹੋ ਜਾਂਦੇ ਹਨ ਤੇ ਇਹ ਬਿਲਕੁਲ ਕੁਦਰਤੀ ਹੈ। ਇਹ ਸਭ ਆਦਮੀਆਂ ਤੇ ਇਸਤਰੀਆਂ ਨਾਲ ਸਭ ਉਮਰਾਂ ਵਿੱਚ ਵਾਪਰਦਾ ਹੈ। ਉਸ ਕਿਹਾ, ਖਾਸ ਤੌਰ 'ਤੇ ਉਹ ਆਦਮੀ, ਜੋ ਅਨੁਭਵ ਕਰਦਾ ਹੈ ਕਿ ਪਿਆਰ ਵਿੱਚ ਬਹੁਤ ਵਾਰ ਅਜਿਹੀਆਂ ਗੱਲਾਂ ਹੁੰਦੀਆਂ ਹਨ"

ਪਿਛੋਂ ਜਿਵੇਂ ਸਾਲ ਲੰਘਦੇ ਗਏ, ਮੈਂ ਅਨੁਭਵ ਕੀਤਾ ਕਿ ਪਾਬਲੋ ਕਿੰਨਾ ਠੀਕ ਸੀ......ਮੈਂ ਅਸਲ ਵਿੱਚ ਉਸ ਨੂੰ ਚੁਣੌਤੀ ਨਹੀਂ ਦੇ ਸਕਦੀ ਸੀ, ਪਰ ਮੈਂ ਉਸ ਨੂੰ ਇਹ ਜ਼ਰੂਰ ਦੱਸਿਆ ਕਿ ਭਾਵੇਂ ਮੈਂ ਆਪਣੀ ਆਵਾਜ਼ ਏਨੀ ਉੱਚੀ ਨਾ ਕਰ ਸਕੀ, ਜਿਵੇਂ ਕਿ ਮੈਨੂੰ ਕਰਨੀ ਚਾਹੀਦੀ ਸੀ। ਪਰ ਨਹੀਂ, ਉਹ ਅਜਿਹੀ ਭਾਂਤ ਦਾ ਨਹੀਂ ਸੀ ਕਿ ਜਿਸ ਨੂੰ ਤੁਸੀਂ ਉੱਚੀ ਬੋਲ ਕੇ ਚੁੱਪ ਕਰਾ ਸਕੋ। ਉਸ ਨਾਲ ਗੱਲ ਕਰਨੀ ਔਖੀ ਨਹੀਂ ਸੀ। ਉਹ ਤੁਰੰਤ ਗੱਲ ਕਰਦਾ ਸੀ, ਸਿੱਧੀ, ਸ਼ਾਂਤੀ ਨਾਲ ਤੇ ਆਸਾਨੀ ਨਾਲ। ਮੈਂ ਸੋਚਿਆ

ਕਿ ਉਸ ਮੁਆਫੀ ਮੰਗਣ ਵਾਲਾ ਸੀ, ਪਰ ਨਹੀਂ। ਉਹ ਆਪਣੀ ਕਵਿਤਾ ਪੜ੍ਹਦਾ ਗਿਆ। ਉਹ ਬਦਲਿਆ ਨਹੀਂ ਸੀ। ਆਪਣੀਆਂ ਕਵਿਤਾਵਾਂ ਪੜ੍ਹਨ ਦੇ ਮਾਮਲੇ ਵਿੱਚ। ਉਹ ਛਿਣ ਅਸਚਰਜ ਘੜੀ ਸੀ।

ਹੋਇਆ ਇੰਝ ਕਿ ਜੋ ਪਤੰਗ ਉਸ ਨੇ ਬੱਚੇ ਨੂੰ ਪਕੜਾਈ ਸੀ, ਉਹ ਹੇਠਾਂ ਆ ਡਿੱਗੀ ਤੇ ਪਾਟ ਗਈ। ਪਾਬਲੋ ਨੇ ਪਾਟੀ ਪਤੰਗ ਦਾ ਟੁਕੜਾ ਲਿਆ, ਇਸ 'ਤੇ ਆਪਣਾ ਨਾਂ ਲਿਖ ਦਿੱਤਾ ਤੇ ਮੈਨੂੰ ਦੇ ਦਿੱਤਾ। ਪਤੰਗ ਦੇ ਟੁਕੜੇ 'ਤੇ। ਮੈਂ ਸੋਚਿਆ ਇਹ ਸੁਹਣੀ ਗੱਲ ਹੈ ਤੇ ਮੈਂ ਇਹ ਸੰਭਾਲ ਰੱਖਿਆ। ਉਸ ਦੇ ਦਸਤਖ਼ਤ।

ਜਦ ਸਮਾਂ ਲੰਘਦਾ ਗਿਆ ਤੇ ਮੈਂ ਉਸ ਦੇ ਦਫ਼ਨ ਹੋਣ ਬਾਰੇ ਸੁਣਿਆ। ਭਾਵੇਂ ਮੈਂ ਜਿੱਥੇ ਰਹਿੰਦੀ ਸੀ, ਉਥੇ ਹੀ ਸ਼ਰਧਾ ਭੇਂਟ ਕੀਤੀ, ਪਰ ਮੈਨੂੰ ਦੁਖ ਹੋਇਆ ਕਿ ਮੈਂ ਉਸ ਦੇ ਜਨਾਜ਼ੇ ਨਾਲ ਨਾ ਜਾ ਸਕੀ। ਮੈਂ ਇਸ 'ਤੇ ਬੜੀ ਇਕੱਲਤਾ ਤੇ ਵੱਖ ਅਨੁਭਵ ਕੀਤਾ। ਪਰ ਮੈਨੂੰ ਪਤਾ ਲੱਗਾ ਕਿ ਲੋਕੀਂ ਰੇਕੋਲੇਟਾ ਦੇ ਆਲੇ-ਦੁਆਲਿਓਂ ਦੌੜਦੇ ਹੋਏ ਆਏ ਤੇ ਇਹ ਬੜਾ ਵੱਡਾ ਜਨਾਜ਼ਾ ਹੋ ਗਿਆ। ਤਾਨਾਸ਼ਾਹ ਦੇ ਬਿਲਕੁਲ ਮੂੰਹ ਦੇ ਸਾਹਮਣੇ, ਹਰ ਕਿਸੇ ਦੇ ਐਨ ਸਾਹਮਣੇ।

ਮੈਂ ਹਾਲੀ ਵੀ ਪਤੰਗ ਦੇ ਨਿੱਕੇ ਟੋਟੇ ਨੂੰ ਖਜ਼ਾਨੇ ਵਾਂਗ ਸੰਭਾਲਦੀ ਹਾਂ.......। "ਪਰ ਮੈਂ ਬਿਲਕੁਲ ਹਉਮੈਂ ਦਾ ਸ਼ਿਕਾਰ ਨਹੀਂ ਹੁੰਦੀ। ਤੇ ਪਿਛਲੇ ਸਾਲ, ਸਾਨੂੰ ਉਹਨਾਂ ਨੌਜੁਆਨ ਲੋਕਾਂ ਲਈ, ਜੋ ਸਾਡੇ ਉਦੇਸ਼ ਲਈ ਕੰਮ ਕਰਦੇ ਸੀ, ਇਨਾਮ ਦੇਣ ਬਾਰੇ ਸੋਚਿਆ ਬੜੀ ਔਖੀ ਗੱਲ ਸੀ, ਪਰ ਨੌਜੁਆਨ ਲੋਕਾਂ ਨੂੰ ਪ੍ਰੇਰਨਾ ਲਈ ਇਨਾਮ ਦੀ ਲੋੜ ਹੁੰਦੀ ਹੈ। ਤੁਸੀਂ ਨੌਜੁਆਨਾਂ ਨੂੰ ਨਗੂਣੀ ਗੱਲ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਨਹੀਂ ਆਖ ਸਕਦੇ ਜਾਂ ਇਹ ਨਹੀਂ, ਆਖ ਸਕਦੇ।

"ਆਪਣੀ ਜਾਨ ਖਤਰੇ ਵਿੱਚ ਪਾਓ ਤੇ ਅਸੀਂ ਇਹ ਵੇਖੋ। ਸਿਰਫ਼ ਇਹ ਦੱਸ ਸਕਦੇ ਹਾਂ ਕਿ ਕਿਸੇ ਦਿਨ ਤੁਸੀਂ ਆਪਣੇ ਦੇਸ਼ ਨੂੰ ਦੁਬਾਰਾ ਆਜ਼ਾਦ ਕਰਾ ਲਵੋਗੇ।" ਮੈਂ ਨੌਜੁਆਨ ਮੁੰਡੇ ਨੂੰ ਪਤੰਗ ਦਾ ਟੁਕੜਾ ਦੇ ਦਿੱਤਾ।

ਉਹ ਮੁੰਡਾ ਬਹੁਤ ਖੁਸ਼ ਹੋਇਆ। ਇਸ ਤੋਂ ਵੀ ਵੱਧ ਉਸ ਨੇ ਇਹ ਇਕ ਲੜਕੇ ਨਾਲ ਸਾਂਝਾ ਕੀਤਾ ਤੇ ਲੋਕਾਂ ਸਾਹਮਣੇ ਇਹ ਟੋਟਾ ਉਸ ਨੂੰ ਦੇ ਦਿੱਤਾ, ਮੇਰੇ ਕੋਲ ਹੁਣ ਉਹ ਟੋਟਾ ਨਹੀਂ, ਨਾ ਹੀ ਪਾਬਲੋ ਦੇ ਦਸਤਖ਼ਤ, ਪਰ ਮੇਰੇ ਕੋਲ ਇਕ ਅਸਚਰਜ ਖਿਆਲ ਹੈ। ਮੈਨੂੰ ਪਤਾ ਹੈ ਕਿ ਸਾਲ ਦੇ ਸਾਲ, ਪਤੰਗ ਦੇ ਇਹ ਟੁਕੜਾ ਹੋਰ ਨਿੱਕੇ ਟੋਟਿਆਂ ਵਿੱਚ ਵੰਡੀਦਾ ਜਾਵੇਗਾ। ਮੈਨੂੰ ਯਕੀਨ ਹੈ, ਉਹ ਨਿੱਕੇ ਟੋਟਿਆਂ ਨੂੰ ਅੱਗੇ ਵੰਡ ਕੇ ਦਿੰਦੇ ਜਾਣਗੇ।

ਮੈਂ ਤੁਹਾਨੂੰ ਏਨਾ ਹੀ ਦੱਸ ਸਕਦੀ ਹਾਂ, ਕੁਝ ਵੱਧ ਨਹੀਂ........।

## 9. ਵਿਚੋਲ-ਗੀਰੀ ਕਰਦਾ ਕਵੀ/ਜੋਰਜ ਐਡਵਲਡਜ਼

ਉਸ ਦੀ ਮੁਢਲੀ ਸੰਗੀਤਕ ਕਵਿਤਾ ਦੀ ਅਸਚਰਜ ਸਫਲਤਾ ਉਸ ਨੂੰ ਦੁਖੀ ਕਰਦੀ, "ਇਹ ਮੇਰੀ ਸਭ ਤੋਂ ਨਿਕੰਮੀ ਕਵਿਤਾ ਹੈ। ਜਦ ਵੀ ਕੋਈ ਉਸ ਦੀਆਂ ਵੀਹ ਪਿਆਰ-ਕਵਿਤਾਵਾਂ" ਦੀ ਗੱਲ ਕਰਦਾ। ਫਿਰ ਵੀ, ਉਹ ਉਸ ਨੌਜਵਾਨ ਜੋੜੇ ਬਾਰੇ ਦੱਸਦਾ ਜੋ ਕੋਲੰਬੀਆ ਦੇ ਕਿਸੇ ਸੂਬਾਈ ਪਲਾਜ਼ਾ ਵਿਚ ਜਾਂ ਚਿੱਲੀ ਦੇ ਦੱਖਣ ਵਿਚ ਉਸ ਨੂੰ ਵੇਖ ਉਤਸ਼ਾਹ ਨਾਲ ਭੱਜਾ ਆਉਂਦਾ।

"ਸਾਡੀ ਖੁਸ਼ੀ ਇਸ ਚੌਕ ਵਿਚ ਸ਼ਾਮ ਵੇਲੇ ਪਿਛਲੇ ਸਾਲ ਦੀ ਬਸੰਤ-ਰੁੱਤੇ," ਵੀਹਵੀਂ ਪਿਆਰ-ਕਵਿਤਾ ਪੜ੍ਹਨ ਨਾਲ ਆਰੰਭ ਹੋਈ। ਨੇਰੂਦਾ ਤਸੱਲੀ ਨਾਲ ਮੁਸਕਰਾਇਆ। "ਵੇਖਿਆ, ਮੈਂ ਵਿਚੋਲਗੀਰੀ ਕਰਨ ਵਾਲਾ ਕਵੀ ਹਾਂ।"



ਇਕ ਵਾਰ 1970 ਵਿਚ, ਲੀਮਾ ਵਿਖੇ ਇਕ ਹਾਲ ਵਿਚ "ਵੀਹਵੀਂ ਕਵਿਤਾ" ਦਾ ਪਾਠ ਹੋਇਆ। ਹਾਲ ਵਿਚ ਹਜ਼ਾਰ ਬੰਦੇ ਦੀ ਗੁੰਜਾਇਸ਼ ਸੀ। ਹਾਲ ਭਰਿਆ ਪਿਆ ਸੀ ਫਰਸ਼ 'ਤੇ ਵੀ ਨੌਜਵਾਨ ਬੈਠੇ ਸੀ, ਲੰਘਣ ਵਾਲੇ ਰਾਹਾਂ ਤੇ ਚਾਰੇ ਪਾਸੇ ਲਟਕੇ ਅੜੇ, ਸਿਰਫ ਥੋੜ੍ਹੀ ਹੀ ਜਗ੍ਹਾ ਬਚੀ ਸੀ। ਵਕਤ ਲੰਘੀ ਗਿਆ। ਪਰ ਨੇਰੂਦਾ ਨੇ ਆਪਣੀ ਪੁਰਾਣੀ ਪਿਆਰ-ਕਵਿਤਾ ਨਾ ਪੜ੍ਹੀ। ਇਸ ਨਾਲ ਉਤਸੁਕਤਾ ਬਣੀ ਰਹੀ। ਅਚਾਨਕ ਹੀ, ਉਸ ਨੇ ਵਰਕਾ ਉਥੱਲਿਆ ਤੇ ਅਡੋਲ ਰਹਿੰਦਿਆਂ ਕਵਿਤਾ ਆਰੰਭ ਕੀਤੀ।

ਉਸ ਵੱਡੇ ਹਾਲ ਵਿਚ ਇਕ ਡੂੰਘਾ ਹਉਕਾ ਚਾਰੇ ਪਾਸੇ ਫੈਲ ਗਿਆ। ਪਾਬਲੋ ਨੇ ਆਪਣੀਆਂ ਐਨਕਾਂ ਉਤਾਰੀਆਂ ਤੇ ਹੱਸਿਆ, ਖੁਸ਼ ਹੋਇਆ। ਸ਼ਰਾਰਤੀ, ਇੰਝ ਜਿਵੇਂ ਨੌਜਵਾਨਾਂ ਨੂੰ ਚਿੜਾ ਰਿਹਾ ਹੋਵੇ। ਉਸਨੇ ਦੁਬਾਰਾ ਕਵਿਤਾ ਸ਼ੁਰੂ ਕੀਤੀ। ਇਹ ਅਸਧਾਰਨ ਘੜੀ ਸੀ। ਸ਼ਿੱਦਤ-ਭਰੀ ਥਰਥਰਾਹਟ, ਅਭੁੱਲ ਸੰਚਾਰਕਤਾ। ਸਭ ਸਰੋਤੇ ਉੱਠ ਖ਼ਲੋਤੇ, ਤੇ ਬੇਸੁਧੀ ਵਿਚ ਤਾਲੀਆਂ ਮਾਰਨ ਲੱਗੇ। ਨੇਰੂਦਾ ਨੇ ਵਾਰ-ਵਾਰ ਕਵਿਤਾ ਦੁਹਰਾਈ।

ਉਹ ਪਿਆਰ-ਵਿਹੂਣੀ ਸਦੀਵੀ ਮਨੁੱਖੀ ਹੋਣੇ ਬਾਰੇ ਕਦੇ ਸੋਚ ਵੀ ਨਹੀਂ ਸੀ ਸਕਦਾ। ਇਕੱਲ-ਮਾਰੇ ਲੋਕਾਂ ਬਾਰੇ ਉਸ ਨੂੰ ਚਿੰਤਾ ਹੁੰਦੀ। ਉਹ ਉਹਨਾਂ ਨੂੰ ਸਮਝ ਨਾ ਸਕਦਾ।

ਉਹ ਲੋਕਾਂ ਨੂੰ ਜੋੜਨ ਵਾਲਾ ਕਰਕੇ ਮਸ਼ਹੂਰ ਸੀ ਤੇ ਉਸ ਕਈ ਜੋੜਿਆਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ। ਉਸਨੇ ਆਪਣੇ ਵਿਚੋਲ-ਗੀਰੀ ਦੇ ਕਾਰਜ ਨੂੰ ਗੰਭੀਰਤਾ ਨਾਲ ਲਿਆ। ਉਸ ਲਈ ਪਿਆਰ ਸਾਹ ਲੈਣ ਵਾਂਗ ਕੁਦਰਤੀ ਸੀ। ਰਹੱਸਭਰੀ ਇਕੱਲਤਾ ਉਸ ਲਈ ਬਾਂਝ ਮਨ ਵਾਂਗ ਸੀ ਆਤਮ ਵਰਗੀ ਕੋਈ ਅਵਸਥਾ। ਉਹ ਸੰਸਾਰ ਨੂੰ, ਸੰਚਾਰ-ਮਈ, ਸੰਗੀਤਕ ਮਹਿਫਲ ਇਕ ਸੁਰਤਾ ਭਰੀ ਧਰਤੀ ਤੇ ਸਵਰਗ ਦੀ ਸ਼ਾਦੀ ਵਾਂਗ ਵੇਖਣਾ ਚਾਹੁੰਦਾ ਸੀ। ਰਚਨਾ ਦੇ ਦੋ ਅੱਧ ਇਕ ਹਨੇਰਾ, ਦੂਸਰਾ ਰੌਸ਼ਨੀ-ਭਰਿਆ, ਵਿਆਹ ਵਾਂਗ ਜੁੜੇ ਜਿਵੇਂ ਉਸਨੇ ਆਪਣੀਆਂ ਯਾਦਾਂ ਵਿਚ ਲਿਖਿਆ ਸੀ।

'ਵਿਚੋਲ-ਗੀਰੀ ਕਰਨ ਵਾਲਾ ਕਵੀ' ਸਿਰਫ ਇੱਕ ਮੁਹਾਵਰਾ ਜਾਂ ਟਿੱਚਰ ਨਹੀਂ ਸੀ।

## 10. ਜੋਸੇ ਵਨਤੂਰੈਲੀ/ਚਿਤਰਕਾਰ

ਉਸ ਨਾਲ ਰਲ ਕੇ ਕੰਮ ਕਰਨਾ, ਅਸਧਾਰਨ ਪ੍ਰੇਰਨਾਮਈ ਹੁੰਦਾ ਸੀ ਕਿਉਂਕਿ ਜੋ ਕੁਝ ਉਹ ਕਰਦਾ ਸੀ, ਉਹ ਦੂਸਰਿਆਂ ਨਾਲ ਦਿਆਂ ਦੇ ਕੰਮ ਵਿਚ ਵੀ ਵਿਖਾਲ ਦਿੰਦਾ ਸੀ।

ਅਸਧਾਰਨ ਵਸਤੂਆਂ ਦੀ ਤਾਂਘ ਬਾਰੇ ਮੈਂ ਵੀ ਸੋਚਦਾ ਸੀ ਕਿ ਇਕੱਠੀਆਂ ਕਰ ਲਵਾਂ, ਭਾਵੇਂ ਕਿ ਮੈਂ ਉਸ ਕਲਪਣਾ ਤੇ ਸਬਰ ਨਾਲ ਨਹੀਂ ਸੀ ਕਰ ਸਕਦਾ ਜਿਵੇਂ ਉਹ ਕਰਦਾ ਸੀ। ਉਸਦਾ ਵਿਸ਼ਵਾਸ ਸੀ ਕਿ ਇਹ ਚੀਜ਼ਾਂ ਦੂਜਿਆਂ ਦੀ ਹਾਜ਼ਰੀ ਸਦਕਾ ਪ੍ਰਭਾਵਤ ਹੋ ਜਾਂਦੀਆਂ ਹਨ। ਅਰਥਾਤ ਕੋਈ ਵਸਤੂ ਦੂਜਿਆਂ ਦੇ ਸਾਥ ਵਿਚ ਰਹਿ ਚੁੱਕੀ ਹੁੰਦੀ ਹੈ ਅਤੇ ਸਪਰਸ਼ ਵਜੋਂ ਦੂਸਰੇ ਆਦਮੀ ਦੇ ਜੀਵਨ ਦੀ ਕੋਈ ਚੀਜ਼ ਇਸ ਵਿਚ ਪਿੱਛੇ ਰਹਿ ਜਾਂਦੀ ਹੈ। ਟੁੱਟੀਆਂ ਹੋਈਆਂ ਚੀਜ਼ਾਂ ਕੁਝ ਪ੍ਰਗਟ ਕਰਦੀਆਂ ਨੇ ਜਿਸ ਨਾਲ ਸਾਡਾ ਸੰਪਰਕ ਬਣਨਾ ਚਾਹੀਦਾ ਹੈ।

ਪਾਬਲੋ ਵਸਤਾਂ ਨੂੰ ਨਿਰੰਤਰ ਹਰਕਤ ਵਿਚ ਵੇਖਦਾ ਸੀ ਤੇ ਸਮਝਦਾ ਸੀ ਕਿ ਉਹ ਉਹਨਾਂ ਚੀਜ਼ਾਂ ਲਈ ਇਕ ਆਰਾਮ ਦੀ ਜਗ੍ਹਾ ਹੈ. ਜਦੋਂ ਕਿ ਉਹ ਚੀਜ਼ਾਂ ਉਸਦੀ ਹਾਜ਼ਰੀ ਕਾਰਨ ਬਦਲ ਜਾਣਗੀਆਂ।

ਅਸੀਂ ਇਸ ਗੱਲ ਬਾਰੇ ਕਾਫੀ ਵਿਚਾਰਾਂ ਕੀਤੀਆਂ ਕਿ ਕਿਵੇਂ ਇਕ ਕਲਾਕਾਰ ਨਗੂਣੀਆਂ

ਚੀਜ਼ਾਂ ਨਾਲ ਕੰਮ ਸਾਰਦਾ ਹੈ। ਚਿਤਰਕਾਰ ਰੰਗਾਂ ਨੂੰ ਘੋਲਦਾ ਹੈ ਜੋ ਸ਼ਾਇਦ ਵੱਖਰੀ ਤਰ੍ਹਾਂ ਘੋਲਿਆਂ ਗੜਬੜੀ ਮਚਾ ਦੇਣ ਤੇ ਜਿਹਨਾਂ ਨੂੰ ਤੁਰੰਤ ਹੀ ਪੂੰਝਣਾ ਪਵੇ। ਜੋ ਚੀਜ਼ਾਂ ਅਸੀਂ ਵਰਤਦੇ ਹਾਂ ਉਹ ਨਾਜ਼ੁਕ ਹੁੰਦੀਆਂ ਹਨ। ਇੱਕ ਸੋਟੀ ਜਿਸਦੇ ਸਿਰੇ 'ਤੇ ਲੂੰਈ ਹੁੰਦੀ ਹੈ। ਇਕ ਕੱਪੜਾ ਰੰਗਾਂ ਦੀਆਂ ਧਾਰੀਆਂ। ਪਰ ਚਿਤਰਕਾਰ ਦੀ ਸੰਵੇਦਨਸ਼ੀਲਤਾ ਅਤੇ ਬੁੱਧੀ ਇਹਨਾਂ ਵਸਤੂਆਂ ਦਾ ਸਰੂਪ ਬਦਲ ਦਿੰਦੀ ਹੈ, ਜੋ ਚੀਜ਼ਾਂ ਕਿ ਕਿਤੋਂ ਬਾਹਰੋਂ ਪ੍ਰਾਪਤ ਹੋਈਆ ਹੁੰਦੀਆਂ ਨੇ। ਉਹ ਉਹਨਾਂ ਨੂੰ ਬਦਲ ਦਿੰਦਾ ਹੈ ਤੇ ਆਪਣੇ ਆਪੇ ਨੂੰ ਵੀ। ਫਿਰ ਚੀਜ਼ਾਂ ਵਿਚ ਇਹ ਤਬਦੀਲੀ ਕੋਈ ਅਜੇਹੀ ਚੀਜ਼ ਨਹੀਂ ਹੁੰਦੀ ਜੋ ਦੂਰ ਤੁਰ ਜਾਂਦੀ ਹੈ ਜਾਂ ਅਲੋਪ ਹੋ ਜਾਂਦੀ ਹੈ। ਇਕ ਢੰਗ ਨਾਲ਼ ਇਹ ਚੀਜ਼ਾਂ ਵਿਚ ਸੰਮਲਿਤ ਹੁੰਦੀ ਹੈ। ਏਥੋਂ ਨੇਰੂਦਾ ਇਕ ਤਰ੍ਹਾਂ ਨਾਲ਼ ਕਾਲਪਨਕ ਤਰਕ-ਹੀਣਤਾ ਵਿਚ ਦਾਖਲ ਹੋ ਜਾਂਦਾ ਸੀ।

ਮੈਨੂੰ ਯਾਦ ਹੈ ਕਿ ਇੱਕ ਦਿਨ ਚੀਨ ਵਿਚ ਅਸੀਂ ਇੱਕ ਦੁਕਾਨ ਦੀ ਖਿੜਕੀ ਵਿਚ ਇੱਕ ਲੈਂਪ ਵੇਖਿਆ ਇਹ ਬੜਾ ਅਸਚਰਜ ਲੈਂਪ ਸੀ, ਸਾਦਾ ਤੇ ਸੋਹਣਾ। ਅਸੀਂ ਸਹਿਮਤ ਹੋ ਗਏ ਭਾਵੇਂ ਕਿ ਮੇਰੇ ਲਈ ਇਹ ਸਾਧਾਰਨ ਚੀਜ਼ ਸੀ। ਨੇਰੂਦਾ ਨੇ ਇਸ ਵੱਲ ਵੇਖਿਆ ਤੇ ਮੈਨੂੰ ਕਿਹਾ "ਜਦੋਂ ਮੈਂ ਰੰਗੂਨ ਵਿਚ ਆਪਣਾ ਘਰ ਬਣਾਇਆ ਕਿਉਂਕਿ ਮੈਂ ਇੰਝ ਆਰਜ਼ੀ ਤੌਰ 'ਤੇ ਰਹਿਣ ਤੋਂ ਅੱਕ ਗਿਆ ਸੀ। ਸੋ ਮੈਂ ਫੈਸਲਾ ਕੀਤਾ ਕਿ ਚੀਜ਼ਾਂ ਦੇ ਪ੍ਰਬੰਧ ਵਿਚ ਤਬਦੀਲੀ ਕਰਨ ਲਈ ਮੈਨੂੰ ਲੈਂਪ ਦੀ ਲੋੜ ਸੀ, ਤੇ ਇਹ ਲੈਂਪ ਮੈਨੂੰ ਪਸੰਦ ਸੀ। ਇੱਕ ਦਿਨ ਇਹ ਮੈਨੂੰ ਲੱਭ ਪਿਆ ਤੇ ਜਦੋਂ ਮੈਂ ਇਹ ਲੈ ਕੇ ਘਰ ਗਿਆ ਤਾਂ ਮੇਰੇ ਲਈ ਇਕ ਤਾਰ ਆਈ ਹੋਈ ਸੀ ਜਿਸ ਵਿਚ ਮੇਰੀ ਕਿਸੇ ਹੋਰ ਦੇਸ਼ ਵਿਚ ਬਦਲੀ ਦਾ ਐਲਾਨ ਸੀ। ਇਹ ਮੇਰੀ ਤਲਾਸ਼ ਤੇ ਮੇਰੇ ਜੀਵਨ ਦੇ ਇਕ ਭਾਗ ਦਾ ਅੰਤ ਸੀ। ਇਹ ਹੁਣ ਵਾਲਾ ਖਿੜਕੀ ਵਿਚਲਾ ਲੈਂਪ ਉਸੇ ਹੀ ਲੈਂਪ ਵਰਗਾ ਹੈ ਜੋ ਮੈਂ ਏਨੇ ਸਾਲ ਪਹਿਲਾਂ ਰੰਗੂਨ ਵਿੱਚ ਪਿੱਛੇ ਛੱਡ ਆਇਆ ਸੀ।

## 11. ਅੰਤਲੇ ਦਿਨਾਂ ਵਿਚ / *ਚਾਰੋ ਕਾਵਰੇ ਤੇ ਹੀਊਗੋ ਆਰੀਵੈਲੋ*

ਅਸੀਂ 1972 ਵਿੱਚ ਬਿਨਾਂ ਪੈਸੇ ਟਕੇ ਦੇ ਪੈਰਿਸ ਵਿਚ ਠਹਿਰੇ ਹੋਏ ਸੀ, ਸਾਨੂੰ ਚਿੱਲੀ ਦੇ ਸਿਫਾਰਤਖਾਨੇ ਵਿਚ ਨੇਰੂਦਾ ਨੇ ਜੀ ਆਇਆਂ ਕਿਹਾ। ਸਤੰਬਰ ਮਹੀਨਾ ਆਇਆ ਤੇ ਉਸ ਨੇ ਚਿੱਲੀ ਦੇ ਸਾਰੇ ਵਿਦਿਆਰਥੀਆਂ ਨੂੰ ਸੋਰ ਬੋਨੇ ਵਿਚ ਸੱਦਿਆ ਤੇ ਇਕ ਤਜਵੀਜ਼ ਰੱਖੀ। "ਅਠਾਰਾਂ ਸਤੰਬਰ (ਚਿੱਲੀ ਦਾ ਆਜ਼ਾਦੀ ਦਿਨ) ਨੂੰ ਅਸੀਂ ਇਸ ਜਗ੍ਹਾ ਨੂੰ ਇਕ ਸਰਾਂ ਬਣਾ ਰਹੇ ਹਾਂ। ਟਾਹਣੀਆਂ ਲਿਆਇਓ।" ਸੋ ਸਫਾਰਤਖਾਨੇ ਦਾ ਮਹੱਲ, ਇਕ ਵੱਡੀ ਇਮਾਰਤ ਨੂੰ ਕਿਸਾਨੀ ਸਰਾਂ ਦਾ ਰੂਪ ਦੇ ਦਿੱਤਾ ਗਿਆ। ਉਸ ਦੀਆਂ ਹਦਾਇਤਾਂ 'ਤੇ ਚੱਲਦੇ ਹੋਏ ਅਸੀਂ ਡਿਉੜੀ ਵਿਚ ਇਕੱਠੇ ਹੋਏ ਤੇ ਬਿਨਾਂ ਰੁਕੇ ਗਾਉਂਦੇ ਰਹੇ। ਸਤਾਰਵੀਂ ਸਦੀ ਦੀ ਪੁਸ਼ਾਕ ਵਾਲੇ ਪੈਦਲ ਪਿਆਦੇ ਨੇ ਚਿੱਟੀ ਟੋਪੀ ਪਾ ਕੇ ਹੈਰਾਨ ਹੋਏ ਸਫੀਰਾਂ ਦਾ ਸੁਆਗਤ ਕੀਤਾ, ਜਿਨ੍ਹਾਂ ਨੂੰ ਨੇਰੂਦਾ ਨੇ ਨਿਰਮਾਣ ਕਿਸਾਨੀ ਸੂਟ ਵਿਚ ਜੀ ਆਇਆਂ ਕਿਹਾ, ਜਿਹੜਾ ਸੂਟ ਉਸ ਨੇ ਨੋਬਲ ਪੁਰਸਕਾਰ ਵਾਲੀ ਪੁਸ਼ਾਕ ਤੋਂ ਤਿਆਰ ਕੀਤਾ ਸੀ।

ਇਕ ਸਾਲ ਪਿਛੋਂ ਆਜ਼ਾਦੀ ਦਿਨ ਦੇ ਲਾਗੇ, ਅਸੀਂ ਅਫਵਾਹ ਸੁਣੀ ਕਿ ਪਾਬਲੋ ਸਖ਼ਤ ਬੀਮਾਰ ਸੀ। ਕਈਆਂ ਕਿਹਾ ਕਿ ਮਰ ਗਿਆ ਹੈ। ਬਿਨਾਂ ਸੋਚੇ ਸਮੇਂ ਦੇ ਖਤਰਿਆਂ ਦੇ ਸਨਮੁੱਖ, ਅਸੀਂ ਆਈਸਲਾ ਨੇਗਰਾ ਵੱਲ, ਪਤਾ ਕਰਨ ਲਈ ਚੱਲ ਪਏ। ....ਪੈਰਿਸ ਵਿਚ ਪਿਛਲੀ ਅਠਾਰਾਂ ਤਾਰੀਖ ਦੀਆਂ ਯਾਦਾਂ ਖੁਸ਼ੀ ਤੇ ਲਾਪ੍ਰਵਾਹੀ ਵਿਚ ਹਾਲੀ ਵੀ ਸਾਨੂੰ ਚੇਤੇ ਸਨ।

ਜਦੋਂ ਅਸੀ ਪੌੜੀਆਂ ਚੜ੍ਹ ਉੱਤੇ ਗਏ ਤਾਂ ਅਸਾਂ ਵੇਖਿਆ ਕਿ ਉਸ ਦਾ ਬਿਸਤਰਾ ਟੇਢੇ ਰੁਖ਼ ਕੀਤਾ ਹੋਇਆ ਸੀ, ਤਾਂ ਕਿ ਉਹ ਸਮੁੰਦਰ ਦੀ ਤੇਜ਼ ਗਤੀ ਨੂੰ ਵੇਖ ਸਕਿਆ ਕਰੇ। ਜਦ ਉਸਨੇ ਸਾਨੂੰ ਵੇਖਿਆ ਤਾਂ ਕਿਹਾ, "ਮੇਰੇ ਬੱਚਿਓ। ਮੈਂ ਬਹੁਤ ਬੀਮਾਰ ਹਾਂ, ਪਹਿਲਾਂ ਕਦੇ ਏਨਾ ਨਹੀਂ ਸੀ ਹੋਇਆ।



ਉਹ ਮੈਨੂੰ ਹਰ ਪਾਸਿਓਂ ਬੁਲਾ ਰਹੇ ਨੇ ਤੇ ਮੈਂ ਆਪਣੇ ਹੱਥ ਵੀ ਮੁਸ਼ਕਿਲ ਨਾਲ ਹਿਲਾ ਸਕਦਾ ਹਾਂ। ਮੇਰੇ ਕੋਲ ਠਹਿਰੋ, ਪਰ ਆਪਣੀ ਕਾਰ ਅੰਦਰ ਲੈ ਆਓ, ਨਹੀਂ ਤਾਂ ਉਹ ਨੰਬਰ ਨੋਟ ਕਰ ਲੈਣਗੇ। ਮੇਰੇ ਨਾਲ ਸਬੰਧਤ ਨਾ ਹੋਵੋ, ਉਹ ਤੁਹਾਡੇ ਮਗਰ ਪੈ ਜਾਣਗੇ। ਉਸ ਦੇ ਗੁਪਤਵਾਸ ਦੇ ਤਜਰਬੇ ਤੇ ਸਪੇਨ ਵਿਚ ਗ੍ਰਹਿ-ਯੁੱਧ ਦੇ ਉਸ ਦੇ ਸਮੇਂ ਨੇ ਉਸ ਨੂੰ ਪ੍ਰੇਰਤ ਕੀਤਾ ਕਿ ਉਹ ਸਾਨੂੰ ਉਹਨਾਂ ਖਤਰਿਆਂ ਤੋਂ ਸਾਵਧਾਨ ਕਰ ਸਕੇ, ਜਿਹਨਾਂ ਬਾਰੇ ਅਸੀਂ ਸੋਚਿਆ ਵੀ ਨਹੀਂ ਸੀ। ਟੀ.ਵੀ. ਤੇ ਸਾਰਾ ਸਮਾਂ ਰਾਜ ਪਲਟੇ ਦੀਆਂ ਤਸਵੀਰਾਂ ਆਉਂਦੀਆਂ ਰਹੀਆਂ। ਜਿਹੜੀਆਂ, ਭਾਵੇਂ ਉਹ ਬੜਾ ਪ੍ਰੇਸ਼ਾਨ ਸੀ, ਧੋਖਾ ਨਹੀਂ ਸੀ ਦੇ ਸਕਦੀਆਂ।

ਅਗਲੇ ਦਿਨ, ਜਿਹੜਾ ਟੈਲੀਫੋਨ, ਇਟਲੀ, ਫਰਾਂਸ, ਮੈਕਸੀਕੋ, ਤੇ ਸਵੀਡਨ ਤੋਂ ਖਬਰਾਂ ਲਿਆ ਰਿਹਾ ਸੀ, ਕੱਟ ਦਿਤਾ ਗਿਆ। ਦੁਪਹਿਰਾਂ ਦੇ ਕਰੀਬ, ਆਪਣੇ ਦਰਦ ਦੇ ਬਾਵਜੂਦ, ਉਸ ਕਿਹਾ, "ਆਪਾਂ ਅਠਾਰਾਂ ਦੀ ਯਾਦ ਮਨਾਵਾਂਗੇ। ਡੇਲੀਆ ਡੋਮਿੰਗੂਏਜ਼ ਨੇ ਕੁਝ ਸੁਰਖ਼ ਵਾਈਨ ਲਿਆਂਦੀ ਸੀ, ਤੇ ਕੁਝ ਆਪਾਂ ਸਰਾਂ ਤੋਂ ਮੰਗਵਾ ਲਵਾਂਗੇ।"

ਫਿਰ ਟੀ.ਵੀ. ਤੇ ਕੁਝ ਹੋਰ ਦ੍ਰਿਸ਼ ਆਏ, ਜਿਹਨਾਂ ਉਸ ਨੂੰ ਦੁਖੀ ਕੀਤਾ ਅਤੇ ਉਸ ਦੀ ਬੇਬਸੀ ਵਧ ਗਈ। ਇਕ ਸਪੱਸ਼ਟ ਮਨ ਦੀ, ਜੋ ਗੰਭੀਰ ਰੂਪ ਵਿਚ ਬੀਮਾਰ ਜਿਸਮ ਵਿਚ ਕੈਦ ਸੀ।

"ਮੈਂ ਤੁਹਾਨੂੰ ਦੱਸਾਂ, ਇਹ ਆ ਰਿਹਾ ਹੈ...ਦਮਨ, ਗੰਭੀਰ ਭਾਂਤ ਦਾ ਦਮਨ" ਉਹ ਆਪਣੇ ਡਰਾਈਵਰ ਨੂੰ ਬੋਲਿਆ, "ਅਖੀਰ ਉਹ ਤੈਨੂੰ ਗ੍ਰਿਫਤਾਰ ਕਰ ਲੈਣਗੇ ਤੇ ਤਸੀਹੇ ਦੇਣਗੇ, ਪਰ ਦੱਸੀਂ ਕੁਝ ਨਾ। ਉਹ ਤੇਰੀ ਅੱਖ ਵੀ ਕੱਢ ਸਕਦੇ ਨੇ। ਜੇ ਤੂੰ ਮੋੜਵਾਂ ਉੱਤਰ ਦਿੱਤਾ।" .... "ਤਸ਼ੱਦਦ ਬੜਾ ਭਿਆਨਕ ਹੋਵੇਗਾ। ਪਰ ਲੋਕ ਦੁਬਾਰਾ ਜਥੇਬੰਦ ਹੋਣਗੇ।"

ਰਾਤ ਤੀਕ, ਉਸ ਦੀਆਂ ਪੀੜਾਂ ਵਧ ਗਈਆਂ ਆਪਣੇ ਕਮਰੇ ਵੱਲ ਜਾਂਦਿਆਂ, ਅਸਾਂ ਉਸ ਦੀ ਆਵਾਜ਼ ਸੁਣੀ। ਇਹ ਕਮਰਾ ਕਿੰਨਾ ਠੰਢਾ ਹੈ। ਕੀ ਉਹ ਸਟੋਵ ਨਹੀਂ ਲਿਆ ਸਕਦੇ ?

ਬੜੇ ਦਰਦ ਨਾਲ, ਅਸਾਂ ਅਨੁਭਵ ਕੀਤਾ ਕਿ ਅੰਤ ਨੇੜੇ ਸੀ। ਮਾਤਿਲਦੇ ਸਵੇਰੇ ਪੰਜ ਵਜੇ ਉੱਠੀ, "ਪਾਬਲੋ ਦੀ ਰਾਤ ਮਸਾਂ ਲੰਘੀ ਹੈ। ਇਸ ਵੇਲੇ ਉਹ ਲਿਖ ਰਿਹਾ ਹੈ।"

ਅਸਾਂ ਉਸ ਨੂੰ ਦੁਬਾਰਾ ਨਹੀਂ ਤੱਕਿਆ। ਅਸੀਂ ਵੈਨ ਦੇ ਮਗਰੇ ਮਗਰ ਹੀ ਚੱਲ ਪਏ, ਜਿਹੜੀ ਉਸ ਨੂੰ ਹਸਪਤਾਲ ਲੈ ਗਈ, ਜਿਥੇ ਉਹ ਕੁਝ ਦਿਨਾਂ ਬਾਅਦ ਚਲਾਣਾ ਕਰ ਗਿਆ। ਇੰਝ ਅਸੀਂ ਆਈਸਲਾ ਨੇਗਰਾ ਵਿਚ ਉਸ ਦੀ ਆਖਰੀ ਰਾਤ ਤੇ ਆਖਰੀ ਦਿਨ ਤੱਕਿਆ।

## 12. ਰੋਬਲਟੋ ਮਾਟਾ

ਹਾਂ, ਨੇਰੂਦਾ। ਉਹ ਸਾਨੂੰ ਉਤਸ਼ਾਹ ਦਿੰਦਾ ਸੀ, ਪਰ ਉਹ ਆਪ ਅਜਿਹਾ ਨਾਸਤਕ ਸੀ, ਕਿ ਮੈਨੂੰ ਯਕੀਨ ਹੈ ਕਿ ਉਹ ਸਾਡੇ ਸਾਰਿਆਂ ਨਾਲ, ਖੇਡਾਂ ਖੇਡ ਰਿਹਾ ਸੀ..। ਪਾਬਲੋ ਜਾਦੂਗਰ ਸੀ, ਉਸ ਵਿਚ ਕੋਈ ਹਸਾਊ-ਪਾਵਰ ਵਾਲਾ ਗੁਣ ਸੀ, ਉਹ ਸੁਖਾਂਤਕ ਕਲਾਕਾਰ ਸੀ। ....ਪਰ ਚੈਪਲਿਨ ਤੇ ਪਿਕਾਸੋ ਵੀ ਸੁਖਾਂਤਕ ਪਾਤਰ ਸਨ। ਬੰਦਾ ਜੇ ਇੰਝ ਨਾ ਹੋਵੇ ਤਾਂ ਕਿਵੇਂ ਰਹਿ ਸਕੇ ?

ਪਾਬਲੋ ਨਿਰਾਸਤਾ ਦੀ ਮੂਰਤ ਸੀ, ਕਲਾ ਇਕੋ ਹੀ ਹੁੰਦੀ ਹੈ। ਉਸ ਦੀ ਨਿਰਾਸਤਾ ਏਨੀ ਵਿਸ਼ਾਲ ਸੀ ਕਿ ਉਸ ਨੂੰ ਇਹ ਕਵਿਤਾਵਾਂ ਦੀ ਸ਼ਕਲ ਵਿਚ ਪ੍ਰਗਟ ਕਰਨੀ ਪਈ। ਉਹ ਬੂਟਾਂ ਦੇ ਤਸਮਿਆਂ ਬਾਰੇ। ਬੋਤਲਾਂ ਦੇ ਭੁਲਾਦਰਿਆਂ ਬਾਰੇ, ਮੁਨੂਜ਼ ਦੀ ਸਗੰਧੀ ਬਾਰੇ, ਨਿਰਾਸ ਹੁੰਦਾ ਸੀ। ਹਮੇਸ਼ਾ ਹੀ ਨਿਰਾਸ...। ਨਿਰਾਸਤਾ ਨੂੰ ਹਾਰ ਦੇਣ ਲਈ, ਤੁਹਾਨੂੰ ਹਰ ਚੀਜ਼ ਬਾਰੇ ਵੀ ਅਵੱਸ਼ ਹੀ ਨਿਰਾਸਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

## 13. ਅਲਾਸਤੈਰ ਰੀਡ (ਅਨੁਵਾਦਕ)

ਮੈਂ ਪਹਿਲਾਂ ਪਹਿਲ ਉਸ ਨੂੰ 1964 ਵਿਚ ਮਿਲਿਆ ਸੀ। ਜਾਰਜ ਈਲੀਅਟ ਮੈਨੂੰ ਉਸ ਦੇ ਆਈਸਲਾ ਨੇਗਰਾ ਵਾਲੇ ਘਰ ਲੈ ਕੇ ਗਿਆ ਸੀ। ਕਿਉਂਕਿ ਮੈਂ ਨੰਗੇ ਪੈਰੀ ਗਿਆ ਸੀ, ਪਾਬਲੋ ਤੇ ਮਾਤਿਲਦੇ ਮੈਨੂੰ ਛੇੜਦੇ ਤੇ ਮਖੌਲ ਕਰਦੇ। ਪਾਬਲੋ ਬੜਾ ਰੁੱਝਿਆ ਹੋਇਆ ਸੀ ਤੇ "ਆਈਸਲਾ ਨੇਗਰਾ ਦੀਆਂ ਯਾਦਾਂ" ਪੁਸਤਕ ਦੇ ਪਰੂਫ ਪੜ੍ਹ ਰਿਹਾ ਸੀ, ਜਿਹੜੀ ਕਿ ਉਸ ਸਾਲ ਉਸ ਦੇ 60 ਸਾਲਾ ਜਨਮ-ਦਿਨ 'ਤੇ ਛਪਣ ਵਾਲੀ ਸੀ। ਉਸਨੇ ਕੁਝ ਕਵਿਤਾਵਾਂ ਮੇਜ਼ 'ਤੇ ਸਾਨੂੰ ਸੁਣਾਈਆਂ ਸਨ। ਮੈਨੂੰ ਉਹ ਅਭੁੱਲ ਆਵਾਜ਼ ਚੇਤੇ ਹੈ। ਇਕ ਸ਼ਾਮ ਜਦ ਉਹ ਪਰੂਫਾਂ ਦਾ ਦੱਥਾ ਮੈਨੂੰ ਦੇ ਰਿਹਾ ਸੀ ਤਾਂ ਉਸ ਮੈਨੂੰ ਕਿਹਾ, ਤੂੰ ਇਹਨਾਂ ਵਿਚੋਂ ਕੁਝ ਕਵਿਤਾਵਾਂ ਅਨੁਵਾਦ ਕਿਉਂ ਨਹੀਂ ਕਰਦਾ ? 17 ਸਾਲ ਬਾਅਦ ਮੈਂ, ਪਾਬਲੋ ਤੋਂ ਬਿਨਾਂ, ਇਹ ਸਾਰੀ ਪੁਸਤਕ ਅਨੁਵਾਦ ਕਰ ਦਿੱਤੀ।

ਪਹਿਲਾਂ ਮੈਂ Exctravagaria ਤੇ Plenos-Poders ਜੋ ਦੋਵੇਂ ਪੁਸਤਕਾਂ ਆਈਸਲ ਨੇਗਰਾ ਵਿਚ ਲਿਖੀਆਂ ਗਈਆਂ ਸਨ ਅਨੁਵਾਦ ਕੀਤੀਆਂ। ਇਸ ਸਮੇਂ ਨੂੰ ਨੇਰੂਦਾ ਆਪਣੀ "ਪੱਤਝੜ" ਆਖਦਾ ਸੀ, ਜਦ ਉਸ ਦੇ ਸਾਰੇ ਸੰਸਾਰ ਸੰਤੁਲਨ ਵਿਚ ਪ੍ਰਤੀਤ ਹੁੰਦੇ ਸਨ। ਅਨੁਵਾਦਾਂ ਨੇ ਸਾਨੂੰ ਕਈ ਵਾਰ ਗੱਲਾਂ ਕਰਨ ਦਾ ਬਹਾਨਾ ਦਿੱਤਾ। ਸਭ ਕਿਸਮਾਂ ਦੀਆਂ ਚੀਜ਼ਾਂ ਬਾਰੇ ਪਰ ਖੁਦ ਅਨੁਵਾਦ ਬਾਰੇ ਉਸ ਨੂੰ ਕੋਈ ਚਿੰਤਾ ਨਹੀਂ ਸੀ ਹੁੰਦੀ। ਲੰਡਨ ਵਿਚ ਇੱਕ ਵਾਰੇ ਉਸਨੇ ਮੈਨੂੰ ਕਿਹਾ ਸੀ "ਮੈਂ ਬੱਸ ਆਪਣੀਆਂ ਕਵਿਤਾਵਾਂ ਦੇ ਅਨੁਵਾਦ ਨਹੀਂ ਚਾਹੁੰਦਾ। ਮੈਂ ਚਾਹੁੰਦਾ ਹਾਂ ਤੂੰ ਇਹਨਾਂ ਨੂੰ ਸੁਧਾਰੇਂ।" ਨੇਰੂਦਾ ਨੂੰ ਜਾਨਣਾ ਉਸ ਦੀ ਕਵਿਤਾ ਦੇ ਅਨੁਵਾਦ ਵਿਚ ਬੜਾ ਫਰਕ ਪਾਉਂਦਾ ਸੀ ਕਿਉਂਕਿ ਉਸ ਦੀਆਂ ਕਵਿਤਾਵਾਂ ਵਿਚ ਸੁਰ ਦੀ ਉਚਾਰਤ ਨੇੜਤਾ ਸੀ ਜਿਹੜੀ ਮੈਂ ਅੰਗ੍ਰੇਜ਼ੀ ਵਿਚ ਪਕੜਨਾ ਚਾਹੁੰਦਾ ਸੀ।

ਸੱਤਰਵੇਂ ਦੇ ਢਲਵੇਂ ਦਿਨਾਂ ਵਿਚ ਮੈਂ ਤੇ ਮੇਰਾ ਲੜਕਾ ਟੇਮਜ਼ ਹਾਊਸ-ਬੋਟ ਵਿਚ ਰਹਿ ਰਹੇ ਸੀ। ਜਦੋਂ ਪਾਬਲੋ ਲੰਡਨ ਆਇਆ ਤਾਂ ਉਸਨੇ ਏਸ ਕਿਸ਼ਤੀ ਨੂੰ ਆਪਣਾ ਹੈਡ-ਕੁਵਾਟਰ ਬਣਾਇਆ। ਉਥੇ ਉਸਨੇ ਪ੍ਰੈਸ-ਕਾਨਫਰੰਸਾਂ ਕੀਤੀਆਂ ਤੇ ਜਨਮ-ਦਿਨ ਦੀ ਪਾਰਟੀ ਕੀਤੀ, ਜਿਸਦੇ ਮੌਕੇ ਤੇ ਅਸੀਂ ਦਰਿਆ ਦੇ ਚਿਕੱੜ ਵਿਚ ਫਸੇ ਇਕ ਯੂਕੇਰੇਨੀ ਕਵੀ ਨੂੰ ਬਾਹਰ ਕੱਢਿਆ ਸੀ। ਜਾਣ ਤੋਂ ਪਹਿਲਾਂ ਉਸ ਨੇ ਟੇਪ ਵਿਚ ਮੇਰੇ ਲਈ ਕਈ ਕਵਿਤਾਵਾਂ ਪੜ੍ਹੀਆਂ ਜੋ ਅਨੁਵਾਦਕ ਵਜੋਂ ਇਕ ਘਸਵੱਟੀ ਸਨ। ਮੈਂ ਇਹ ਏਨੀ ਵਾਰ ਚਲਾ ਕੇ ਸੁਣੀਆਂ ਹਨ ਕਿ ਇਹ ਹੁਣ ਜਦੋਂ ਮਰਜੀ ਮੈਂ ਆਪਣੇ ਸਿਰ ਵਿਚੋਂ ਹੀ ਸੁਣ ਸਕਦਾ ਹਾਂ ਤੇ ਉਸ ਘਰ ਦੇ ਨਾਲ ਹੀ ਨੇਰੂਦਾ ਦੀ ਸੁਗੰਧੀ, ਹਵਾ ਵਿਚ ਰੁਕ ਜਾਂਦੀ ਹੈ ਤੇ ਬਿਖਰਦੀ ਨਹੀਂ ਹੈ।

### ਕਾਸ਼ !

ਕਾਸ਼ ਮੈਂ ਪੰਛੀਆਂ ਨਾਲ ਗੱਲਾਂ ਕਰ ਸਕਦਾ
ਕਸਤੂਰਾ ਮੱਛੀਆਂ ਨਾਲ,
ਨਿੱਕੀਆਂ ਛਿਪਕਲੀਆਂ ਨਾਲ
ਪੈਂਗੂਇਨ ਪ੍ਰਤੀਨਿਧਾਂ ਨਾਲ
ਜੇ ਭੇਡਾਂ ਮੈਨੂੰ ਸਮਝ ਸਕਦੀਆਂ
ਤੇ ਥੱਕੇ-ਟੁੱਟੇ ਜੱਤਲ ਕੁੱਤੇ
ਤੇ ਵੱਡੇ ਘੋੜਾ-ਗੱਡੇ
ਜੇ ਮੈਂ ਬਿੱਲੀਆਂ ਨਾਲ ਬਹਿਸ ਕਰ ਸਕਦਾ
ਤੇ ਚੂਚੇ ਮੇਰੀ ਗੱਲ ਸੁਣ ਸਕਦੇ ਹੁੰਦੇ



*ਵਿਸ਼ੇਸ਼ ਲੇਖ*

## ਮੇਰਾ ਮਿੱਤਰ ਪਾਬਲੋ ਨੇਰੂਦਾ / ਕਨਸਤੈਨਤਿਨ ਸਿਮੋਨੋਵ

ਇਹ ਗੱਲ ਨਹੀਂ, ਕਿ ਮੈਂ ਪਾਬਲੋ ਨੇਰੂਦਾ ਬਾਰੇ ਕੋਈ ਜ਼ਿਆਦਾ ਗੱਲਾਂ ਕਹਿ ਸਕਦਾ ਹਾਂ, ਜਿਹੜੀਆਂ ਹੋਰ ਮਿੱਤਰ ਨਹੀਂ ਕਹਿ ਸਕਦੇ।

ਉਸ ਦੇ ਮਨੁੱਖ ਜਾਤੀ ਦੇ ਭੂਤ, ਵਰਤਮਾਨ ਤੇ ਭਵਿਖ ਬਾਰੇ, ਕਿਰਤੀਆਂ ਬਾਰੇ ਤੇ ਮੁਨਾਫ਼ਾ ਖੋਰਾਂ ਬਾਰੇ, ਅਮਨ ਤੇ ਜੰਗ ਬਾਰੇ, ਮਿੱਤਰਾਂ ਤੇ ਦੁਸ਼ਮਣਾਂ ਬਾਰੇ, ਬੜੇ ਦ੍ਰਿੜ ਵਿਚਾਰ ਸਨ।

ਉਹ ਜਿਸ ਉਦੇਸ਼ ਵਿੱਚ ਵਿਸ਼ਵਾਸ ਕਰਦਾ ਸੀ, ਉਹਦੇ ਲਈ ਲੜਦਾ ਰਿਹਾ ਤੇ ਉਹ ਕਮਿਊਨਿਜ਼ਮ ਵਿੱਚ ਵਿਸ਼ਵਾਸ ਕਰਦਾ ਸੀ। ਉਹਨੇ ਡੂੰਘੀ ਤਰ੍ਹਾ ਸੋਚਿਆ ਤੇ ਕੋਈ ਘੱਟ ਕਸ਼ਟ ਨਹੀਂ ਝੱਲੇ। ਉਹ ਜਿੱਤਾਂ 'ਤੇ ਖੁਸ਼ ਹੁੰਦਾ ਸੀ ਤੇ ਤਰੁੱਟੀਆਂ 'ਤੇ ਗਲਤੀਆਂ 'ਤੇ ਨਾਰਾਜ਼। ਉਹ ਖਰ੍ਹਵੇ ਸੱਚ ਨੂੰ ਅਗਲੇ ਦੇ ਮੂੰਹ 'ਤੇ ਕਹਿਣ ਲੱਗਾ ਝਿਜਕਦਾ ਨਹੀਂ ਸੀ ਤੇ ਹਰ ਸਮੇਂ ਦ੍ਰਿੜਤਾ ਨਾਲ ਭਗੌੜਿਆਂ ਨੂੰ ਨਫ਼ਰਤ ਕਰਦਾ ਸੀ। ਖਾਸ ਕਰਕੇ ਉਹਨਾਂ ਨੂੰ, ਜਿਹੜੇ ਉਦੇਸ਼ ਨਾਲ ਗੱਦਾਰੀ ਕਰਕੇ ਸਰਵ-ਵਿਆਪੀ ਹਮਦਰਦੀ ਪਿੱਛੇ ਭੱਜਦੇ ਤੇ ਆਮ ਲੋਕਾਂ ਵਿੱਚ ਆਪਣੀਆਂ ਛਾਤੀਆਂ ਪਿੱਟਦੇ ਸਨ, ਖਾਸ ਤੌਰ 'ਤੇ ਉਹ, ਜਿਹੜੇ ਅਜਿਹਾ ਕੁਝ ਸਰਮਾਏਦਾਰੀ ਪ੍ਰੈਸ ਵਿੱਚ ਕਰਦੇ ਸਨ।

ਮੈਂ ਉਸ ਨੂੰ ਇਸ ਤਰ੍ਹਾਂ ਯਾਦ ਕਰਦਾ ਹਾਂ, ਇਕ ਰਾਜਸੀ ਮਨੁੱਖ, ਫ਼ਰਜ਼ ਦਾ ਬੱਧਾ ਮਨੁੱਖ, ਜਿਹੜਾ ਸੌਖਾ ਨਹੀਂ, ਸਗੋਂ ਸਹੀ ਰਾਹ ਚੁਣਦਾ ਸੀ।

ਪਾਬਲੋ ਨੇਰੂਦਾ ਬਾਰੇ ਚੌਥਾਈ ਸਦੀ ਦੀ ਮੇਰੀ ਵਾਕਫ਼ੀ ਦੇ ਸਮੇਂ, ਇਸ ਉਪ-ਗ੍ਰਹਿ ਉੱਤੇ ਜ਼ਿੰਦਗੀ ਨੇ, ਕਮਿਊਨਿਸਟਾਂ ਨੂੰ ਕੋਈ ਘੱਟ ਅਸਚਰਜ ਚੁਣੌਤੀਆਂ ਪੇਸ਼ ਨਹੀਂ ਕੀਤੀਆਂ : ਇਹ ਚੌਥਾਈ ਸਦੀ ਉਹਨਾਂ ਲੋਕਾਂ ਲਈ ਕੋਈ ਸੁਖਾਲੀ ਨਹੀਂ ਸੀ, ਜਿਹਨਾਂ ਨੇ ਆਪਣੀਆਂ ਕਲਮਾਂ ਨੂੰ ਕਮਿਊਨਿਸਟ ਵਿਚਾਰਾਂ ਦੀ ਲੜਾਈ ਲਈ ਵਰਤਿਆ ਅਤੇ ਇਹ ਗਲਤੀ ਹੋਵੇਗੀ, ਜੇ ਅਸੀਂ ਆਪਣੇ ਮਨਾਂ ਚੋਂ ਉਹਨਾਂ ਨੂੰ ਪੇਸ਼ ਆਈਆਂ ਮੁਸ਼ਕਲਾਂ ਨੂੰ ਵਿਸਾਰ ਦੇਈਏ।

ਉਹਨਾਂ ਔਖੇਰੇ ਸਾਲਾਂ ਵਿੱਚ, ਸੰਸਾਰ ਦੇ ਕਾਫੀ ਕਲਾਕਾਰਾਂ ਨੂੰ ਕਿਸੇ ਤੀਸਰੇ ਰਾਹ ਦੀ ਤਲਾਸ਼ ਸੀ। ਇਹ ਇਸ ਕਾਰਨ ਵਾਪਰਿਆ, ਕਿਉਂਕਿ ਕਮਊਨਿਜ਼ਮ ਦਾ ਰਾਹ, ਪਹਿਲਾਂ ਦਿਸਣ ਨਾਲੋਂ, ਕਿਤੇ ਵਧੇਰੇ ਲੰਮੇਰਾ ਤੇ ਕੰਢਿਆਂ ਭਰਿਆ ਨਿਕਲਿਆ। ਏਨਾ ਲੰਮਾ ਕਿ ਇਕ ਜੀਵਨ ਵਿੱਚ ਪਾਰ ਕਰਨਾ, ਸੰਭਵ ਨਹੀਂ ਸੀ ਲੱਗਦਾ। ਏਨਾ ਕੰਢਿਆਂ ਭਰਿਆ ਕਿ ਇਸ ਦੇ ਅੰਤ ਤੱਕ ਪਹੁੰਚਣ ਲਈ ਸਿਰਫ਼ ਦ੍ਰਿੜਤਾ ਹੀ ਕਾਫ਼ੀ ਨਹੀਂ ਸੀ।

ਮੈਂ ਇਹ ਇਸ ਕਰਕੇ ਯਾਦ ਕਰਦਾ ਹਾਂ, ਕਿਉਂਕਿ ਇਤਿਹਾਸ ਦੀਆਂ ਔਖੀਆਂ ਘੜੀਆਂ ਵਿੱਚ, ਬਹੁਤ ਵਾਰੀ ਮੈਂ ਤੀਸਰੇ ਰਾਹ ਦੇ ਚੌਧਰੀਆਂ ਬਾਰੇ ਨੇਰੂਦਾ ਦੇ ਬਿਆਨ ਸੁਣੇ ਸੀ, ਉਹਨਾਂ ਸਰਦਾਰਾਂ ਬਾਰੇ, ਜਿਹੜੇ ਸੂਰਮੇਂ ਘੱਟ ਤੇ ਥਿੜਕਣ ਵਾਲੇ ਵਧੇਰੇ ਸਨ।

ਉਸ ਦੇ ਬਿਆਨ ਬੜੇ ਸਪਸ਼ਟ ਹੁੰਦੇ ਸਨ, ਉਸ ਆਦਮੀ ਵਰਗੇ, ਜਿਸਨੂੰ ਪਤਾ ਹੁੰਦਾ ਸੀ ਕਿ ਉਹ ਠੀਕ ਹੈ। ਨੇਰੂਦਾ ਇਹ ਕਹਿਣ ਵਿੱਚ ਕਾਹਲੀ ਨਹੀਂ ਸੀ ਕਰਦਾ ਕਿ ਕੋਈ ਥਿੜਕਿਆ ਵਿਅਕਤੀ ਹਮੇਸ਼ਾ ਲਈ ਹੱਥੋਂ ਨਿਕਲ ਗਿਆ ਹੈ। ਇਸਦਾ ਕਾਰਨ ਮਨੁੱਖ 'ਤੇ ਮਨੁੱਖ ਜਾਤੀ ਵਿੱਚ ਉਸ ਦਾ ਵਿਸ਼ਵਾਸ ਸੀ। ਨਾਲ ਹੀ ਕਿਸੇ ਦੇ ਸ਼ੰਕੇ 'ਤੇ ਥਿੜਕਣਾ ਕਿਸੇ ਦਾ ਰਾਜਸੀ ਝੱਲਾਪੁਣਾ, ਭਾਵੇਂ ਇਹ ਪਾਗਲਪਨ ਹਵਾ ਦੀਆਂ ਲਹਿਰਾਂ ਜਾਂ ਅਖ਼ਬਾਰਾਂ ਦੇ ਸਫ਼ਿਆਂ ਰਾਹੀਂ ਚਮਕਾਇਆ ਗਿਆ ਹੋਵੇ, ਉਸ

ਦੇ ਮਾਨਸਿਕ ਸੰਤੁਲਨ ਵਿੱਚ ਵਿਘਨ ਨਹੀਂ ਪਾ ਸਕਦਾ ਸੀ, ਇਹ ਦਾ ਕਾਰਨ ਉਸ ਦਾ ਆਪਣੇ ਆਪ ਵਿੱਚ ਅਤੇ ਕਲਾ ਤੇ ਜ਼ਿੰਦਗੀ ਵਿੱਚ ਚੁਣੇ ਉਸ ਦੇ ਰਾਹ ਵਿੱਚ ਭਰੋਸੇ ਦੇ ਕਾਰਨ ਸੀ।

ਜੀਵਨ ਦੀਆਂ ਕਠੋਰ ਚੀਜ਼ਾਂ ਬਾਰੇ ਤੇ ਰਾਜਨੀਤੀ ਬਾਰੇ, ਉਹ ਸਪਸ਼ਟ ਦ੍ਰਿੜਤਾ ਨਾਲ ਬੋਲਦਾ ਸੀ, ਉਸ ਆਦਮੀ ਵਾਂਗੂੰ, ਜਿਹਨੇ ਦੋਹਾਂ ਹੱਥਾਂ ਵਿੱਚ ਵੱਡਾ ਬੋਝ ਚੁੱਕਿਆ ਹੁੰਦਾ ਹੈ, ਤੇ ਉਹ ਇਸ ਨੂੰ ਸਦਾ ਲਈ, ਧਰਤੀ ਤੋਂ ਚੁੱਕਦਾ ਹੈ, ਅੱਧ-ਵਿਚਾਲੇ ਛੱਡਣ ਲਈ ਨਹੀਂ, ਨਾ ਡੋਲਣ ਲਈ, ਸਗੋਂ ਪੂਰੀ ਤਰ੍ਹਾਂ ਉਤਾਂਹ ਲਿਜਾਣ ਲਈ।

ਨੇਰੂਦਾ ਨੂੰ ਭਵਿੱਖ ਵਿਚ ਅਡੋਲ ਵਿਸ਼ਵਾਸ ਸੀ। ਤੇ ਇਹ ਏਨਾ ਹੀ ਮਹੱਤਵ ਪੂਰਨ ਹੈ, ਜਿੰਨਾ ਇਕ ਮਨੁੱਖ, ਇੱਕ ਰਾਜਸੀ ਆਗੂ ਤੇ ਇਕ ਕਵੀ ਬਾਰੇ ਸਾਡੀ ਰਾਏ ਦਾ ਅਤੁੱਟ ਹੋਣਾ। ਇਸ ਰਾਏ ਦੀ ਸਥਿਰਤਾ ਬਾਰੇ ਉਸ ਦੀ ਜ਼ਿੰਦਗੀ ਤੇ ਸਾਰੀਆਂ ਕਵਿਤਾਵਾਂ ਗਵਾਹੀ ਭਰਦੀਆਂ ਹਨ। ਉਸਦੀ ਕਵਿਤਾ ਦੀ ਸਮੁੱਚੀ ਦੌਲਤ ਤੇ ਭਿੰਨਤਾ ਦੇ ਰੂਬਰੂ, ਇਸ ਅੰਦਰੂਨੀ ਦ੍ਰਿੜਤਾ ਦੀ ਪਕਿਆਈ, ਤੇ ਭਵਿਖ ਵਿਚਲੇ ਅਤੁੱਟ ਵਿਸ਼ਵਾਸ ਦੀ ਗਵਾਹੀ, ਉਸ ਦੀਆਂ ਸਾਰੀਆਂ ਪੁਸਤਕਾਂ ਚੋਂ ਮਿਲਦੀ ਹੈ, ਭਾਵੇਂ ਇਹ "ਮੇਰੇ ਦਿਲ ਦਾ ਸਪੇਨ" ਜਾਂ "ਸਟਾਲਿਨ ਗਰਾਡ ਲਈ ਪਿਆਰ ਦਾ ਗੀਤ", ਹੈ ਤੇ ਜਾਂ "ਸਰਬ-ਵਿਆਪੀ ਗੀਤ" ਹੋਵੇ ਜਾਂ "ਦਿਲ ਦੇ ਚਾਰੇ ਮੌਸਮ"।

ਹੁਣ ਜਦੋਂ ਉਹ ਸਾਡੇ ਦਰਮਿਆਨ ਨਹੀਂ ਹੈ, ਮੈਂ ਉਸ ਦੇ ਹੋਰਨਾਂ ਮਿੱਤਰਾਂ ਵਾਂਗ, ਇੱਕ ਇੱਕ ਕਰਕੇ, ਉਸ ਦੀ ਕਵਿਤਾ ਤੇ ਉਸ ਨਾਲ ਮੁਲਾਕਾਤਾਂ ਨੂੰ ਯਾਦ ਕਰ ਰਿਹਾ ਹਾਂ। ਅਜੇਹਿਆਂ ਕਈ ਮੁਲਾਕਾਤਾਂ ਹੋਈਆ ਸਨ। ਪਹਿਲੀ ਮੁਲਾਕਾਤ, 1949 ਵਿੱਚ ਏਥੇ ਹੀ, ਮਾਸਕੋ ਵਿੱਚ ਹੋਈ ਸੀ, ਜਦੋਂ ਉਹ ਪਹਿਲੀ ਵਾਰ ਪੁਸ਼ਕਿਨ ਦੀ 150ਵੀਂ ਜਨਮ-ਸ਼ਤਾਬਦੀ ਸਮੇਂ ਆਇਆ ਸੀ। ਇੱਕ ਸਾਲ ਪਹਿਲਾਂ, ਚਿੱਲੀ ਦੇ ਤਾਨਾਸ਼ਾਹ ਵਡੇਲਾ ਨੂੰ ਸ਼ਰ੍ਹੇਆਮ ਥੱਪੜ ਮਾਰਨ ਕਾਰਨ ਨੇਰੂਦਾ ਗੁਪਤਵਾਸ ਹੋ ਗਿਆ ਤੇ ਸਭ ਖਤਰਿਆਂ ਦੇ ਬਾਵਜੂਦ ਕੰਮ ਕਰਦਾ ਰਿਹਾ ਤੇ ਫਿਰ ਗੈਰ ਕਾਨੂੰਨੀ ਤੌਰ 'ਤੇ ਚਿੱਲੀ ਚੋਂ ਨਿਕਲ ਕੇ ਯੂਰਪ ਚਲਾ ਗਿਆ।

ਜਿਹੜਾ ਮਨੁੱਖ ਪੁਸ਼ਕਿਨ ਦੇ ਜਨਮ ਦੀ ਵਰ੍ਹੇ-ਗੰਢ ਦੇ ਸਬੰਧ ਵਿਚ ਮਾਸਕੋ ਆਇਆ ਸੀ, ਉਹ ਸਿਰਫ ਲਾਤੀਨੀ ਅਮਰੀਕਾ ਦੇ ਮਹਾਨ ਕਵੀਆਂ ਚੋਂ ਇਕ ਹੀ ਨਹੀਂ ਸੀ, ਸਗੋਂ ਉਹ ਇੱਕ ਦਲੇਰ ਤੇ ਦ੍ਰਿੜ ਮਨੁੱਖ ਸੀ, ਜਿਸਨੂੰ ਕਵਿਤਾ ਦੀ ਅਦੁੱਤੀ ਦਾਤ ਤੋਂ ਬਿਨਾਂ ਇਕ ਹੋਰ ਕੀਮਤੀ ਗੁਣ, ਨਾਗਰਿਕ ਹੌਸਲਾ ਮਿਲਿਆ ਹੋਇਆ ਸੀ। ਇਹ ਸੀ ਉਹ ਮਨੁੱਖ ਜਦੋਂ ਅਸੀਂ ਉਹਨੂੰ ਪਹਿਲੀ ਵਾਰ ਮਿਲੇ। ਏਨੇ ਵਰ੍ਹੇ ਅਸੀਂ ਉਹਨੂੰ ਆਪਣੇ ਮਨਾਂ ਰਾਹੀਂ ਤੱਕਿਆ ਹੈ। ਇਸ ਤਰ੍ਹਾਂ ਦਾ ਸੀ ਉਹ ਮਨੁੱਖ, ਜਦੋਂ ਉਹ ਇਸ ਧਰਤੀ ਤੋਂ ਵਿਦਾ ਹੋਇਆ।

ਮੈਂ ਇਹ ਗੱਲ ਦੁਹਰਾ ਰਿਹਾ ਹਾਂ ਕਿ ਉਸ ਦੀਆਂ ਯਾਦਾਂ ਏਨੀਆਂ ਜ਼ਿਆਦਾ ਨੇ, ਨੇਰੂਦਾ ਦੀਆਂ ਇਕ ਮਹਿਮਾਨ ਵਜੋਂ ਯਾਦਾਂ, ਜਦੋਂ ਉਹ ਸਾਡੇ ਘਰ ਸੀ, ਨੇਰੂਦਾ ਦੀਆਂ ਯਾਦਾਂ ਜਦੋਂ ਉਹ ਮੇਜ਼ਬਾਨ ਸੀ ਤੇ ਚਹੁੰ ਕਦਮਾਂ ਦੀ ਵਿੱਥ 'ਤੇ ਸਮੁੰਦਰ ਕੰਢੇ ਚਿੱਲੀ ਵਿੱਚ ਜਦੋਂ ਅਸੀਂ ਉਸ ਦੇ ਪਰਾਹੁਣੇ ਸੀ। ਨੇਰੂਦਾ ਦੀਆਂ ਯਾਦਾਂ ਜਦੋਂ ਭਰਾਤਰੀ ਭਾਵਨਾ ਵੱਸ ਕਮੀਜ਼ਾਂ ਵਟਾਉਂਦਾ ਸੀ, ਨੇਰੂਦਾ ਕਵਿਤਾ ਪੜ੍ਹਦਾ ਹੈ, ਨੇਰੂਦਾ ਕਵਿਤਾ ਸੁਣਾ ਰਿਹਾ ਹੈ ਤੇ ਜਦੋਂ ਨੇਰੂਦਾ ਜਾਰਜੀਆਂ ਦੀ ਸੁਰਖ਼ ਸ਼ਰਾਬ ਪੀ ਰਿਹਾ ਹੈ। ਨੇਰੂਦਾ ਕਦੇ ਬੱਚਿਆਂ ਨਾਲ ਗੱਲਾਂ ਕਰਦਾ ਹੈ, ਕਦੇ ਗੰਭੀਰ ਤੇ ਕਦੇ ਹਸਾਉਣੀਆਂ, ਤੇ ਬੜੇ ਠਰੰਮੇਂ ਨਾਲ ਰੂਸੀ ਵਿੱਚ ਅਨੁਵਾਦ ਹੋਏ ਉਹਨਾਂ ਦੇ ਮਖੌਲ ਸੁਣ ਕੇ ਹੱਸਦਾ ਹੈ। ਏਨੇ ਹਾਸੇ-ਭਰੇ ਮਖੌਲ ਤੇ ਸਿੱਧੇ ਮੂੰਹ 'ਤੇ ਕਹੇ ਹੋਏ।

ਉਹ ਕਦੇ ਵੀ, ਤਾਰਾਂ ਵਿੱਚ ਵੀ ਨਹੀਂ, ਆਪਣੇ ਜਾਣੂ ਬੱਚਿਆਂ ਨੂੰ ਸ਼ੁਭ ਇਛਾਵਾਂ ਭੇਜਣੀਆਂ ਨਹੀਂ ਸੀ ਭੁੱਲਦਾ। ਬੱਚਿਆਂ ਨੂੰ ਕੀ, ਉਹ ਤਾਂ ਉਹਨਾਂ ਪੰਛੀਆਂ ਤੇ ਡੱਡੂਆਂ ਨੂੰ ਵੀ ਯਾਦ ਕਰਦਾ ਸੀ,



ਜਿਹੜੇ ਉਸ ਦੇ ਬੱਚਿਆਂ ਨਾਲ ਮਖੌਲ ਕਰਦੇ ਸਮੇਂ ਗਾਉਂਦੇ ਤੇ ਗੜੈਂ ਗੜੈਂ ਕਰਦੇ ਸੀ।

ਜਦੋਂ ਉਸ ਨੇ ਆਪਣੀ ਤੇ ਆਪਣੇ ਮਿੱਤਰਾਂ ਦੀ ਤਸਵੀਰ ਵੇਖੀ, ਤਾਂ ਉਹ ਉਹਨਾਂ ਦੇ ਚਿਹਰਿਆਂ ਦੇ ਪ੍ਰਭਾਵ ਵੇਖ ਕੇ, ਇਸ ਗੱਲ ਦਾ ਅਨੁਮਾਨ ਲਾਉਂਦਾ ਸੀ ਕਿ ਉਹ ਉਸ ਸਮੇਂ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹੋਣਗੇ। ਇੰਝ ਇਹ ਤਸਵੀਰ ਬੜੀ ਅਨੰਦ-ਦਾਇਕ ਵਾਰਤਾਲਾਪ ਦਾ ਸਾਧਨ ਬਣ ਗਈ।

ਉਹ ਪਹਿਲਾਂ ਮਖੌਲ ਵਜੋਂ ਤਜਵੀਜ਼ ਪੇਸ਼ ਕਰਦਾ ਕਿ "ਮੇਰੇ ਘਰ ਲਾਗੇ ਤੇ ਐਟਮ ਬੰਬ ਤੋਂ ਦੂਰ" ਆਪਾਂ ਸਾਰੇ ਮਿਲੀਏ ਤੇ ਫਿਰ ਏਸੇ ਹੀ ਮੀਟਿੰਗ ਵਿੱਚ, ਬੜੇ ਵਿਸਥਾਰ ਵਿੱਚ, ਗੰਭੀਰਤਾ ਨਾਲ ਗੱਲਾਂ ਕਰਦਾ ਤੇ ਦੱਸਦਾ ਕਿ ਉਹ ਅਸਲ ਵਿੱਚ ਐਟਮ ਬੰਬ ਤੋਂ ਦੂਰ ਰਹਿਣਾ ਚਾਹੁੰਦਾ ਸੀ ਤੇ ਸਾਨੂੰ ਮਨੁੱਖੀ ਜੀਵਾਂ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਕਿ ਇਹ ਬੰਬ ਫਿਰ ਕਿਤੇ ਨਾ ਡਿੱਗੇ।

ਉਸ ਵਿੱਚ ਉਸ ਮਨੁੱਖ ਵਰਗੀ ਗਹਿਰਾਈ ਤੇ ਈਮਾਨਦਾਰੀ ਸੀ, ਇਸ ਸਦਕਾ ਬੰਦਾ ਝੱਟ ਪੱਟ ਬਹੁਤ ਗੰਭੀਰ ਗੱਲ ਤੇ ਕਈ ਵਾਰ ਦੁਖਾਂਤਕ ਗੱਲ ਤੋਂ, ਮੁਸਕ੍ਰਾਹਟ, ਮਖੌਲ ਤੇ ਵਿਅੰਗ ਵੱਲ ਪਰਤ ਸਕਦਾ ਹੈ। ਉਹ ਮੁਸਕਾਉਣ ਨਾਲੋਂ ਮਖੌਲ ਵਧੇਰੇ ਪਸੰਦ ਕਰਦਾ ਸੀ, ਪਰ ਨਾਲ ਹੀ, ਉਸ ਵਿੱਚ ਵਾਕ ਦੇ ਅੱਧ-ਵਿਚਕਾਰ ਹੀ ਬਹੁਤ ਗੰਭੀਰ ਮਸਲਿਆਂ ਵੱਲ ਪਰਤ ਆਉਣ ਦੀ ਅਸਚਰਜ ਯੋਗਤਾ ਸੀ ਤੇ ਉਹ ਇੱਕ ਮਿੰਟ ਵੀ ਬਹਿਸ ਨੂੰ ਮੁਲਤਵੀ ਨਹੀਂ ਸੀ ਕਰਦਾ।

ਭਾਵੇਂ ਮੈਂ ਮਖੌਲ ਕਰ ਰਹੇ ਨੇਰੂਦਾ ਨੂੰ ਕਿੰਨਾ ਵੀ ਯਾਦ ਕਰਾਂ, ਮੈਂ ਮਹਿਸੂਸ ਕਰਦਾ ਹਾਂ ਕਿ ਅੰਦਰੋਂ ਕਿਤੇ ਡੂੰਘੀ ਤਰ੍ਹਾਂ ਉਹ ਸਦਾ ਹੀ ਗੰਭੀਰ ਤੇ ਕੁਝ ਕੁ ਉਦਾਸ ਹੁੰਦਾ ਸੀ।

ਨੇਰੂਦਾ ਸਪੇਨ ਦੇ ਗ੍ਰਿਹਿ-ਯੁੱਧ ਸਮੇਂ ਫਾਸ਼ੀਵਾਦ ਦਾ ਵਿਰੋਧੀ ਬਣਿਆ। ਫਾਸ਼ੀਵਾਦ ਵਿਰੁੱਧ ਲੜਾਈ ਦੇ ਅਗਲੇਰੇ ਮੰਤਕੀ ਸਿੱਟੇ ਵਜੋਂ ਉਹ ਦੂਸਰੀ ਸੰਸਾਰ ਜੰਗ ਸਮੇਂ ਕਮਿਊਨਿਸਟ ਸਫਾਂ ਵਿੱਚ ਆ ਰਲਿਆ।

ਜੰਗ ਪਿਛਲੇਰੇ ਵਰ੍ਹਿਆਂ ਦੇ ਦੌਰਾਨ, ਨੇਰੂਦਾ ਸੰਸਾਰ ਪ੍ਰਸਿੱਧ ਕਮਿਊਨਿਸਟ ਲਿਖਾਰੀਆਂ 'ਚੋਂ ਸੀ,ਜਿਹੜੇ ਅਮਨ-ਲਹਿਰ ਦੇ ਪ੍ਰੇਰਨਾ-ਸਰੋਤ ਬਣੇ, ਅੱਜ ਇੱਕ ਚੌਥਾਈ ਸਦੀ ਪਿੱਛੋਂ ਇਸ ਲਹਿਰ ਦੇ ਸਾਰੇ ਪੜਾਵਾਂ ਨੂੰ ਯਾਦ ਕਰਦੇ ਹੋਏ ਨੇਰੂਦਾ ਤੋਂ ਬਿਨਾਂ ਇਸ ਲਹਿਰ ਦੀ ਕਲਪਨਾ ਕਰਨਾ ਅਸੰਭਵ ਹੈ, ਉਸ ਦੀਆਂ ਯਾਤਰਾਵਾਂ ਤੇ ਹਰ ਮਹਾਦੀਪ ਵਿੱਚ ਉਸ ਦੀਆਂ ਤਕਰੀਰਾਂ ਤੋਂ ਬਿਨਾਂ। ਅਤੇ ਕੁਦਰਤੀ ਤੌਰ 'ਤੇ ਅਮਨ ਦੇ ਕੁਦਰਤੀਪਨ ਤੇ ਜੰਗ ਦੇ ਗੈਰ-ਕੁਦਰਤੀਪਨ ਬਾਰੇ ਉਸ ਦੀਆਂ ਜਜ਼ਬੇ-ਭਰੇ ਵਿਸ਼ਵਾਸ ਨੂੰ ਪ੍ਰਗਟਾਉਂਦੀਆਂ ਕਵਿਤਾਵਾਂ ਤੋਂ ਬਿਨਾਂ ਕਲਪਨਾ ਕਰਨਾ ਮੁਸ਼ਕਲ ਹੈ।

ਇਸ ਸਾਲ ਦੇ ਅਕਤੂਬਰ ਵਿੱਚ ਮਾਸਕੋ ਵਿੱਚ ਕੀਤੀ ਗਈ ਅਮਨ ਕਾਂਗਰਸ, ਅਮਨ ਦੇ ਹਾਮੀਆਂ ਦੀ ਪਹਿਲੀ ਇਕੱਤਰਤਾ ਸੀ, ਜਿਸ ਵਿੱਚ ਨੇਰੂਦਾ ਸ਼ਾਮਲ ਨਾ ਹੋਇਆ ਜਾਂ ਨਾ ਹੋ ਸਕਿਆ। ਪਰ ਫਿਰ ਵੀ ਨੇਰੂਦਾ ਕਾਂਗਰਸ ਵਿੱਚ ਹਾਜ਼ਰ ਸੀ। ਇਹ ਨਾ ਹੀ ਇੱਕ ਅਲੰਕਾਰ ਹੈ, ਨਾ ਹੀ ਵਧਾ ਕੇ ਕੀਤੀ ਗੱਲ! ਉਹ ਜੰਗ ਨੂੰ ਘਿਰਣਾ ਕਰਦੀਆਂ ਆਪਣੀਆਂ ਕਵਿਤਾਵਾਂ ਰਾਹੀਂ ਸਾਡੇ ਦਿਲਾਂ ਵਿੱਚ ਹਾਜ਼ਰ ਸੀ, ਘਿਰਣਾ ਜਿਹੜੀ ਉਦੋਂ ਤੇ ਹੁਣ ਵੀ ਜ਼ਰੂਰੀ ਹੈ। ਉਹ ਸਾਡੇ ਮਨਾਂ ਵਿੱਚ ਉਸ ਮਨੁੱਖ ਵਜੋਂ ਹਾਜ਼ਰ ਸੀ, ਜਿਸ ਨੇ ਉਸ ਉਦੇਸ਼ ਲਈ ਆਪਣੇ ਜੀਵਨ ਦੇ ਦੋ ਦਹਾਕਿਆਂ ਤੋਂ ਵੱਧ ਸਾਲ ਅਰਪਿਤ ਕਰ ਦਿੱਤੇ ਸੀ, ਜਿਸ ਵਾਸਤੇ ਅਸੀਂ ਹੁਣ ਉਸ ਤੋਂ ਬਿਨਾਂ ਇਕੱਠੇ ਹੋਏ ਸੀ। ਕਾਂਗਰਸ ਵਿੱਚ ਉਸ ਦੀ ਗ਼ੈਰ ਹਾਜ਼ਰੀ ਵਿਸ਼ੇਸ਼ ਤੀਬਰਤਾ ਨਾਲ ਅਨੁਭਵ ਕੀਤੀ ਗਈ, ਕਿਉਂਕਿ ਉਹ ਚਿੱਲੀ ਦੇ ਲੋਕਾਂ ਦਾ ਪੁੱਤਰ ਸੀ, ਜਿਹਨਾਂ ਦਾ ਦੁੱਖ ਅਸਾਂ ਆਪਣੇ ਦੁੱਖ ਵਾਂਗ ਮਹਿਸੂਸ ਕੀਤਾ, ਜਦੋਂ ਅਸੀਂ ਉਹਨਾਂ ਬਾਰੇ ਗੱਲਾਂ ਕੀਤੀਆਂ ਤੇ ਜਦੋਂ ਅਸੀਂ ਉਹਨਾਂ ਨੂੰ ਚੁੱਪ-ਚਾਪ ਯਾਦ ਕੀਤਾ, ਤੇ ਜਦੋਂ ਅਸੀਂ ਇਹ ਸੋਚਿਆ ਕਿ ਅਸੀਂ ਉਹਨਾਂ ਲੋਕਾਂ ਦੀ ਕੀ ਸਹਾਇਤਾ ਕਰ ਸਕਦੇ ਹਾਂ ਜਾਂ ਸਾਨੂੰ ਕੀ ਸਹਾਇਤਾ ਕਰਨੀ ਚਾਹੀਦੀ ਹੈ।

ਜਦੋਂ ਕਾਂਗਰਸ ਦੇ ਡੈਲੀਗੇਟ ਨੇਰੂਦਾ ਦੀ ਯਾਦ ਵਿੱਚ ਇਕੱਠੇ ਹੋਏ ਤਾਂ ਮੈਂ ਆਪਣੇ ਮਨ ਵਿੱਚ

ਅਸਚਰਜ, ਦੁਜੈਲੀ ਭਾਵਨਾ ਅਨੁਭਵ ਕੀਤੀ, ਜਦੋਂ ਇਹ ਪਵਿੱਤਰ ਪਰ ਦੁੱਖਦਾਈ ਸ਼ਬਦ ਬੋਲੇ ਗਏ, "ਆਓ.....ਦੀ ਯਾਦ ਵਿੱਚ ਖੜ੍ਹੇ ਹੋਈਏ।" ਇਸ ਦਾ ਅਰਥ ਹੈ ਕਿ ਜਿਸ ਮਨੁੱਖ ਨੂੰ ਅਸੀਂ ਯਾਦ ਕਰ ਰਹੇ ਹਾਂ, ਉਹ ਹੁਣ ਸਾਡੇ ਦਰਮਿਆਨ ਨਹੀਂ ਹੈ। ਮੈਂ ਇਹ ਅਨੁਭਵ ਕੀਤਾ, ਪਰ ਫਿਰ ਵੀ ਮੈਂ ਹਾਲ ਵਿੱਚ ਨੇਰੂਦਾ ਦੀ ਹਾਜ਼ਰੀ ਮਹਿਸੂਸ ਕੀਤੀ, ਤੇ ਮਾਨਸਿਕ ਤੌਰ 'ਤੇ ਉਸ ਮਨੁੱਖ ਨੂੰ ਭਾਲਦਾ ਰਿਹਾ, ਜਿਹੜਾ ਏਥੇ ਇਕੱਠੇ ਹੋਇਆਂ ਚੋਂ ਤੁਰ ਗਿਆ ਸੀ! ਉਸ ਦੀ ਗੈਰ-ਹਾਜ਼ਰੀ ਪਰ ਹਾਜ਼ਰੀ ਦੀ ਲੋੜ ਬਾਰੇ ਮੇਰੇ ਮਨ ਵਿੱਚ ਇਸ ਤਰ੍ਹਾਂ ਦੀ ਮਜਬੂਰੀ ਭਰੀ ਭਾਵਨਾ ਸੀ।

ਛੇ ਸਾਲ ਪਹਿਲਾਂ 'ਰੋਮਨ ਕਾਰਮਨ' (ਜਿਹੜਾ ਨੇਰੂਦਾ ਨਾਲ ਸਾਡੇ ਸਭ ਨਾਲੋਂ ਵੱਧ ਸਮੇਂ ਤੀਕ ਨੇੜੇ ਰਿਹਾ ਸੀ, ਅਸਲ ਵਿੱਚ ਮੈਡਰਿਡ ਦੇ ਦਿਨਾਂ ਤੋਂ ਹੀ,) ਤੇ ਮੈਂ ਇਕੱਠੇ ਹੋਏ ਤੇ ਸਪੇਨ ਬਾਰੇ ਇਕ ਫਿਲਮ ਬਣਾਈ।

ਨੇਰੂਦਾ ਸਬੱਬੀਂ ਹੀ, ਉਹਨੀਂ ਦਿਨੀਂ ਮਾਸਕੋ ਵਿੱਚ ਸੀ, ਤੇ ਅਸੀਂ ਉਸ ਨੂੰ ਫਿਲਮ ਲਈ ਉਹ ਗੱਲਾਂ ਯਾਦ ਕਰਨ ਲਈ ਬੇਨਤੀ ਕੀਤੀ ਕਿ ਸਪੇਨ ਵਿੱਚ ਫਾਸ਼ਿਜ਼ਮ ਵਿਰੁੱਧ ਸੰਘਰਸ਼ ਦਾ ਉਸਦੇ ਲਈ ਕੀ ਅਰਥ ਸੀ। ਮੈਂ ਕਾਂਗਰਸ ਦੇ ਸਮੇਂ ਦੌਰਾਨ ਇਹ ਫਿਲਮ ਵੇਖੀ। ਇਸ ਫਿਲਮ ਨੇ ਸਾਡੇ ਲਈ ਇਹ ਚੀਜ਼ ਸੁਰੱਖਿਅਤ ਕਰ ਦਿੱਤੀ ਕਿ ਨੇਰੂਦਾ ਨੇ ਉਹਨਾਂ ਘਟਨਾਵਾਂ ਬਾਰੇ ਕੀ ਕਿਹਾ ਸੀ ਤੇ ਕਿੰਨੀ ਸ਼ਕਤੀ ਤੇ ਵਿਸ਼ਵਾਸ ਨਾਲ ਕਿਹਾ ਸੀ।

ਜੋ ਕੁਝ ਉਸ ਨੇ ਕਿਹਾ, ਮੈਂ ਉਸ ਵਿੱਚੋਂ ਕੁਝ ਦਾ ਏਥੇ ਹਵਾਲਾ ਦੇਣਾ ਚਾਹਾਂਗਾ।

ਕੁਝ ਸਮਾਂ ਪਹਿਲਾਂ ਜਦੋਂ ਮੈਂ ਨੇਰੂਦਾ ਨੂੰ ਪੈਰਿਸ ਵਿੱਚ ਵੇਖਿਆ ਤਾਂ ਉਸ ਨੇ ਮੈਨੂੰ ਫਾਸਿਸਟਾਂ ਹੱਥੋਂ ਮਾਰੇ ਗਏ ਮਹਾਨ ਸਪੇਨੀ ਕਵੀ ਗਾਰਸ਼ੀਆ ਲੋਰਕਾ ਨਾਲ ਆਪਣੀ ਆਖਰੀ ਮੁਲਾਕਾਤ ਬਾਰੇ ਦੱਸਿਆ ਸੀ। ਹੁਣ ਜਦੋਂ ਉਹ ਕੈਮਰੇ ਦੇ ਰੂ-ਬ-ਰੂ ਬੈਠਾ ਸੀ ਤਾਂ ਮੈਂ ਨੇਰੂਦਾ ਨੂੰ ਉਸ ਮੁਲਾਕਾਤ ਬਾਰੇ ਇੱਕ ਵਾਰ ਫਿਰ ਯਾਦ ਕਰਨ ਲਈ ਆਖਿਆ ਅਤੇ ਕੁਝ ਮਿੰਟ ਸੋਚ ਕੇ,ਇਹ ਸੀ, ਜੋ ਉਸ ਕਿਹਾ ;

"ਹਾਂ, ਮੇਰੇ ਲਈ ਜੰਗ ਫੈਡਰੀਕੋ ਗਾਰਸ਼ੀਆ ਲੋਰਕਾ ਨਾਲ ਮੇਰੀਆ ਆਖਰੀ ਯਾਦਾਂ ਤੋਂ ਆਰੰਭ ਹੁੰਦੀ ਹੈ। ਫੈਡਰੀਕੋ ਤੇ ਮੈਂ ਅਕਸਰ ਰੋਜ਼ ਹੀ ਮਿਲਦੇ ਸੀ। ਉਸ ਵਿੱਚ ਸਪੇਨੀ ਲੋਕ-ਰਾਜ ਦੀ ਆਤਮਾ ਸਮਾਈ ਹੋਈ ਸੀ, ਸਪੇਨੀ ਲੋਕਾਂ ਦੀ ਨਵੀਂ, ਬੇਚੈਨ, ਤੇ ਜੋਸ਼ੀਲੀ ਆਤਮਾ। ਵਿਦਰੋਹ ਦੇ ਪਹਿਲੇ ਦਿਨ ਮੈਂ ਤੇ ਫੈਡਰੀਕੋ ਨੇ ਇਕ ਖਾੜਕੂ ਨਾਟਕ ਵੇਖਣ ਦਾ ਪ੍ਰਬੰਧ ਕੀਤਾ। ਜਦੋਂ ਮੈਂ ਨਾਟਕ ਤੋਂ ਦੋ ਦਿਨ ਪਹਿਲਾਂ ਫੈਡਰੀਕੋ ਨੂੰ ਮਿਲਿਆ ਤਾਂ ਉਹ ਬਹੁਤ ਚਿੰਤਾਤੁਰ ਵਿਖਾਈ ਦਿੰਦਾ ਸੀ। ਉਸ ਤੋਂ ਪਹਿਲਾਂ ਮੈਡਰਿਡ ਵਿੱਚ ਉਸ ਦੇ ਜੀਵਨ 'ਤੇ ਹਮਲਾ ਹੋ ਚੁੱਕਾ ਸੀ। ਮੈਡਰਿਡ ਵਿੱਚ ਲੱਗਪਗ ਰੋਜ਼ ਹੀ ਬੰਬ ਫਟਦੇ ਸੀ ਤੇ ਦਹਿਸ਼ਤ ਦੀਆਂ ਕਾਰਵਾਈਆਂ ਹੁੰਦੀਆਂ ਸਨ ਤੇ ਚਲਾਏ ਗਏ ਗੋਲਿਆਂ ਚੋਂ ਇੱਕ ਦਾ ਨਿਸ਼ਾਨਾ ਫੈਡਰੀਕੋ ਦਾ ਘਰ ਸੀ। ਇਹ ਫਾਸਿਸਟ ਗੋਲੀ ਸੀ, ਪਰ ਉਸ ਸਮੇਂ ਉੱਕ ਗਈ। ਪਰ ਕਿਸੇ ਨੇ ਉਸ ਨੂੰ ਕੁਝ ਸਮੇਂ ਲਈ ਮੈਡਰਿਡ ਚੋਂ ਨਿਕਲ ਜਾਣ ਲਈ ਕਿਹਾ। ਹਿਦਾਇਤ ਵੀ ਉਸ ਦਿਨ ਕੀਤੀ, ਜਿਸ ਦਿਨ ਮੈਂ ਉਹਨੂੰ ਮਿਲਣਾ ਸੀ। ਇਸ ਲਈ ਫੈਡਰੀਕੋ ਤੇ ਮੈਂ ਉਸ ਦਿਨ ਨਾ ਮਿਲੇ ਕਿਉਂਕਿ ਉਹ ਤਾਂ ਪਹਿਲਾਂ ਹੀ ਮੈਡਰਿਡ ਵਿੱਚ ਆਪਣੇ 'ਤੇ ਹੋਣ ਵਾਲੇ ਹਮਲੇ ਤੋਂ ਬਚਣ ਲਈ ਗਰੇਨਾਡਾ ਨੂੰ ਰਵਾਨਾ ਹੋ ਚੁੱਕਾ ਸੀ। ਉਹ ਮੌਤ ਤੋਂ ਬਚਣ ਲਈ ਗਰੇਨਾਡਾ ਨੂੰ ਗਿਆ ਸੀ, ਪਰ ਮੌਤ ਰਾਹ ਵਿੱਚ ਖਲੋਤੀ ਸੀ।"

"ਉਸ ਤੋਂ ਪਿੱਛੋਂ ਘਟਨਾਵਾਂ ਬੜੀ ਤੇਜ਼ ਰਫ਼ਤਾਰੀ ਨਾਲ ਵਾਪਰੀਆਂ। ਮੈਂ ਆਰੰਭ ਹੋਏ ਜਨਤਕ ਸੰਘਰਸ਼ ਦੀ ਤੀਬਰਤਾ ਨੂੰ ਤੱਕਿਆ, ਗੋਲੀਆਂ ਦੀ ਗੂੰਜ ਸੁਣੀ ਤੇ ਹਥਿਆਰ ਬੰਦ ਹੋਏ ਲੋਕਾਂ ਨੂੰ ਵੇਖਿਆ। ਮੈਡਰਿਡ ਦੀ ਸਾਰੀ ਆਬਾਦੀ, ਜਾਗ ਉੱਠੀ ਤੇ ਲੋਕਰਾਜ ਦੀ ਰਖਵਾਲੀ ਲਈ ਤੁਰ ਪਈ, ਤੇ ਲੋਕਾਂ ਦੇ ਨਾਂ ਤੇ ਇਸ ਪਵਿੱਤਰ ਕਾਰਜ ਲਈ ਹਰਕਤ ਵਿੱਚ ਆ ਗਈ। ਹਰ ਇੱਕ ਨੂੰ ਜਾਪਦਾ ਸੀ ਕਿ



ਉਹ ਭਰਤੀ ਹੋ ਗਿਆ ਹੈ। ਉਸ ਦਿਨ ਤੋਂ ਮੈਡਰਿਡ ਫਾਸ਼ਿਜ਼ਮ ਵਿਰੁੱਧ ਲੜਾਈ ਦਾ ਕਿਲ੍ਹਾ ਬਣ ਗਿਆ।

ਵਕਤ ਬੀਤਦਾ ਗਿਆ ਤੇ ਲੜਾਈ ਚੱਲਦੀ ਰਹੀ। ਫੈਡਰੀਕੋ ਨਾਲ ਕੀ ਵਾਪਰਿਆ, ਇਸ ਬਾਰੇ ਸਾਨੂੰ ਉਦੋਂ ਪਤਾ ਲੱਗਾ, ਜਦੋਂ ਗਰੇਨਾਡਾ ਤੋਂ ਅਫਵਾਹਾਂ ਸਾਡੇ ਤੱਕ ਪਹੁੰਚੀਆਂ ਕਿ ਉਸ ਨੂੰ ਫਾਸਿਸਟਾਂ ਨੇ ਕਤਲ ਕਰ ਦਿੱਤਾ ਹੈ। ਪਹਿਲਾਂ ਨਾ ਹੀ ਮੈਨੂੰ, ਨਾ ਅਲਬਰਤੀ ਤੇ ਨਾ ਹੋਰਨਾਂ ਮਿੱਤਰਾਂ ਨੂੰ ਯਕੀਨ ਆਇਆ ਕਿ ਫੈਡਰੀਕੋ ਐਸੇ ਜੁਰਮ ਦਾ ਸ਼ਿਕਾਰ ਹੋ ਗਿਆ ਹੈ.....ਉਸ ਦੇ ਵਿਚਾਰ ਖੱਬੇ ਪੱਖੀ ਤਾਂ ਸਨ, ਪਰ ਉਹ ਕਦੇ ਵੀ ਰਾਜਸੀ ਮੀਟਿੰਗਾਂ ਵਿੱਚ ਨਹੀਂ ਗਿਆ ਸੀ। ਇੱਕੋ ਇੱਕ ਮੀਟਿੰਗ ਜਿਹੜੀ ਮੈਂ ਵੇਖੀ, ਉਹ ਲੂਈਸ ਕਾਰਲੋਸ ਪ੍ਰੈਸਟੀਸ ਦੀ ਰਿਹਾਈ ਲਈ ਕੀਤੀ ਗਈ ਰੈਲੀ ਸੀ। ਨਹੀਂ ਤੇ ਉਹ ਤਾਂ ਆਪਣੀ ਕਵਿਤਾ ਤੇ ਥੀਏਟਰ ਨਾਲ ਮੋਹ ਰੱਖਦਾ ਸੀ ਤੇ ਉਹ ਏਸੇ ਵਾਸਤੇ ਜੀਉਂਦਾ ਸੀ।

ਸੰਖੇਪ ਵਿਚ, ਅਸੀਂ ਇਹ ਕਲਪਨਾ ਨਾ ਕਰ ਸਕੇ ਕਿ ਫੈਡਰੀਕੋ ਨਾਲ ਇਸ ਤਰ੍ਹਾਂ ਵਾਪਰ ਸਕਦਾ ਸੀ, ਜਿਹੜਾ ਕਿ ਸਪੇਨ ਦੀ ਸਭ ਤੋਂ ਵੱਧ ਹਰਮਨ-ਪਿਆਰੀ ਬੁੱਧੀਜੀਵੀ ਹਸਤੀ ਸੀ। ਉਹਦਾ ਏਨਾ ਪ੍ਰਭਾਵ ਸੀ ਕਿ ਉਹ ਜਿੱਧਰ ਜਾਂਦਾ ਲੋਕ ਉਸ ਦੇ ਮਗਰੇ ਤੁਰ ਪੈਂਦੇ। ਉਹ ਆਮ ਲੋਕਾਂ ਦੇ ਧਿਆਨ ਦਾ ਕੇਂਦਰ ਸੀ। ਮੈਂ ਹੋਰ ਕੋਈ ਕਵੀ ਨਹੀਂ ਵੇਖਿਆ, ਜਿਸਨੂੰ ਉਸ ਦੇ ਜੀਵਨ-ਕਾਲ ਵਿਚ ਹੀ ਏਨੀ ਮਾਨਤਾ ਮਿਲੀ ਹੋਵੇ। ਸਪੇਨ ਵਿਚ, ਜਿਸ ਦੀ ਕਈ ਵਰ੍ਹਿਆਂ ਤੋਂ ਆਪਣੀ ਕੋਈ ਮਹਾਨ ਕਵਿਤਾ ਹੀ ਨਹੀਂ ਸੀ, ਲੋਕ-ਰਾਜ ਨੇ ਕਾਵਿ-ਆਤਮਾ ਦਾ ਪੁਨਰ -ਜਨਮ ਕੀਤਾ।

ਅਲੇਸਾਂਦਰੀ, ਅਲਬਰਤੀ, ਗਾਰਸੀਆਂ ਲੋਰਕਾ ਦੀ ਪੀੜੀ ਦਾ ਆਗਮਨ ਹੋਇਆ ਤੇ ਅਸਲ ਅਰਥਾਂ ਵਿਚ ਮਹਾਨ ਕਵੀ, ਮਿਗੁਅਲ ਹਰਨੈਂਡੇਜ ਵੀ ਫਾਸਿਸਟਾਂ ਹੱਥੋਂ ਲੋਰਕਾ ਵਾਂਗ ਮਾਰਿਆ ਗਿਆ ਸੀ ਤੇ ਇਹ ਸਿਰਫ ਕੋਈ ਮੌਕਾ ਮੇਲ ਹੀ ਨਹੀਂ ਸੀ, ਜਿਸਨੇ ਸਪੇਨ ਦੀ ਰਚਨਾਤਮਕ ਸ਼ਕਤੀ ਨੂੰ ਜਗਾ ਦਿੱਤਾ ਸੀ।

"ਮੈਂ ਗਾਰਸ਼ੀਆ ਲੋਰਕਾ ਬਾਰੇ ਉਸ ਦੇ ਵਿਚਾਰ ਪੜ੍ਹੇ ਤੇ ਮੈਂ ਨੇਰੂਦਾ ਦੇ ਆਪੇ ਬਾਰੇ, ਉਸਦੀ ਕਵਿਤਾ ਬਾਰੇ, ਤੇ ਉਸ ਦੇ ਅੰਤਲੇ ਦਿਨਾਂ ਬਾਰੇ ਸੋਚਣ ਲੱਗਾ, ਦਿਨ ਜਿਹੜੇ ਕਿ ਸਭ ਤੋਂ ਭੈੜੀ ਤੇ ਸਭ ਤੋਂ ਕੌੜੀ ਵੇਦਨਾ ਦੇ ਦਿਨ ਸਨ, ਮੌਤ ਤੋਂ ਪਹਿਲਾਂ ਦੇ ਦਿਨ। ਫਾਸ਼ੀਵਾਦ ਦੀ ਅੱਡੀ ਹੇਠ ਮਿੱਧੇ ਆਪਣੇ ਲਹੂ-ਲਿੱਬੜੇ ਦੇਸ਼ ਦੀ ਪੀੜਾ ਤੇ ਦੁਖੀ ਹੋਏ ਆਪਣੇ ਲੋਕਾਂ ਦੀ ਵੇਦਨਾ ਦੇ ਦਿਹਾੜੇ।

ਫਿਰ 1967 ਦੀ ਬਹਾਰ ਵਿਚ 'ਕਾਰਮਿਨ' ਨੇ ਨੇਰੂਦਾ ਨੂੰ ਪੁੱਛਿਆ ਕਿ ਉਹਨਾਂ ਦਿਨਾਂ ਦੇ ਸਪੇਨ ਦੇ ਉਸ ਲਈ ਅੱਜ ਕੀ ਅਰਥ ਹਨ ਤੇ ਨਾਲ ਹੀ ਕਿਹਾ, "ਕੀ ਨੇਰੂਦਾ ਇਸ ਸਬੰਧ ਵਿਚ ਅੱਜ ਦੇ ਜਵਾਨਾਂ ਨੂੰ ਕੁਝ ਸੰਬੋਧਨ ਕਰ ਸਕਦਾ ਹੈ?"

" ਮੈਂ ਥੋੜ੍ਹੇ ਸ਼ਬਦਾਂ ਵਿਚ, ਜੋ ਮਹਿਸੂਸ ਕਰਦਾ ਹਾਂ, ਪ੍ਰਗਟ ਨਹੀਂ ਕਰ ਸਕਦਾ। ਉਹਨਾਂ ਸਾਲਾਂ ਦੇ ਮੇਰੇ ਲਈ ਡੂੰਘੇ ਅਰਥ ਹਨ।" ਨੇਰੂਦਾ ਨੇ ਉੱਤਰ ਦਿੱਤਾ। "ਉਹਨਾਂ ਸਾਲਾਂ ਨੇ ਮੇਰੇ ਜੀਵਨ ਨੂੰ ਬਿਲਕੁਲ ਹੀ ਬਦਲ ਦਿੱਤਾ। ਉਸ ਤੋਂ ਪਹਿਲਾਂ ਮੈਂ ਰਾਜਨੀਤੀ ਪ੍ਰਤੀ ਬੇਪ੍ਰਵਾਹ ਸੀ। ਪਰ ਉਸ ਸਮੇਂ ਤੋਂ ਲੱਗ ਕੇ ਅੱਜ ਤੀਕ ਮੈਂ ਸਪੇਨ ਤੇ ਆਪਣੇ ਦੇਸ਼ ਵਿਚ, ਫਾਸ਼ੀਵਾਦ, ਹਿੰਸਾ ਤੇ ਜੰਗ ਦੇ ਵਿਰੁੱਧ ਖੁੱਲ੍ਹੇਆਮ ਲੜਾਈ ਲੜੀ ਹੈ।"

"ਇਸ ਨੇ ਅਮਲੀ ਰੂਪ ਵਿੱਚ ਮੇਰੀ ਜ਼ਿੰਦਗੀ ਬਦਲ ਦਿੱਤੀ। ਇਸ ਪਿੱਛੋਂ ਛੇਤੀ ਹੀ, ਮੈਂ ਪਾਪੂਲਰ ਫਰੰਟ ਦੀ ਆਪਣੇ ਦੇਸ਼ ਵਿੱਚ ਹੋਈ ਜਿੱਤ ਤੱਕਣ ਦੀ ਖੁਸ਼ ਕਿਸਮਤੀ ਪ੍ਰਾਪਤ ਕੀਤੀ ਤੇ ਪਹਿਲਾ ਕੰਮ ਜਿਹੜਾ ਮੈਂ ਕੀਤਾ, ਉਹ ਇਹ ਸੀ ਕਿ ਮੈਂ ਚਿੱਲੀ ਦੀ ਨਵੀਂ ਪ੍ਰਗਤੀਵਾਦੀ ਸਰਕਾਰ ਨੂੰ ਆਖਿਆ ਕਿ ਉਹ ਮੈਨੂੰ ਫਰਾਂਸ ਦੇ ਨਜ਼ਰਬੰਦੀ ਕੈਂਪਾਂ ਚੋਂ ਪਰਤ ਰਹੇ ਸਪੇਨੀਆਂ ਨੂੰ ਬਚਾਉਣ ਤੇ ਇੱਕਠਾ ਕਰਨ ਲਈ, ਫਰਾਂਸ ਭੇਜੇ। ਮੈਂ ਫਾਸ਼ੀਵਾਦ ਦੇ ਪਹਿਲੇ ਸ਼ਿਕਾਰ, ਸਪੇਨੀ ਲੋਕਾਂ ਦੀ ਸਹਾਇਤਾ ਕੀਤੀ ਅਤੇ ਸੰਸਾਰ ਜੰਗ ਦੇ ਸਮੇਂ ਤੇ ਫਰਾਂਸ ਵਿੱਚ ਜਰਮਨਾਂ ਦੀ ਆਮਦ ਤੀਕ ਪੰਜ ਹਜ਼ਾਰ ਸਪੇਨੀਆਂ ਨੂੰ ਚਿੱਲੀ ਭੇਜਿਆ।

"ਮੈਂ ਇਸ ਸਮੇਂ ਅੱਜ ਦੇ ਜਵਾਨਾਂ ਨੂੰ ਕੀ ਕਹਿ ਸਕਦਾ ਹਾਂ, ਜਦ ਕਿ ਉਹ ਇਸ ਵੇਲੇ ਘਟਨਾਵਾਂ ਦੇ ਵਿਚਕਾਰ ਘਿਰੇ ਹਨ। ਨੌਜਵਾਨ ਵੇਖ ਸਕਦੇ ਹਨ ਕਿ ਸਪੇਨ ਦੇ ਸੰਘਰਸ਼ ਦੇ ਕੀ ਅਰਥ ਹਨ ਅਤੇ ਫਾਸ਼ੀਵਾਦ ਦੇ ਖਤਰੇ ਦੇ ਕੀ ਅਰਥ ਹਨ। ਜੇ ਉਹ ਵੇਖਣ ਕਿ ਯੂਨਾਨ ਵਿੱਚ ਕੀ ਮੁਸੀਬਤ ਹੈ ਜਾਂ ਮਨੁੱਖ ਜਾਤੀ ਦੀ ਦਮਨਕਾਰੀ ਸ਼ਕਤੀ, ਫਾਸ਼ੀਵਾਦ ਹੱਥੋਂ ਅੱਜ ਤੀਕ ਸਪੇਨ ਵਿੱਚ ਕੀ ਕੀਤਾ ਜਾ ਰਿਹਾ ਹੈ।"

"ਮੈਂ ਅੱਜ ਦੇ ਜਵਾਨਾਂ ਨੂੰ ਕੀ ਕਹਿ ਸਕਦਾ ਹਾਂ? ਉਹਨਾਂ ਨੂੰ ਖਤਰੇ ਦੀ ਹੱਦ ਤੇ ਮਹੱਤਵ ਨੂੰ ਸਮਝਣਾ ਚਾਹੀਦਾ ਤੇ ਉਹਨਾਂ ਲੋਕਾਂ ਦੀ ਰੱਖਿਆ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਹੜੇ ਹਿੰਸਾ ਦਾ ਸ਼ਿਕਾਰ ਹੁੰਦੇ ਹਨ, ਭਾਵੇਂ ਇਹ ਲੋਕ ਨੇੜੇ ਹਨ ਜਾਂ ਦੁਰਾਡੇ ਸਪੇਨ ਵਿੱਚ ਹਨ ਜਾਂ ਵੀਤਨਾਮ ਵਿੱਚ।"

ਇਹ ਸੀ, ਜੋ ਕੁਝ ਪਾਬਲੋ ਨੇਰੂਦਾ ਨੇ 1967 ਦੀ ਬਹਾਰ ਰੁੱਤੇ ਆਖਿਆ ਸੀ। ਇਹ ਤਾਂ ਇੰਝ ਸੀ ਜਿਵੇਂ ਉਹ ਸੰਸਾਰ ਦੇ ਕਸ਼ਟ ਭਰੇ ਅਤੇ ਆਪਣੀ ਧਰਤੀ ਦੇ ਦੁਖਾਂਤਕ ਭਵਿੱਖ ਨੂੰ ਚਿਤਵ ਰਿਹਾ ਹੋਵੇ।

ਹਾਂ, ਮਨੁੱਖ ਨੂੰ ਸਦਾ ਹੀ ਉਹਨਾਂ ਲੋਕਾਂ ਦੀ ਰਾਖੀ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਹੜੇ ਹਿੰਸਕ ਹਮਲਿਆਂ ਦਾ ਸ਼ਿਕਾਰ ਹੁੰਦੇ ਹਨ, ਭਾਵੇਂ ਇਹ ਸਪੇਨ ਦੇ ਲੋਕ ਹਨ ਜਾਂ ਵੀਤਨਾਮ ਦੇ, ਜਿਵੇਂ ਕਿ ਨੇਰੂਦਾ ਨੇ ਉਸ ਵੇਲੇ ਕਿਹਾ ਸੀ ਜਾਂ ਫਿਰ ਚਿੱਲੀ ਵਿੱਚ, ਜਿਸ ਬਾਰੇ ਅਸੀਂ 1973 ਦੀ ਪੱਤਝੜ ਰੁੱਤੇ, ਕੁੜੱਤਣ ਤੇ ਪੀੜ ਨਾਲ, ਵਾਧਾ ਕਰਨ ਲਈ ਮਜਬੂਰ ਹਾਂ।

ਪਾਬਲੋ ਨੇਰੂਦਾ ਉਹਨਾਂ ਕਵੀਆਂ 'ਚੋਂ ਇੱਕ ਹੈ, ਜਿਹੜੇ ਸਾਡੇ ਸੱਚੇ ਪਿਆਰ ਦੇ ਹੱਕਦਾਰ ਹਨ, ਐਪਰ, ਜਿਹਨਾਂ ਦਾ ਕੇਵਲ ਮਾਤਰ, ਸੰਸਾਰ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੀ ਨਹੀਂ ਕਰਨਾ ਚਾਹੀਦਾ।

ਜਿਹੜੇ ਪਿਆਰ ਦੀ ਨੇਰੂਦਾ ਵਰਗੇ ਕਵੀ ਪ੍ਰੇਰਨਾ ਦਿੰਦੇ ਹਨ, ਉਹ ਇਸ ਤੋਂ ਵਧੇਰੇ ਦੀ ਮੰਗ ਕਰਦਾ ਹੈ। ਇਹ ਮੰਗ ਕਰਦਾ ਹੈ ਕਿ ਚਿੱਲੀ ਵਿੱਚ ਜੋ ਕੁਝ ਘਿਨਾਉਣਾ, ਡਰਾਉਣਾ ਤੇ ਗੈਰ-ਮਨੁੱਖੀ ਵਾਪਰ ਰਿਹਾ ਹੈ, ਉਸ ਦੇ ਵਿਰੁੱਧ ਸੰਸਾਰ ਦੀਆਂ ਸਾਰੀਆਂ ਹੀ ਭਾਸ਼ਾਵਾਂ ਵਿੱਚ ਰੋਸ ਦੀ ਆਵਾਜ਼ ਗੂੰਜਣੀ ਚਾਹੀਦੀ ਹੈ।

ਨੇਰੂਦਾ ਲਈ ਪਿਆਰ, ਫਾਸ਼ੀਵਾਦ ਲਈ ਨਫ਼ਰਤ ਦੀ ਮੰਗ ਕਰਦਾ ਹੈ।

ਇਹ ਸ਼ਬਦਾਂ ਦੀ ਨਹੀਂ, ਉਹਨਾਂ ਲੋਕਾਂ ਦੀ ਰਾਖੀ ਹਿਤ ਅਮਲਾਂ ਦੀ ਮੰਗ ਕਰਦਾ ਹੈ, ਲੋਕ ਜਿਹਨਾਂ ਦਾ ਉਹ ਪੁੱਤਰ ਸੀ, ਜਿਹਨਾਂ ਵਰਗਾ ਜੀਵਨ ਉਹਨੇ ਜੀਵਿਆ ਅਤੇ ਮੌਤ ਤੋਂ ਪਹਿਲਾਂ ਦੀਆਂ ਆਖਰੀ ਘੜੀਆਂ ਵੇਲੇ, ਜਿਹਨਾਂ ਦੇ ਦੁੱਖਾਂ ਬਾਰੇ ਉਹ ਏਨੀ ਪੀੜ ਤੇ ਕ੍ਰੋਧ ਨਾਲ ਲਿਖਦਾ ਰਿਹਾ ਸੀ।

## ਜੜ੍ਹਾਂ

ਮੈਂ ਬਾਗ਼ ਵਿਚ ਬੈਠਾ ਸੀ
ਸਿਆਲ ਦੇ ਮਹਾਨ ਤੁਪਕਿਆਂ ਦੀ
ਕਿਣ ਮਿਣ ਹੋ ਰਹੀ ਸੀ।
ਤੇ ਮੈਨੂੰ ਇਹ ਗੱਲ ਅਸੰਭਵ ਲੱਗਦੀ ਸੀ
ਕਿ ਸਾਰੀ ਉਦਾਸੀ ਦੇ ਹੇਠ
ਖੁਰਦੀ ਜਾਂਦੀ ਇਕੱਲਤਾ ਹੇਠ
ਜੜ੍ਹਾਂ ਅਜੇ ਵੀ ਆਪਣਾ ਕੰਮ ਕਰੀ ਜਾਂਦੀਆਂ ਹਨ
ਭਾਵੇਂ ਕਿ ਉਹਨਾਂ ਦਾ ਹੌਸਲਾ ਵਧਾਉਣ ਵਾਲਾ
ਕੋਈ ਨਹੀਂ ਸੀ।





## 1. ਚਿੱਲੀ ਨਾਲ ਇੰਟਰਵਿਊ / ਯਾਸਰ ਮੀਰਾਕ

(ਜਨਮ :ਤਰਾਬਜ਼ੋਨ ਵਿਚ, 1953 ਪਹਿਲਾ ਕਾਵਿ ਸੰਗ੍ਰਹਿ 1979 ਵਿਚ ਛਪਿਆ ਤੇ ਕਵਿਤਾ ਦਾ ਰਾਸ਼ਟਰੀ ਪੁਰਸਕਾਰ ਤੁਰਕਿਸ਼ ਭਾਸ਼ਾ ਸਭਾ ਵਲੋਂ ਦਿੱਤਾ ਗਿਆ। ਨੌਜਵਾਨ ਤੁਰਕੀ ਕਵੀਆਂ ਵਿਚੋਂ ਮੁੱਖ ਕਵੀ।)

ਚਿੱਲੀ !!
ਅਲੈਂਡੇ ਤੇ ਨੇਰੂਦਾ
ਤੇਰੇ ਕੀ ਲੱਗਦੇ ਹਨ?
ਚਿੱਲੀ ਮੇਰੇ ਪਰਬਤ ਹਨ
ਮੇਰਾ ਸਾਗਰ ਨੇਰੂਦਾ
ਇੱਕ ਮੇਰਾ ਤਾਂਬੇ ਦਾ ਸਿਤਾਰਾ ਹੈ
ਦੂਸਰਾ ਮੇਰੀ ਤਾਂਬੇ ਦੀ ਵੀਣਾ
ਅਲੈਂਡੇ ਮੇਰੀ ਸਵਤੰਤਰਤਾ ਹੈ
ਨੇਰੂਦਾ ਮੇਰਾ ਕਲਿਆਣ।

ਇੱਕ ਮੇਰੀ ਚਾਂਦੀ ਹੈ
ਦੂਸਰਾ ਮੇਰਾ ਗਾਉਣ ਵਾਲਾ ਪੰਛੀ
ਮੇਰੀਆਂ ਲੜਾਈਆਂ ਅਲੈਂਡੇ
ਮੇਰੇ ਪਿਆਰ ਨੇਰੂਦਾ
ਇੱਕ ਮੇਰੀ ਘੁੱਗੀ ਹੈ
ਦੂਸਰੀ ਬਹਾਰ ਰੁੱਤ ਵਿਚ ਜ਼ੈਤੂਨ ਦੀ ਟਹਿਣੀ

ਅਲੈਂਡੇ ਮੇਰੀ ਚੇਤੰਨਤਾ ਹੈ
ਨੇਰੂਦਾ ਮੇਰੀ ਸਦੀਵੀ ਪੌਣਾ

ਇਕ ਮੇਰਾ ਬੁੱਢਾ ਹੋ ਰਿਹਾ ਬਾਪ ਹੈ
ਦੂਸਰਾ ਮੇਰਾ ਕਾਲਾ ਪੁੱਤਰ
ਅਲੈਂਡੇ ਬਨਫ਼ਸ਼ੇ ਦਾ ਫੁੱਲ
ਤੇ ਨੇਰੂਦਾ ਗੁਲਾਬੀ ਰੰਗ ਦਾ

ਇੱਕ ਸਾਥੀ ਕਾਮਰੇਡ ਹੈ
ਦੂਸਰਾ ਭਰਾ-ਭਾਈ

ਅਲੈਂਡੇ, ਗੋਲੀ ਵੱਜੀ ਮੇਰੀ ਛਾਤੀ ਹੈ
ਮੇਰੀ ਜਲਾਵਤਨ ਰੂਹ ਨੇਰੂਦਾ ਹੈ

ਆਹ! ਪਰ ਮੈਂ ਚਿੱਲੀ ਵਾਸੀ ਹਾਂ
ਦੋਵੇਂ ਮੇਰੇ ਵਿੱਚ ਇੱਕ ਹੋਏ ਹੋਏ ਨੇ।

ਅਲੈਂਡੇ ਤੇ ਨੇਰੂਦਾ
ਅਲੈਂਡੇ ਤੇ ਨੇਰੂਦਾ

ਇੱਕ ਮੇਰਾ ਰੌਸ਼ਨ ਭੂਤ
ਦੂਸਰਾ ਭਵਿੱਖ

ਨੇਰੂਦਾ ਤੇ ਅਲੈਂਡੇ
ਅਲੈਂਡੇ ਤੇ ਨੇਰੂਦਾ

ਆਹ! ਪਰ ਮੈਂ ਚਿੱਲੀ ਵਾਸੀ ਹਾਂ
ਦੋਵੇਂ ਮੇਰੇ ਵਿਚ ਇਕ ਹੋਏ ਹੋਏ ਨੇ

ਚਿੱਲੀ!
ਜਰਨੈਲ ਪਿੰਨੋਚੇਟ
ਤੇਰਾ ਕੀ ਲੱਗਦਾ ਹੈ?

ਉਹ ਮੇਰਾ ਕੁਝ ਨਹੀਂ ਲੱਗਦਾ
ਕੀ ਲੱਗਦਾ ਹੈ ਉਹ ਮੇਰਾ?

ਉਹ ਮੇਰੇ ਦਿਲ ਵਿੱਚ ਖੁੱਭਿਆ
ਬਦੇਸ਼ੀ ਖੰਜਰ ਹੈ।

ਉਹ ਮੇਰਾ ਕੁਝ ਨਹੀਂ ਲੱਗਦਾ
ਕੁਝ ਨਹੀਂ ਲੱਗਦਾ ਉਹ ਮੇਰਾ

ਉਹ ਮੇਰੀ ਚੇਤਨਾ ਵਿੱਚ ਮਾਰੀ
ਬਦੇਸ਼ੀ ਗੋਲੀ ਹੈ

ਉਹ ਮੇਰਾ ਕੀ ਲੱਗਦਾ ਹੈ
ਕੀ ਲੱਗਦਾ ਹੈ ਉਹ ਮੇਰਾ?

ਉਹ ਅਮਰੀਕਾ ਦਾ ਸੱਪ ਹੈ
ਜੋ ਕੁਝ ਵੀ ਹੈ, ਤਾਂ ਮੇਰੇ ਘਰ ਵਿਚ ਬਾਹਰੋਂ ਭੇਜਿਆ
ਲੁਟੇਰਾ, ਚਮਗਿੱਦੜ ਹੈ।

ਚਿੱਲੀ !
ਵਿਕਟਰ ਜਾਰਾ ਗੀਤਕਾਰ
ਤੇਰਾ ਕੀ ਲੱਗਦਾ ਹੈ?

ਉਹ ਕਾਲੇ ਰੰਗ ਦਾ ਨੌਜਵਾਨ
ਮੇਰੇ ਪਿਆਰ ਦੇ ਗੀਤਾਂ
ਤੇ ਯੁੱਧ ਦੇ ਗੀਤਾਂ ਦਾ ਚਰਵਾਹਿਆ ਸੀ

ਉਹ ਕਾਲਾ ਸਾਥੀ
ਮੇਰੀਆਂ ਕਣਕ ਦੀਆਂ ਸੁੰਦਰੀਆਂ
ਮੇਰਾ ਆਜ਼ਾਦੀ ਦੇ ਦਿਨਾਂ ਦਾ
ਮੰਗੇਤਰ ਸੀ।

ਹੁਣ ਜਾਰਾ
ਤਾਂਬੇ ਨਾਲ ਲਿੱਬੜਿਆ
ਅਨਾਰਾਂ ਦੇ ਬੀਜਾਂ ਵਾਲੀਆਂ ਖਾਣਾਂ
ਦੇ ਟੋਇਆਂ ਵਿੱਚ ਡਿੱਗਿਆ ਪਿਆ ਹੈ

ਜਾਰਾ ਹੁਣ
ਬੱਦਲਾਂ ਤੇ ਅਸਵਾਰ
ਘੁੰਮਦਾ ਹੈ
ਉਸ ਦੇਸ਼ ਦੇ ਅਸਮਾਨ ਵਿੱਚ
ਹਜ਼ਾਰਾਂ ਹੀ ਰੰਗਾਂ ਦੇ ਘੋੜਿਆਂ ਦੀ ਪਿੱਠ ਤੇ

ਉਹ ਦਿਲਾਂ ਵਿਚ ਘੁੰਮਦਾ ਹੈ
ਚੇਤੰਨਤਾ ਵਿੱਚ ਵੀ

ਇੱਕ ਦੇਸ਼ ਤੋਂ ਦੂਸਰੇ ਦੇਸ਼ ਜਾਂਦਾ ਪੀੜਤ ਹੋਇਆ
ਤੇ ਅੱਖਾਂ ਚੋਂ ਅੱਥਰੂ ਵਗਦੇ ਨੇ
ਘੁੰਮਦਾ ਹੈ
ਬਦਾਮਾਂ ਵਰਗੀ ਆਵਾਜ਼ ਵਾਲਾ ਉਹ ਜਾਰਾ
ਤਾਂਬੇ ਦੇ ਗੀਤ ਗਾਉਂਦਾ
ਚਾਂਦੀ ਦੀਆਂ ਤਾਰਾਂ ਵਾਲੀ ਸਿਤਾਰ ਵਜਾਉਂਦਾ
ਮੇਰੇ ਲਈ
ਮੇਰੀ ਰੂਹ ਨੂੰ, ਭਰਾ ਨੂੰ
ਲੋਕਾਂ ਨੂੰ ਸੱਦਾ ਦਿੰਦਾ।

(ਲੋਟਸ 1986 ਚੋਂ)

***ਰੂਸੀ ਕਵਿਤਾ***

## 2. ਪਾਬਲੋ-ਨੇਰੂਦਾ ਦੇ ਨਾਂ/*ਯਵਤੂ ਸ਼ੈਂਕੋ*

ਪੂਰੇ ਪਲੇ ਹੋਏ ਸ਼ੇਰ ਵਾਂਗ ਸ਼ਾਨਦਾਰ
ਪਾਬਲੋ ਨੇਰੂਦਾ
ਡਬਲ-ਰੋਟੀ ਖ਼ਰੀਦ ਰਿਹਾ ਹੈ
ਉਹ ਦੁਕਾਨਦਾਰ ਨੂੰ ਇਹ ਲਪੇਟ ਦੇਣ ਲਈ ਆਖਦਾ ਹੈ
ਤੇ ਬੜੇ ਮਾਣ ਨਾਲ ਆਪਣੀ ਕੱਛ ਵਿਚ ਦੇ ਲੈਂਦਾ ਹੈ।
ਮੈਂ ਚਾਹੁੰਦਾ ਕਿ ਕੋਈ ਲੰਘਣ ਵਾਲਾ ਵੇਖੇ ਤੇ ਸੋਚੇ,
"ਵੇਖੋ, ਪਾਬਲੋ-ਨੇਰੂਦਾ ਨੇ ਜ਼ਰੂਰ ਕੋਈ ਕਿਤਾਬ ਖਰੀਦੀ ਹੈ।"

ਵਿਛੜਨ ਵੇਲੇ ਚਾਅ ਨਾਲ ਹੱਥ ਹਿਲਾਉਂਦਾ,
ਉਹ ਕਿਸੇ ਪੁਰਾਣੇ ਰੋਮਨ-ਸ਼ਹਿਰੀ ਵਾਂਗ
ਸ਼ਾਨ ਨਾਲ ਊਂਘਦਾ,



ਵੰਨ ਸਵੰਨੀਆਂ ਮੱਛੀਆਂ ਤੇ ਚੌਲਾਂ ਦੀ ਮਹਿਕ
ਚੋਂ ਲੰਘਦਾ
ਉਹ "ਵਲਪਾਰੈਸੋ" ਵਿਚ ਬਰੈੱਡ ਫੜੀ ਟਹਿਲਦਾ ਹੈ"
"ਔਹ ! ਵੇਖ ਯਵਗੈਨੀ"
ਉਹ ਆਖਦਾ ਹੈ
"ਵੇਖ ਉਜਾੜ ਵਿਚ ਚਲਿਆਂ ਲਾਗੇ
ਜਿਥੇ ਭੈੜੀਆਂ ਜੇਹੀਆਂ ਲਾਲ ਬੱਤੀਆਂ ਜਗਦੀਆਂ ਨੇ
ਉਥੇ, ਸਾਡੇ ਭਰਾ-ਭਾਈ ਲੇਖਕ ਤੇ ਦਿਲ ਦੇ ਬਾਗੀ ਕਵੀ
ਬਿਲਬਾਓ" ਦਾ ਤਾਂਬੇ ਦਾ ਬੁੱਤ ਲਾਇਆ ਗਿਆ ਸੀ।
ਮੁੱਢ ਵਿਚ
ਇਹ ਯਾਦਗਾਰ, ਜਿਸ ਦੇ ਦੁਆਲੇ ਸੰਗਲ ਹੁੰਦੇ ਸਨ,
ਬੜੇ ਢੋਲ-ਢਮੱਕੇ ਨਾਲ
ਸ਼ਹਿਰ ਦੇ ਵਿਚਕਾਰ ਬਣਾਈ ਗਈ ਸੀ।
ਭਾਵੇਂ ਕਿ ਕਵੀ ਨੇ ਆਪਣਾ ਸਾਰਾ ਜੀਵਨ
ਝੁੱਗੀਆਂ ਵਿਚ ਬਿਤਾਇਆ ਸੀ
ਰਾਜ ਪਲਟਾ ਹੋਇਆ
ਤੇ ਕਵੀ ਨੂੰ ਸ਼ਹਿਰੋਂ ਬਾਹਰ ਕੱਢ ਦਿੱਤਾ ਗਿਆ
ਉਹਨਾਂ ਉਸ ਦਾ ਬੁੱਤ, ਬੜੀ ਮੁਸ਼ਕਲ ਨਾਲ ਗੰਦੇ ਇਲਾਕੇ ਵਿਚ ਜਾ ਲਾਇਆ
ਜਿਥੇ ਲਾਲ ਬੱਤੀਆਂ ਜਗਦੀਆਂ ਨੇ
ਤੇ ਕਵੀ ਜਹਾਜ਼ੀਆਂ ਦਾ ਸਾਥੀ ਬਣ ਗਿਆ
ਤੁਸੀਂ ਕਹਿ ਸਕਦੇ ਹੋ ਕਿ ਉਹ
ਆਪਣੇ ਅਸਲ ਟਿਕਾਣੇ 'ਤੇ ਚਲਾ ਗਿਆ
'ਬਿਲਸਾਓ' ਸਾਰਾ ਜੀਵਨ ਮਸਖਰਾ ਰਿਹਾ
'ਹਰ ਇਕ' ਉਹ ਆਖਦਾ
"ਇਹ ਵਿਸ਼ਾਲ ਦੁਨੀਆ ਜਾਣਦੀ ਹੈ
ਕਿ ਗਲੀਆਂ ਤੇ ਗੈਲਰੀਆਂ ਵਿਚ
ਘੁੰਮਣ ਵਾਲਿਆਂ ਦੀ ਕੀਮਤ ਹੁੰਦੀ ਹੈ।
ਪਹਿਲਿਆਂ ਉੱਤੇ ਮੈਂ ਕਵੀ ਹੁੰਦਾ ਹੋਇਆ ਮੋਹਤ ਹਾਂ"
ਇਕ ਗੁੱਝੀ ਮੁਸਕਾਣ ਨਾਲ ਨੇਰੂਦਾ
ਗੱਲ ਤੋਰੀ ਰੱਖਦਾ ਹੈ।
"ਕਵੀ ਮੰਡੀ ਦੀ ਚੰਚਲਤਾ ਤੋਂ ਮੁਕਤ ਹੁੰਦਾ ਹੈ
ਸਾਨੂੰ ਸ਼ਹਿਰ ਦੇ ਕੇਂਦਰ ਤੋਂ ਬਾਹਰ ਕੱਢਣਾ ਸੌਖਾ ਹੈ
ਪਰ ਕੇਂਦਰ ਬਿੰਦੂ ਉਥੇ ਹੀ ਹੁੰਦਾ ਹੈ
ਜਿਥੇ ਅਸੀਂ ਹੁੰਦੇ ਹਾਂ"

ਪਾਬਲੋ ਨੇਰੂਦਾ
ਮੈਨੂੰ ਉਹ ਦਿਨ ਹੁਣ ਵੀ ਯਾਦ ਹੈ
ਜਦੋਂ ਮੈਂ ਰਾਤ ਨੂੰ ਖਿੜਕੀ ਲਾਗੇ
ਆਪਣੇ ਰੇਡੀਓ ਦੀ ਤਾਨ ਸੁਣਦਾ ਹਾਂ

ਤੇ ਹੁਣ ਜਦੋਂ ਸਪੇਨ ਚੋਂ ਆਉਂਦੇ ਹਵਾ ਦੇ ਬੁੱਲੇ ਵਾਂਗੂੰ
ਚਿੱਲੀ ਵਿੱਚ ਏਨਾ ਕੁਝ ਵਾਪਰ ਰਿਹਾ ਹੈ।
ਤੇ ਲੋਕਾਂ ਦੀ ਇੰਝ ਦੁਰਦਸ਼ਾ ਹੋ ਰਹੀ ਹੈ
ਕਿੰਝ ਫੌਜੀ ਰਾਜ ਪਲਟਾ ਕਰਨ ਵਾਲੇ ਜੂਆ
ਖੇਡ ਰਹੇ ਨੇ
ਕਿਵੇਂ ਇਹ ਬਦੇਸ਼ੀ ਤਨਖਾਹ 'ਤੇ ਪਲਦੀਆਂ ਵੇਸਵਾਵਾਂ
ਜਿਹਨਾਂ ਜਰਨੈਲਾਂ ਦੀਆਂ ਵਰਦੀਆਂ
ਪਾਈਆਂ ਹੋਈਆਂ ਨੇ
ਚਹੁੰਣਗੀਆਂ ਕਿ ਤੇਰੀ ਕਵਿਤਾ ਨੂੰ ਧਕੇਲ ਕੇ
ਨਜ਼ਰਾਂ ਤੋਂ ਦੂਰ ਪਰੇ ਕੱਢ ਦਿੱਤਾ ਜਾਵੇ।

ਪਰ ਮੈਂ ਅੱਜ ਵੀ ਨੇਰੂਦਾ ਨੂੰ
ਬੁੱਢਾ ਹੁੰਦਾ ਜਾਂਦਾ ਨਹੀਂ,
ਸਗੋਂ ਮੂਲ-ਸਰੋਤ ਕੇਂਦਰ ਵਿਚ
ਡਬਲ ਰੋਟੀ ਖਰੀਦਣ ਵਾਂਗੂੰ
ਬੜੀ ਸਾਦਗੀ ਤੇ ਤਸੱਲੀ ਨਾਲ
ਲੋਕਾਂ ਨੂੰ ਕਵਿਤਾ ਸੁਣਾਉਂਦਾ ਵੇਖ ਸਕਦਾ ਹਾਂ

ਕਵੀ ਦੇ ਰਾਹ ਵਿਚ ਬੜੇ ਮੋੜ ਆਉਂਦੇ ਨੇ
ਐਪਰ ਤੋੜ ਅਖ਼ੀਰ ਤੱਕ
ਦ੍ਰਿੜ੍ਹਤਾ ਨਾਲ
ਉਹ ਆਪਣੇ ਲੋਕਾਂ ਨਾਲ ਖਲੋ ਸਕਦਾ ਹੈ
ਤੇ ਜਾਗਦੀ ਜ਼ਮੀਰ ਨਾਲ
ਕਿਹੜਾ ਰਾਜ-ਪਲਟਾ ਹੈ
ਜਿਸ ਨੂੰ ਉਹ ਦੁਬਾਰਾ ਉਲਟਾ ਪੁਲਟਾ ਨਹੀਂ ਸਕਦਾ।

*ਪੰਜਾਬੀ ਕਵਿਤਾ*

## 3. ਪਾਬਲੋ ਨੇਰੂਦਾ / *ਹਰਭਜਨ ਸਿੰਘ ਹੁੰਦਲ*

ਨੇਰੂਦਾ ਕਵਿਤਾ ਦਾ ਇਕ ਭਰ ਵਗਦਾ
ਦਰਿਆ ਸੀ
ਠਾਠਾਂ ਮਾਰਦਾ, ਕੰਢੇ ਤੋੜਦਾ
ਕਦੇ ਖੌਲਦਾ
ਕਦੇ ਸਾਊ ਪੁੱਤ ਵਾਂਗ
ਸ਼ਾਂਤ ਹੋ ਵਗਣ ਲੱਗਦਾ।

ਕਵਿਤਾ ਦਾ ਇਹ ਭਰ ਵਗਦਾ ਦਰਿਆ
ਕਦੇ ਧਰਤੀ ਦੇ ਹੇਠ ਦੀ ਵਗਣ ਲਗਦਾ
ਕਦੇ ਉੱਪਰ ਦੀ।

ਕਦੇ ਉਹ ਸਦਾ-ਬਹਾਰ ਗੁਲਾਬ ਦੀ
ਟਾਹਣੀ ਤੇ ਖਿੜਿਆ ਸੱਜਰਾ, ਸੂਹਾ ਫੁੱਲ ਜਾਪਦਾ
ਫੁੱਲ, ਜੋ ਕਈ ਵਾਰ ਲਹੂ ਵਿਚ ਡੁੱਬਿਆ
ਮੁਰਝਾਇਆ
ਤੇ ਫਿਰ ਮਹਿਕਣ ਲੱਗ ਪੈਂਦਾ

ਕਦੇ ਸਪੇਨ, ਕਦੇ ਵੀਅਤਨਾਮ
ਤੇ ਕਦੇ ਚਿੱਲੀ
ਦੇ ਲਹੂ ਵਿਚ ਰੰਗਿਆ ਹੋਇਆ

ਉਸ ਲਈ ਚਿੱਲੀ, ਤੇ ਸਪੇਨ
ਗੁਲਾਬ ਤੇ ਕਵਿਤਾ ਦੇ
ਇੱਕੋ ਹੀ ਅਰਥ ਹੁੰਦੇ ਸਨ।



ਕਦੇ ਉਹ ਅੱਗ ਦੀ ਲਾਟ ਹੁੰਦਾ
ਕਦੇ ਬਾਦੇ-ਸੁਬਾ
ਕਦੇ ਤੀਰ ਦੀ ਨੋਕ
ਕਦੇ ਚੰਬੇਲੀ ਦੀ ਸੁਗੰਧ
ਤੇ ਉਹ ਇਕੋ ਵੇਲੇ ਕਈ ਕੁਝ ਹੁੰਦਾ ਸੀ।
ਉਹ ਜਦ ਵੀ ਗੱਲ ਕਰਦਾ
ਉਸ ਦੇ ਬੋਲਾਂ ਵਿੱਚ
ਆਪਣੀਆਂ ਜੜ੍ਹਾਂ
ਪੁਰਾਣੇ ਬਿਰਖਾਂ,
ਵੀਰਾਨ ਮੈਦਾਨਾਂ,
ਬਚਪਨ ਦੀ ਮੋਹਲੇਧਾਰ ਬਾਰਸ਼
ਤੇ ਭਿੱਜੀ ਧਰਤੀ ਦੀ ਵਾਸ਼ਨਾ ਹੁੰਦੀ।

ਸਮੁੰਦਰ ਨਾਲ ਉਸ ਦੀ ਦੋਸਤੀ
ਪੱਕੀ ਤੇ ਪੁਰਾਣੀ ਸੀ
ਦੋਵੇਂ ਕੋਲ ਕੋਲ ਵੱਸਦੇ
ਗਵਾਂਢੀਆਂ ਵਾਂਗ ਰਹਿੰਦੇ
ਰੋਜ਼ ਸ਼ਾਮ ਨੂੰ ਇਕੱਠੇ ਵਾਈਨ ਪੀਂਦੇ
ਤੇ ਗੁਫ਼ਤਗੂ ਕਰਦੇ।

ਸਮੁੰਦਰ, ਕੰਢਿਆਂ ਤੋਂ ਉੱਛਲ
ਉੱਛਲ ਕੇ
ਕਈ ਕੁਝ
ਉਸ ਦੇ ਬਾਗ ਵਿਚ ਸੁੱਟ ਜਾਂਦਾ
ਕਦੇ ਸਮੁੰਦਰੀ ਝੱਗ ਦੇ ਬੁੰਬਲ
ਕਦੇ ਗੀਟੇ
ਕਦੇ ਘੋਗੇ-ਸਿੱਪੀਆਂ
ਤੇ ਕਦੇ ਜਹਾਜ਼ਾਂ ਦੇ ਟੁੱਟੇ ਬਾਦਬਾਨ
ਤੇ ਫੱਟੇ

ਜਿਹਨਾਂ ਦੇ ਨੇਰੂਦਾ
ਕਦੇ ਮੇਜ਼ ਬਣਵਾ ਲੈਂਦਾ
ਤੇ ਕਿਤਾਬਾਂ ਲਈ ਅਲਮਾਰੀਆਂ
ਬਦਲੇ ਵਿਚ ਕਵੀ ਉਸ ਨੂੰ
ਨਵੀਆਂ ਕਵਿਤਾਵਾਂ ਪੜ੍ਹਨ ਲਈ ਦਿੰਦਾ
ਜੋ ਕਾਗਜ਼ ਦੀਆਂ ਬੇੜੀਆਂ ਵਿਚ ਪਾ ਕੇ
ਪਾਣੀ ਵਿਚ ਛੱਡ ਦਿੱਤੀਆਂ ਜਾਂਦੀਆਂ
ਤੇ ਕਿਤੇ ਦੀਆਂ ਕਿਤੇ ਪਹੁੰਚ ਜਾਂਦੀਆਂ

ਕਈ ਵਾਰ ਨਵੀਂ ਲਿਖੀ ਕਵਿਤਾ
ਨੇਰੂਦਾ ਸਮੁੰਦਰ ਨੂੰ ਸੁਣਾਉਂਦਾ
ਤੇ ਉਸ ਦੀ ਰਾਏ ਸੁਣ ਸੁਣ ਕੇ
ਦਰੁਸਤੀਆਂ ਕਰਦਾ।
ਕਦੇ ਕਦੇ ਸਮੁੰਦਰ 'ਤੇ ਤਰ ਕੇ
ਦੂਰ-ਦੁਰਾਡਿਓਂ ਕੋਈ ਚੰਦਰੀ ਖਬਰ ਆਉਂਦੀ।

ਕਿਸੇ ਖੁੱਸੇ ਹੋਏ ਖੇਤ, ਕੁਚਲੇ ਹੋਏ ਵਕਾਰ ਦੀ
ਖਾਣਾਂ ਵਿਚ ਹੜਤਾਲੀਆਂ 'ਤੇ ਚੱਲੀ ਗੋਲੀ
ਦੀ
ਜਾਂ 'ਤੀਨਾ ਮਾਦੋਤੀ' ਵਰਗੇ ਕਤਲ ਦੀ
ਤਾਂ ਨੇਰੂਦਾ ਸਮੁੰਦਰ ਵਾਂਗ ਖੌਲਣ ਲੱਗਦਾ

ਸਮੁੰਦਰ ਉਸ ਦੀ ਪ੍ਰੇਸ਼ਾਨੀ ਦਾ ਹਾਲ ਪੁੱਛਦਾ
ਤੇ ਆਖਦਾ
"ਵੇਖ ਮੈਂ ਤੇਰੇ ਕੋਲ ਕੋਲ ਹਾਂ
ਨਾਲ ਨਾਲ
ਨਿਰਾਸ਼ ਨਾ ਹੋ
ਵੇਖ ਮੇਰੀ ਆਖਰੀ ਸੀਮਾਂ 'ਤੇ
ਨਜ਼ਰ ਮਾਰ ਕੇ ਵੇਖ!
ਮੇਰੀ ਹਿੱਕ ਤੇ ਤੜਪਦੀਆਂ ਛੱਲਾਂ
ਬੁੰਬਲਾਂ ਵਰਗੀ ਝੱਗ
ਇਹ ਮੇਰੇ ਜ਼ਖਮਾਂ ਤੇ ਆਏ ਖਰੀਂਡਾਂ
ਦੇ ਨਿਸ਼ਾਨ ਹੀ ਤਾਂ ਹਨ।

ਨੇਰੂਦਾ ਕੋਈ ਨਾਮ ਨਹੀਂ ਸੀ।
ਇਹ ਚਿੱਲੀ ਦੀ ਕੰਪਨੀਆਂ ਹੱਥੋਂ ਹੁੰਦੀ
ਲੁੱਟ ਦਾ ਗੀਤ ਸੀ, ਵੇਦਨਾ ਭਰਿਆ ਗੀਤ
ਮਨੁੱਖਤਾ ਦੇ ਦਰਦ ਨਾਲ ਲਬਰੇਜ਼
ਇਕ ਸਮੁੰਦਰ
ਜਿਸ ਵਿਚ ਦੇਸ ਦੇਸ ਦੇ
ਨਦੀ ਨਾਲਿਆਂ, ਦਰਿਆਵਾਂ
ਕੂਲਾਂ, ਚਸ਼ਮਿਆਂ ਤੇ ਆਬਸ਼ਾਰਾਂ
ਦਾ ਸਾਰਾ ਦਰਦ ਜਮ੍ਹਾਂ ਸੀ।

ਨੇਰੂਦਾ ਹੋਣਾ ਕੋਈ ਆਸਾਨ ਕੰਮ ਨਹੀ ਸੀ
ਤੇ ਇਸ ਤਰ੍ਹਾਂ ਦੇ ਨਾਂ ਦੀ ਲੱਜ ਪਾਲਣੀ
ਕੋਈ ਸੌਖੀ ਗੱਲ ਨਹੀ ਹੁੰਦੀ **

*ਜੂਨ 6, 2002*

# 1. ਕਵਿਤਾ ਨੂੰ ਗਾਉਣਾ ਅਜਾਈਂ ਨਹੀਂ ਸੀ ਗਿਆ / ਪਾਬਲੋ ਨੇਰੂਦਾ

(ਨੋਬਲ ਪੁਰਸਕਾਰ ਸਮੇਂ ਦਿੱਤੇ ਗਏ ਭਾਸ਼ਣ ਦਾ ਆਖਰੀ ਭਾਗ)

ਭੈਣੋ ਤੇ ਭਲੇ-ਪੁਰਖੋ ! ਮੈਨੂੰ ਕਵਿਤਾ ਲਿਖਣ ਲਈ ਕਿਤਾਬਾਂ ਵਿਚੋਂ ਕੋਈ ਗੁਰਮੰਤਰ ਨਹੀਂ ਲੱਭਾ ਤੇ ਬਦਲੇ ਵਿਚ ਮੈਂ ਵੀ ਸਿਖਿਆ ਦਾ ਕੋਈ ਲਿਖਿਆ ਸ਼ਬਦ, ਵਿਧੀ ਜਾਂ ਸ਼ੈਲੀ ਦੱਸ ਕੇ ਜਾਣ ਦਾ ਇਰਾਦਾ ਨਹੀਂ ਰੱਖਦਾ, ਜੋ ਨਵੇਂ ਕਵੀ ਲਈ ਮੇਰੀ ਕਿਆਸੀ ਸਿਆਣਪ ਵਿਚੋਂ ਤੁਪਕਾ ਭਰ ਲੈ ਸਕਣ। ਜੇ ਇਸ ਸੰਬੋਧਨ ਵਿਚ ਮੈਂ ਬੀਤੇ ਵਕਤ ਦੀਆਂ ਕੁਝ ਘਟਨਾਵਾਂ ਯਾਦ ਕੀਤੀਆਂ ਹਨ, ਜੇ ਮੈਂ ਇਕ ਮੌਕੇ 'ਤੇ ਅਭੁੱਲ ਔਖੀ ਮੁਹਿੰਮ ਨੂੰ ਦੁਬਾਰਾ ਜੀਵੰਤ ਕੀਤਾ ਹੈ ਤੇ ਇਹ ਥਾਂ ਜੋ ਮੇਰੇ ਕੀਤੇ ਤਜਰਬੇ ਤੋਂ ਬੜੀ ਦੂਰ ਹੈ, ਤਾਂ ਇਹ ਇਸ ਗੱਲ ਦੀ ਵਿਆਖਿਆ ਲਈ ਕੀਤਾ ਹੈ ਕਿ ਮੇਰੇ ਜੀਵਨ ਦੇ ਰਾਹ ਵਿਚ, ਮੈਨੂੰ ਸਦਾ ਲੋੜੀਂਦੀ ਪਰੋੜਤਾ ਜਾਂ ਕੋਈ ਉਡੀਕ ਰਿਹਾ ਫਾਰਮੂਲਾ ਮਿਲਦਾ ਰਿਹਾ ਹੈ, ਜੋ ਮੇਰੇ ਸ਼ਬਦਾਂ ਵਿਚ ਸ਼ਰਧਾ ਵਜੋਂ ਨਹੀਂ ਭਰਿਆ ਗਿਆ ਸਗੋਂ ਮੈਨੂੰ ਆਪਣੇ ਆਪ ਨੂੰ ਸਮਝਣ ਵਿਚ ਸਹਾਈ ਹੋਇਆ ਹੈ।

ਮੈਂ ਇਸ ਲੰਮੀ ਯਾਤਰਾ ਵਿਚ ਕਵਿਤਾ ਦਾ ਇਕ ਨੁਸਖਾ ਲੱਭਾ ਸੀ। ਮੇਰੀ ਆਤਮਾ ਤੇ ਮੇਰੀ ਧਰਤੀ ਵੱਲੋਂ ਮੈਨੂੰ ਐਸੇ ਤੋਹਫ਼ੇ ਵਰਦਾਨ ਵਜੋਂ ਪ੍ਰਦਾਨ ਕੀਤੇ ਗਏ ਸਨ। ਮੇਰਾ ਵਿਸ਼ਵਾਸ ਹੈ ਕਿ ਕਵਿਤਾ ਇਕ ਗੌਰਵਮਈ ਪਰ ਛਿਣ-ਭੰਗਰਾ ਕਾਰਜ ਹੈ, ਜਿਸ ਵਿਚ ਇਕੱਲਤਾ ਤੇ ਏਕਤਾ, ਜਜ਼ਬਾ ਤੇ ਕੰਮ ਆਦਮੀ ਦਾ ਨਿੱਜੀ ਸੰਸਾਰ, ਕਿਸੇ ਦਾ ਨਿੱਜੀ ਸੰਸਾਰ, ਅਤੇ ਕੁਦਰਤ ਦਾ ਭੇਤ-ਭਰਿਆ ਅਲਹਾਮ ਬਰਾਬਰ ਦਾ ਹਿੱਸਾ ਪਾਉਂਦੇ ਹਨ। ਮੈਂ ਨਾਲ਼ ਹੀ ਇਸ ਗੱਲ ਦਾ ਕਾਇਲ ਹਾਂ ਕਿ ਇਹ ਸਾਰਾ ਕੁਝ ਆਦਮੀ ਤੇ ਉਸ ਦਾ ਭੂਤ-ਕਾਲ, ਆਦਮੀ ਤੇ ਉਸ ਦੀ ਵਚਨ-ਬੱਧਤਾ, ਆਦਮੀ ਤੇ ਉਸ ਦੀ ਕਵਿਤਾ, ਫੈਲਦੇ ਹੋਏ ਭਾਈਚਾਰੇ ਵਿਚ ਸੁਰੱਖਿਅਤ ਹੁੰਦੀ ਹੈ, ਇਕ ਅਜਿਹੀ ਸਰਗਰਮੀ ਜਿਹੜੀ ਕਿਸੇ ਦਿਨ ਯਥਾਰਥ ਤੇ ਸੁਪਨਿਆਂ ਨੂੰ ਇਕਜੁੱਟ ਕਰ ਦੇਵੇਗੀ, ਕਿਉਂਕਿ ਇਹੀ ਤਰੀਕਾ ਹੈ, ਜਿਸ ਰਾਹੀਂ ਇਹ ਆਪੋ ਵਿਚ ਇਕ ਜੁੱਟ ਹੋ ਜਾਂਦੇ ਹਨ ਤੇ ਮੈਂ ਤੁਹਾਨੂੰ ਦੱਸਣ ਲੱਗਾ ਹਾਂ ਕਿ ਏਨੇ ਸਾਲਾਂ ਦੇ ਬੀਤਣ ਬਾਅਦ ਵੀ ਮੈਨੂੰ ਪਤਾ ਨਹੀਂ ਕਿ ਜਿਹੜੇ ਸਬਕ ਮੈਂ ਭਿਆਨਕ ਦਰਿਆ ਨੂੰ ਪਾਰ ਕਰਨ ਵੇਲੇ, ਜਾਂ ਕਿਸੇ ਬੈਲ ਦੀ ਖੋਪਰੀ ਦੁਆਲੇ ਨੱਚਣ ਵੇਲੇ ਸਿੱਖੇ ਸਨ, ਤੇ ਜਦੋਂ ਮੈਂ ਪਵਿੱਤਰ ਕਰਨ ਵਾਲੇ ਜਲ ਵਿਚ ਲੇਟਿਆ ਹੋਇਆ ਸੀ, ਜੋ ਸਭ ਤੋਂ ਉੱਚੇ ਪਹਾੜਾਂ ਤੋਂ ਹੇਠਾਂ ਵਗਦਾ ਹੈ। ਮੈਂ ਤੁਹਾਨੂੰ ਦੱਸਾਂ ਕਿ ਮੈਂ ਨਹੀਂ ਜਾਣਦਾ ਕਿ ਜੋ ਤਜਰਬਾ ਮੇਰੇ ਵਿਚ ਉਤਪੰਨ ਹੋਇਆ ਸੀ ਤੇ ਜਿਹੜਾ ਮੈਂ ਬਾਅਦ ਵਿਚ ਹੋਰਨਾ ਮਨੁੱਖਾਂ ਤੀਕ ਸੰਚਾਰਤ ਕੀਤਾ ਜਾਂ ਉਹ ਇਕ ਸਨੇਹਾ ਸੀ ਜੋ ਦੂਸਰਿਆਂ ਮਨੁੱਖਾਂ ਨੇ ਮੈਨੂੰ ਇਕ ਮੰਗ ਜਾਂ ਸੰਮਣ ਵਜੋਂ ਦਿੱਤਾ ਸੀ. ਮੈਂ ਨਹੀਂ ਜਾਣਦਾ ਕਿ ਕੀ ਮੈਂ ਇਹ ਜੀਵਿਆ, ਜਾਂ ਇਸ ਨੂੰ ਲਿਖਿਆ। ਮੈਨੂੰ ਇਹ ਵੀ ਨਹੀਂ ਖਬਰ ਕਿ ਜੋ ਕਵਿਤਾਵਾਂ ਮੈਂ ਉਸ ਛਿਣ ਅਨੁਭਵ ਕੀਤੀਆਂ ਤੇ ਪਿੱਛੋਂ ਮੈਂ ਉਹ ਗਾਈਆਂ। ਸੱਚ ਸਨ, ਕਵਿਤਾ ਸਨ, ਛਿਣ ਭੰਗਰੀ ਗੱਲ ਜਾਂ ਸਦੀਵੀ ਗੱਲ ਸੀ।

ਮੇਰੇ ਦੋਸਤੋ, ਇਹਨਾਂ ਚੀਜ਼ਾਂ ਲਈ ਇਕ ਜਾਗ੍ਰਤੀ ਚਾਹੀਦੀ ਹੈ, ਜੋ ਕਵੀ ਨੂੰ ਆਪਣੇ ਸਾਥੀ ਬੰਦਿਆਂ ਕੋਲੋਂ ਸਿੱਖਣ ਦੀ ਜ਼ਰੂਰਤ ਹੁੰਦੀ ਹੈ। ਇਕ ਅਕੱਟ ਸੁਭਾਅ ਵਾਲੀ ਇਕੱਲਤਾ ਹੁੰਦੀ ਹੈ। ਸਭ ਰਾਹ ਇਕੋ ਨੁਕਤੇ ਵੱਲ ਜਾਂਦੇ ਹਨ। ਉਸ ਸੰਚਾਰ ਵੱਲ ਕਿ ਅਸੀਂ ਕੌਣ ਹਾਂ, ਤੇ ਸਾਨੂੰ ਇਕੱਲੇ ਕਾਰੇ ਅਤੇ ਉਘੜ ਦੁੱਗੜ ਇਲਾਕੇ ਤੋਂ ਲੰਘਣਾ ਪੈਂਦਾ ਹੈ, ਚੁਪ ਤੇ ਇਕੱਲਤਾ ਵਿਚੋਂ ਦੀ, ਤਾਂ ਕਿ ਜਾਦੂ ਦੇ



ਉਸ ਖੇਤਰ ਵਿਚ ਪੁੱਜਿਆ ਜਾ ਸਕੇ। ਜਿਥੇ ਜਾ ਕੇ ਅਸੀਂ ਇਕ ਭੱਦਾ ਨਾਚ ਨੱਚ ਸਕੀਏ, ਜਾਂ ਉਦਾਸੀ ਦਾ ਕੋਈ ਗੀਤ ਗਾ ਸਕੀਏ। ਪਰ ਇਸ ਨਾਚ ਤੇ ਗੀਤ ਵਿਚ ਜਾਣਕਾਰੀ ਦੀਆਂ ਪ੍ਰਾਚੀਨ, ਸਭ ਤੋਂ ਪ੍ਰਾਚੀਨ ਰਵਾਇਤੀ ਰਸਮਾਂ ਪੱਕੀ ਤਰ੍ਹਾਂ ਘੁਲੀਆਂ ਹੁੰਦੀਆਂ ਹਨ. ਆਦਮੀ ਹੋਣ ਦੀ ਚੇਤਨਾ ਤੇ ਸਾਂਝੀ ਹੋਣੀ ਵਿਚ ਭਰੋਸਾ ਰੱਖਣ ਦੀ ਜਾਗ੍ਰਤੀ।

ਸੱਚਾਈ ਇਹ ਹੈ ਕਿ ਜੇ ਕੁਝ ਲੋਕ ਜਾਂ ਬਹੁਤੇ ਲੋਕਾਂ ਨੇ ਸੋਚਿਆ ਹੈ ਕਿ ਮੈਂ ਸੰਕੀਰਣ ਸੀ ਜਿਹੜਾ ਦੋਸਤੀ ਦੇ ਮੇਜ਼ ਜਾਂ ਸਾਂਝੀ ਜ਼ੁੰਮੇਵਾਰੀ ਦੇ ਮੇਜ਼ 'ਤੇ ਰੋਟੀ ਦੀ ਬੁਰਕੀ ਤੋੜਨ ਤੋਂ ਅਸਮਰਥ ਸੀ ਤਾਂ ਮੈਂ ਆਪਣੇ ਆਪ ਨੂੰ ਸਹੀ ਸਿੱਧ ਕਰਨ ਲਈ ਕੋਈ ਯਤਨ ਨਹੀਂ ਕਰਾਂਗਾ। ਮੈਂ ਨਹੀਂ ਮੰਨਦਾ ਕਿ ਕਵੀ ਦੀਆਂ ਜ਼ੁੰਮੇਵਾਰੀਆਂ ਦੇ ਪ੍ਰਸੰਗ ਵਿਚ ਇਲਜ਼ਾਮ ਲਾਉਣ ਜਾਂ ਸਹੀ ਸਿੱਧ ਕਰਨ ਲਈ ਕੋਈ ਗੁੰਜਾਇਸ਼ ਹੈ। ਆਖਰ ਨੂੰ ਕਵਿਤਾ ਦਾ ਕੋਈ ਇਕ ਕਵੀ ਪ੍ਰਬੰਧਕ ਨਹੀਂ ਹੁੰਦਾ ਅਤੇ ਜੇ ਕੋਈ ਆਪਣੇ ਸਾਥੀਆਂ 'ਤੇ ਦੂਸ਼ਣ ਲਾਉਣ ਲਈ ਰੁਕਦਾ ਹੈ, ਜਾਂ ਕੋਈ ਹੋਰ ਦੂਸਰਾ, ਆਪਣੇ ਤੇ ਲੱਗੇ ਦਲੀਲ ਭਰੇ ਜਾਂ ਇਲਜ਼ਾਮਾਂ ਨੂੰ ਰੱਦ ਕਰਨ ਦੇ ਲਈ ਆਪਣੇ ਜੀਵਨ ਨੂੰ ਅਜਾਈਂ ਗਵਾਉਣ ਦਾ ਰਾਹ ਚੁਣਦਾ ਹੈ, ਤਾਂ ਮੇਰਾ ਪੱਕਾ ਯਕੀਨ ਹੈ ਕਿ ਸਿਰਫ ਹੰਕਾਰ ਹੀ ਬੰਦੇ ਨੂੰ ਅਜਿਹੇ ਅੰਤਮ ਸਿਰਿਆਂ 'ਤੇ ਲੈ ਜਾਂਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਕਵਿਤਾ ਦੇ ਵੈਰੀ ਸਿਰਫ ਇਸਦੇ ਲਿਖਣ ਵਾਲਿਆਂ ਵਿਚ ਜਾਂ ਇਸ ਦੇ ਸਰਪ੍ਰਸਤਾਂ ਵਿਚ ਹੀ ਨਹੀਂ ਹੁੰਦੇ, ਸਗੋਂ ਖੁਦ ਕਵੀ ਵਿਚਲੀ ਇਕਸੁਰਤਾ ਦੀ ਥੁੜੋਂ ਵਿਚ ਹੁੰਦੇ ਹਨ। ਇਸ ਦਾ ਤੱਤ ਇਹ ਨਿਕਲਦਾ ਹੈ ਕਿ ਕਵੀ ਦਾ ਕੋਈ ਹੋਰ ਬੁਨਿਆਦੀ ਦੁਸ਼ਮਣ ਨਹੀਂ ਹੁੰਦਾ, ਸਗੋਂ ਉਸ ਦੇ ਆਪਣੇ ਸਮਕਾਲੀਆਂ ਵਿਚਲੇ ਅਜਿਹੇ ਅਗਿਆਨੀ ਅਤੇ ਲੁੱਟੀਂਦੇ ਲੋਕਾਂ ਨਾਲ ਜੁੜਨ ਦੀ ਉਸ ਦੀ ਆਪਣੀ ਅਸਮਰਥਾ ਹੁੰਦੀ ਹੈ ਤੇ ਇਹ ਗੱਲ ਸਭ ਸਮਿਆਂ ਤੇ ਸਰਬ ਕੌਮਾਂ ਉੱਤੇ ਲਾਗੂ ਹੁੰਦੀ ਹੈ।

ਕਵੀ ਕੋਈ "ਲਘੂ ਖ਼ੁਦਾ" ਨਹੀ ਹੁੰਦਾ। ਨਹੀਂ ਉਹ ਬਿਲਕੁਲ ਹੀ "ਨਿੱਕਾ ਖ਼ੁਦਾ" ਨਹੀਂ ਹੁੰਦਾ। ਉਸਨੂੰ ਦੂਸਰਿਆਂ ਮਨੁੱਖਾਂ ਨਾਲੋਂ ਵਧੀਆ ਰਹੱਸਵਾਦੀ ਹੋਣੀ ਵਾਸਤੇ ਨਹੀਂ ਚੁਣਿਆ ਗਿਆ ਹੁੰਦਾ ਜਿਵੇਂ ਕਿ ਦੂਸਰੇ ਵੱਖਰੀ ਤਰ੍ਹਾਂ ਦੀਆਂ ਡੀਊਟੀਆਂ ਨਿਭਾਉਂਦੇ ਜਾਂ ਦਫ਼ਤਰ ਚਲਾਉਂਦੇ ਹੋਣ। ਮੈਂ ਅਕਸਰ ਹੀ ਕਿਹਾ ਹੈ ਕਿ ਸਭ ਤੋਂ ਵਧੀਆ ਕਵੀ ਉਹ ਹੈ, ਜੋ ਰੋਜ਼ ਹੀ ਸਾਡੀ ਰੋਟੀ ਲਿਆ ਕੇ ਦਿੰਦਾ ਹੈ। ਸਥਾਨਕ ਨਾਨ ਬਾਈ, ਜੋ ਕਦੀ ਨਹੀਂ ਸੋਚਦਾ ਕਿ ਉਹ ਰੱਬ ਹੈ। ਉਹ ਆਪਣੀ ਸ਼ਾਹਾਨਾ ਡਿਊਟੀ, ਪਰ ਨਿਰਮਾਣਤਾ ਭਰੇ ਕੰਮ ਨੂੰ ਗੁੰਨ ਕੇ ਇਸ ਨੂੰ ਤੰਦੂਰ ਵਿਚ ਪਕਾ ਕੇ, ਧੁੱਪੇ ਸੁਕਾ ਕੇ ਤੇ ਬਹਾਦਰੀ ਦੀ ਸੱਚੀ ਭਾਵਨਾ ਅਧੀਨ ਰੋਜ਼ ਰੋਟੀ ਸਾਡੇ ਘਰ ਤੀਕ ਪਹੁੰਚਾਉਂਦਾ ਹੈ ਤੇ ਜੇ ਕੋਈ ਕਵੀ ਏਸੇ ਹੀ ਤਰ੍ਹਾਂ ਸਾਦਾ ਈਮਾਨ ਨਾਲ ਪ੍ਰਭਾਵਤ ਹੋ ਸਕਦਾ ਹੋਵੇ, ਤਾਂ ਇਹ ਸਾਦਾ ਜ਼ਮੀਰ ਉਸ ਨੂੰ ਇਕ ਵੱਡੀ ਕਲਾ-ਕ੍ਰਿਤੀ ਦਾ ਹਿੱਸਾ ਬਣਨ ਦੀ ਆਗਿਆ ਦੇ ਦੇਵੇਗੀ। ਸਾਦਾ, ਜਾਂ ਗੁੰਝਲਦਾਰ, ਉਸਾਰੀ, ਅਰਥਾਤ ਸਮਾਜ ਦਾ ਨਿਰਮਾਣ, ਆਦਮੀ ਦੀ ਸਥਿਤੀ ਦੀ ਕਾਇਆ-ਕਲਪ ਉਸ ਲਈ ਲੋੜੀਂਦੇ ਪਦਾਰਥਾਂ, ਡਬਲ ਰੋਟੀ, ਸੱਚ, ਵਾਈਨ ਤੇ ਸੁਪਨਿਆਂ ਦੀ ਸਾਦਾ ਸਪੁਰਦਗੀ। ਜੇ ਕਵੀ ਸਦੀਵੀ ਸੰਘਰਸ਼ ਦਾ ਹਿੱਸਾ ਬਣ ਜਾਂਦਾ ਹੈ। ਜੇ ਸਾਡੇ ਵਿਚੋਂ ਹਰੇਕ ਦੂਜਿਆਂ ਦੇ ਹੱਥਾਂ ਵਿਚ ਆਪਣੀ ਵਚਨ-ਬੱਧਤਾ ਦਾ ਹਿੱਸਾ, ਉਸ ਦੀ ਸਮਰਪਣ-ਭਾਵਨਾ, ਉਸਦੀ ਉਹ ਕੋਮਲਤਾ ਜੋ ਸਾਰੇ ਆਦਮੀਆਂ ਵਲੋਂ ਹਰ ਰੋਜ਼ ਮਿਹਨਤ ਦਾ ਹਿੱਸਾ ਹੁੰਦੀ ਹੈ, ਫੜਾ ਦੇਵੇ ਤਾਂ ਕਵੀ ਮਨੁੱਖਤਾ ਦੇ ਸੁਪਨੇ, ਮਿਹਨਤ, ਰੋਟੀ 'ਤੇ ਅੰਗੂਰਾਂ ਦੀ ਸ਼ਰਾਬ ਦਾ ਹਿੱਸਾ ਬਣ ਜਾਵੇਗਾ। ਸਿਰਫ ਇਸ ਨਾ-ਰੱਦਣ-ਯੋਗ ਰਾਹ 'ਤੇ ਤੁਰਦੇ ਕਿ ਸਾਧਾਰਨ ਆਦਮੀਆਂ ਦਾ ਅਜੇਹਾ ਰੋਲ ਪ੍ਰਵਾਨ ਕਰਕੇ ਹੀ ਅਸੀਂ ਕਵਿਤਾ ਦੇ ਖੋਹੇ ਹੋਏ ਗੌਰਵ ਨੂੰ ਬਹਾਲ ਕਰ ਸਕਦੇ ਹਾਂ, ਜਿਹੜਾ ਕਿ ਹਰ ਯੁੱਗ ਵਿਚ, ਖੁਦ ਕਵੀਆਂ ਨੇ ਹੀ ਇਸ ਕੋਲੋਂ ਖੋਹਿਆ ਸੀ।

ਮੇਰੀ

ਗਲਤੀਆਂ ਜੋ ਮੈਨੂੰ ਸਾਪੇਖਕ ਸੱਚ ਤੀਕ ਲੈ ਗਈਆਂ ਤੇ ਜਿਹੜੇ ਸੱਚ ਕਈ ਵਾਰ ਮੈਨੂੰ ਗਲਤੀਆਂ ਵੱਲ ਖਿੱਚ ਕੇ ਲੈ ਗਏ, ਇਹਨਾਂ ਮੈਨੂੰ ਕਦੇ ਵੀ ਆਗਿਆ ਨਹੀਂ ਦਿੱਤੀ। ਇਹ ਨਹੀਂ ਕਿ ਕਦੇ ਇਸ ਨੂੰ ਪ੍ਰੀਭਾਸ਼ਤ ਕਰਨ, ਪ੍ਰਭਾਵਤ ਕਰਨ ਜਾਂ ਇਹ ਸਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਰਚਨਾਤਮਕ ਪ੍ਰਕਿਰਿਆ ਅਤੇ ਸਾਹਿਤ ਦੀਆਂ ਮਹਾਨ ਚੋਟੀਆਂ ਜਾਂ ਡੂੰਘਾਈਆਂ ਕੀ ਹੁੰਦੀਆਂ ਹਨ। ਪਰ ਮੈਂ ਇੱਕ ਗੱਲ ਸਿਖੀ ਹੈ ਕਿ ਇਹ ਅਸੀਂ ਹੀ ਖ਼ੁਦ ਹਾਂ ਜਿਹੜੇ ਆਪਣੇ ਰਹੱਸਾਂ ਦੇ ਭੂਤ-ਪ੍ਰੇਤਾਂ ਦੀ ਸਿਰਜਣਾ ਕਰਦੇ ਹਾਂ, ਏਸੇ ਹੀ ਗੋਲਾ-ਬਾਰੂਦ ਵਿਚੋਂ ਜਿਸ ਚੋਂ ਅਸੀਂ ਇਹ ਸਿਰਜਣਾ ਕਰਦੇ ਹਾਂ, ਜਾਂ ਸਿਰਜਣਾ ਕਰਨ ਦੀ ਆਸ ਕਰਦੇ ਹਾਂ, ਸਾਡੇ ਵਿਕਾਸ ਦੇ ਰਾਹ ਦੀਆਂ ਰੁਕਾਵਟਾਂ ਪੈਦਾ ਹੁੰਦੀਆਂ ਹਨ। ਕਈ ਵਾਰ ਅਸੀਂ ਆਪਣੇ ਆਪ ਨੂੰ ਯਥਾਰਥ ਤੇ ਯਥਾਰਥਵਾਦ ਵੱਲ ਅਟੱਲ ਤੌਰ 'ਤੇ ਖਿੱਚੀ ਜਾਂਦੇ ਅਨੁਭਵ ਕਰ ਸਕਦੇ ਹਾਂ-ਅਰਥਾਤ ਯਥਾਰਥ ਤੇ ਪ੍ਰੀਵਰਤਨ ਦੇ ਰਾਹਾਂ ਦੀ ਅਣ ਚੁਣਾਵੀ ( Unselective) ਪ੍ਰਵਾਨਗੀ ਵੱਲ, ਤੇ ਫਿਰ ਅਨੁਭਵ ਕਰਦੇ ਹਾਂ ਜਦੋਂ ਕਿ ਇਹ ਦੇਰ ਨਾਲ ਕੀਤੀ ਹੁੰਦੀ ਹੈ ਕਿ ਅਸੀਂ ਏਨੀਆਂ ਸਖਤ ਸੀਮਾਵਾਂ ਲਾਗੂ ਕਰ ਦਿੱਤੀਆਂ ਹਨ ਕਿ ਜਿਸ ਨਾਲ਼ ਅਸਾਂ ਜ਼ਿੰਦਗੀ ਨੂੰ ਵਿਕਾਸ ਤੇ ਖਿੜਾਓ ਲਈ ਅਗਵਾਈ ਕਰਨ ਦੀ ਥਾਂ, ਇਸ ਨੂੰ ਮਾਰ ਹੀ ਦਿੱਤਾ ਹੈ। ਅਸਾਂ ਆਪਣੇ ਉੱਤੇ ਅਜੇਹਾ ਯਥਾਰਥਵਾਦ ਥੋਪ ਦਿੱਤਾ ਹੈ ਕਿ ਜਿਹੜਾ ਇਮਾਰਤੀ ਇੱਟਾਂ ਨਾਲੋਂ ਵਧੇਰੇ ਭਾਰਾ ਹੈ ਬਿਨਾਂ ਉਸ ਇਮਾਰਤ ਦੀ ਕਦੇ ਉਸਾਰੀ ਕਰਨ ਦੇ ਜੋ ਅਸੀਂ ਸੋਚ ਕੇ ਤੁਰੇ ਸੀ ਕਿ ਸਾਡੀ ਜ਼ੁੰਮੇਵਾਰੀ ਸੀ, ਤੇ ਦੂਸਰੇ ਅੰਤਮ ਸਿਰੇ 'ਤੇ ਜੇ ਅਸੀਂ ਨਾ ਸਮਝ-ਆਉਣ ਵਾਲੀ ਗੱਲ ਨੂੰ ਇੱਕ ਅੰਧ-ਵਿਸ਼ਵਾਸ ਬਣਾਉਣ ਵਿਚ ਸਫਲ ਹੋ ਜਾਂਦੇ ਹਾਂ (ਜਾਂ ਥੋਹੜੇ ਲੋਕਾਂ ਦੇ ਸਮਝ ਆਉਣ ਵਾਲੀ) ਅਸਾਧਾਰਨ ਨੂੰ ਰਹੱਸਮਈ ਬਣਾਉਣਾ ਤੇ ਜੇ ਅਸੀਂ ਯਥਾਰਥ ਨੂੰ ਦਬਾ ਦਿੰਦੇ ਹਾਂ ਤੇ ਇਸ ਦਾ ਆਵੇਸ਼ਕ ਨਿਘਾਰ ਕਰ ਦਿੰਦੇ ਹਾਂ ਸਾਨੂੰ ਅਚਾਨਕ ਹੀ ਪਤਾ ਲੱਗਦਾ ਹੈ ਕਿ ਅਸੀਂ ਸਮਰਥਨ-ਆਯੋਗ ਸਥਿਤੀ ਵਿਚ ਆਪਣੇ ਆਪ ਨੂੰ ਫਸਾ ਲਵਾਂਗੇ 'ਤੇ ਪੱਤਿਆਂ, ਮਿੱਟੀ ਤੇ ਬੱਦਲਾਂ ਦੀ ਦਲਦਲੀ-ਰੇਤ ਵਿਚ ਗਰਕਾ ਲਵਾਂਗੇ, ਤੇ ਸੰਚਾਰ-ਕਰਨ ਦੀ ਆਯੋਗਤਾ ਵਿਚ ਡੁਬੋ ਲਵਾਂਗੇ।

ਜਿੱਥੋਂ ਤੀਕ ਅਮਰੀਕਾ ਦੇ ਵਿਸ਼ਾਲ ਖਿਤਿਆਂ ਦੇ ਲੇਖਕਾਂ ਦੇ ਖਾਸ ਮਾਮਲੇ ਦਾ ਸਬੰਧ ਹੈ ਅਸੀਂ ਇਹ ਸੱਦਾ ਅਰੁੱਕ ਤੌਰ 'ਤੇ ਸੁਣਦੇ ਰਹਿੰਦੇ ਹਾਂ ਕਿ ਇਸ ਵੱਡੀ ਥਾਂ ਨੂੰ ਲਹੂ ਮਾਸ ਦੇ ਜੀਵਾਂ ਨਾਲ ਕਿਵੇਂ ਭਰਨਾ ਹੈ। ਅਸੀਂ ਇਸ ਖਾਲੀ ਥਾਂ ਨੂੰ ਭਰਨ ਦੀ ਆਪਣੀ ਜ਼ੁੰਮੇਵਾਰੀ ਪ੍ਰਤੀ ਸਾਵਧਾਨ ਹਾਂ ਤੇ ਨਾਲ਼ ਹੀ ਅਸੀਂ ਅਨੁਭਵ ਕਰਦੇ ਹਾਂ ਕਿ ਸਾਡੀ ਬੁਨਿਆਦੀ ਅਤੇ ਅਲੋਚਨਾਤਮਕ ਜ਼ੁੰਮੇਵਾਰੀ ਹੈ ਕਿ ਇਸ ਗੈਰ-ਆਬਾਦ ਦੁਨੀਆ ਨਾਲ਼ ਸੰਚਾਰ ਪੈਦਾ ਕਰੀਏ ਜਿਹੜੀ ਦੁਨੀਆ ਬੇਇਨਸਾਫੀ ਤਸੀਹੇ ਤੇ ਦਰਦ ਨਾਲ਼ ਭਰੀ ਹੋਈ ਹੈ। ਸਿਰਫ ਇਸ ਕਾਰਨ ਕਿ ਇਹ ਗੈਰ-ਆਬਾਦ ਹੈ। ਅਸੀਂ ਆਪਣੇ ਪੱਥਰ ਦੇ ਬੁੱਤਾਂ ਵਿਚ ਸੁੱਤੇ ਪਏ ਪ੍ਰਾਚੀਨ ਸੁਪਨਿਆਂ ਨੂੰ ਜੀਵੰਤ ਕਰਨ ਦੀ ਜ਼ੁੰਮੇਵਾਰੀ ਵੀ ਅਨੁਭਵ ਕਰਦੇ ਹਾਂ। ਇਹ ਸੁਪਨੇ ਸਾਡੇ ਪ੍ਰਾਚੀਨ, ਤਬਾਹ ਹੋਈਆਂ ਇਤਿਹਾਸਕ ਯਾਦਗਾਰਾਂ, ਸਾਡੇ ਬਿਰਖ-ਹੀਣ ਵਿਸ਼ਾਲ ਮੈਦਾਨਾਂ ਦੀਆਂ ਖਾਮੋਸ਼ੀਆਂ ਵਿਚ ਸੰਘਣੇ ਜੰਗਲਾਂ ਤੇ ਸਾਡੇ ਬੱਦਲਾਂ ਦੀ ਗਰਜ ਵਾਂਗ ਗਾਉਂਦੇ ਦਰਿਆਵਾਂ ਵਿਚ ਪਏ ਹਨ। ਸਾਨੂੰ ਮੂਕ ਮਹਾਦੀਪ ਦੀਆਂ ਹੱਦਾਂ ਨੂੰ ਸ਼ਬਦਾਂ ਨਾਲ਼ ਭਰਨ ਲਈ ਆਖਿਆ ਗਿਆ ਹੈ, ਤੇ ਅਸੀਂ ਸੁਣਨ ਤੇ ਨਾਮਕਰਨ ਕਰਨ ਦੇ ਕਾਰਜ ਨੂੰ ਸੁਣ ਕੇ ਨਸ਼ਿਆ ਜਾਂਦੇ ਹਾਂ। ਸ਼ਾਇਦ ਮੇਰੀ ਆਪਣੀ ਜੀਵਨ ਯਾਤਰਾ ਵਿਚ, ਇਹ ਤੱਥ ਫੈਸਲਾ ਕੁਨ ਰਿਹਾ ਹੈ ਤੇ ਉਸ ਮੁਆਮਲੇ ਵਿਚ ਮੇਰੀਆਂ ਜ਼ਿਆਦਤੀਆਂ ਜਾਂ ਮੇਰੀ ਬਹੁਲਤਾ ਜਾਂ ਮੇਰੀ ਭਾਸ਼ਣ-ਸ਼ੈਲੀ ਨਿੱਤ ਦੀ ਸਭ ਤੋਂ ਸਾਦਾ ਅਮਰੀਕਨ ਜ਼ੁੰਮੇਵਾਰੀ ਤੋਂ ਵੱਧ ਕੁਝ ਵੀ ਨਹੀ ਹੋਵੇਗੀ।



ਮੇਰੀ ਹਰ ਕਵਿਤਾ ਨੇ ਸਥੂਲ ਹੋਣ ਦੀ ਕੋਸ਼ਿਸ ਕੀਤੀ ਹੈ। ਮੇਰੀਆਂ ਕਵਿਤਾਵਾਂ ਵਿਚੋਂ ਹਰੇਕ ਲਾਹੇਵੰਦ ਸੰਦ ਬਣਨ ਦੀ ਕੋਸ਼ਿਸ਼ ਕੀਤੀ ਹੈ, ਮੇਰੇ ਹਰ ਗੀਤ ਨੇ ਪੁਲਾੜ ਦੇ ਹਰ ਚੌਕਾਂ ਵਿਚਲੀਆਂ ਭੀੜਾਂ ਦਾ ਪ੍ਰਤੀਕ ਬਣਨ ਦੀ ਤਾਂਘ ਕੀਤੀ ਹੈ ਜਾਂ ਕਿਸੇ ਪੱਥਰ ਜਾਂ ਲੱਕੜਾਂ ਦਾ ਟੁਕੜਾ ਬਣਨ ਦੀ ਇੱਛਾ ਕੀਤੀ, ਤਾਂ ਕਿ ਕੋਈ ਇੱਕ ਜਣਾ ਜਾਂ ਦੂਸਰੇ ਜੋ ਅਜੇ ਬਾਅਦ ਵਿੱਚ ਆਉਣਗੇ, ਇਸ ਉੱਤੇ ਨਵੇਂ ਨਿਸ਼ਾਨ ਉੱਕਰ ਸਕਣ।

ਕਵੀ ਦੀਆਂ ਜ਼ੁੰਮੇਵਾਰੀਆਂ ਨੂੰ ਉਹਨਾਂ ਦੇ ਮੰਤਕੀ ਸਿਟਿਆਂ ਤੀਕ ਲਿਜਾਂਦੇ ਹੋਏ, ਮੈਂ ਠੀਕ ਜਾਂ ਗਲਤੀ ਨਾਲ਼ ਇਹ ਫੈਸਲਾ ਕੀਤਾ ਕਿ ਜੀਵਨ ਤੇ ਸਾਹਿਤ ਵਿਚ ਮੇਰੀ ਵਚਨ ਬੱਧਤਾ ਇਕ ਨਿਰਮਾਣ ਗੁਰੀਲੇ ਦੀ ਹੋਣੀ ਚਾਹੀਦੀ ਹੈ। ਮੈਂ ਇਹ ਫੈਸਲਾ ਉਦੋਂ ਕੀਤਾ ਜਦੋਂ ਕਿ ਮੈਂ ਸ਼ਾਨਦਾਰ ਅਸਫ਼ਲਤਾਵਾਂ, ਵਿਕੋਲਿਤਰੀਆਂ ਜਿੱਤਾਂ ਅਤੇ ਬੌਂਦਲਾ ਦੇਣ ਵਾਲੀਆਂ ਹਾਰਾਂ ਵੇਖ ਰਿਹਾ ਸੀ। ਮੈਂ ਸਮਝ ਲਿਆ ਸੀ ਕਿ ਅਮਰੀਕਾ ਦੇ ਸੰਘਰਸ਼ਾਂ ਵਿਚ ਮੇਰਾ ਆਪਾ ਇਕ ਐਕਟਰ ਵਾਲਾ ਹੋਵੇਗਾ ਕਿ ਮੇਰਾ ਮਨੁੱਖੀ ਆਦਰਸ਼ ਹੋਰ ਕੁਝ ਨਹੀਂ, ਸਗੋਂ ਇਹ ਸੀ ਕਿ ਮੈਂ ਆਪਣੀ ਪ੍ਰਤਿਭਾ ਨੂੰ ਏਕਾ ਕਰ ਰਹੇ ਲੋਕਾਂ ਦੀ ਵਧ ਰਹੀ ਸ਼ਕਤੀ ਨਾਲ ਜੋੜ ਦੇਵਾਂ ਤੇ ਜੋਸ਼ ਤੇ ਉਮੀਦ ਨਾਲ ਉਹਨਾਂ ਨਾਲ ਲਹੂ ਤੇ ਮਾਸ ਦਾ ਰਿਸ਼ਤਾ ਕਾਇਮ ਕਰ ਲਵਾਂ, ਕਿਉਂਕਿ ਉਸ ਵਧ ਰਹੇ ਹੜ੍ਹ ਵਿੱਚੋਂ ਹੀ ਲੋਕਾਂ ਤੇ ਲੇਖਕਾਂ ਦੀ ਤਰੱਕੀ ਲਈ ਜ਼ਰੂਰੀ ਰਾਹ ਨਿਕਲਣਾ ਹੈ। ਤੇ ਭਾਵੇਂ ਮੇਰੀ ਸਥਿਤੀ ਕੌੜੇ ਜਾਂ ਪਿਆਰ ਭਰੇ ਇਤਰਾਜ਼ ਉਤਪੰਨ ਕਰੇ।

ਤੱਥ ਇਹ ਹੈ ਕਿ ਮੈਂ ਆਪਣੀ ਵਿਸ਼ਾਲ ਤੇ ਕੜਵੀ ਧਰਤੀ ਲਈ ਹੋਰ ਕੋਈ ਰਸਤਾ ਪ੍ਰਵਾਨ ਨਹੀਂ ਕਰ ਸਕਦਾ ਜੇ ਅਸੀਂ ਹਨੇਰੇ ਦੀ ਜਗ੍ਹਾ ਫੁੱਲ ਚਾਹੁੰਦੇ ਹਾਂ, ਜੇ ਅਸੀਂ ਇਹ ਉਮੀਦ ਰੱਖਣੀ ਹੈ ਕਿ ਲੱਖਾਂ ਹੀ ਉਹ ਲੋਕ ਜਿਹਨਾਂ ਸਾਡੀਆਂ ਲਿਖਤਾਂ ਪੜ੍ਹਨੀਆਂ ਨਹੀਂ ਸਿੱਖੀਆਂ ਜਾਂ ਉਂਝ ਹੀ ਪੜ੍ਹਨਾ ਨਹੀਂ ਜਾਣਦੇ, ਜੋ ਹਾਲੀ ਵੀ ਲਿਖਣਾ ਤੇ ਸਾਨੂੰ ਖ਼ਤ ਲਿਖਣਾ ਨਹੀਂ ਜਾਣਦੇ, ਉਹ ਇੱਜ਼ਤ ਦੇ ਉਸ ਵਾਤਾਵਰਨ ਵਿਚ ਰਹਿਣਗੇ, ਜਿਸ ਬਿਨਾਂ ਕਿ ਸੰਪੂਰਨ ਇਨਸਾਨ ਬਣਨਾ ਅਸੰਭਵ ਹੈ।

ਸਾਨੂੰ ਉਹਨਾਂ ਲੋਕਾਂ ਦਾ ਸੰਤਾਪ ਵਿਰਸੇ ਵਿਚ ਮਿਲਿਆ ਹੈ, ਜਿਹਨਾਂ ਨੂੰ ਸਦੀਆਂ ਤੀਕ ਬਦਕਿਸਮਤ ਆਖਿਆ ਜਾਂਦਾ ਰਿਹਾ ਹੈ। ਸਭ ਤੋਂ ਵੱਧ ਬਹਿਸ਼ਤੀ ਲੋਕ, ਸਭ ਤੋਂ ਵੱਧ ਸੁੱਚੇ ਲੋਕ, ਲੋਕ ਜੋ ਪੱਥਰ ਤੇ ਧਾਤ ਨਾਲ ਅਸਚਰਜ-ਜਨਮ ਮੁਨਾਰੇ ਬਣਾਉਂਦੇ ਹਨ, ਚਕਾਚੌਂਧ ਕਰਨ ਵਾਲੀ ਸ਼ਾਨ ਦੇ ਹੀਰੇ, ਲੋਕ ਜਿਨ੍ਹਾਂ ਅਚਾਨਕ ਹੀ ਅਨੁਭਵ ਕੀਤਾ ਕਿ ਉਹਨਾਂ ਦੇ ਜੀਵਨ ਤਬਾਹ ਹੋ ਗਏ ਹਨ, ਅੱਜ ਤੀਕ ਕਾਇਮ ਬਸਤੀਵਾਦ ਦੇ ਭਿਆਨਕ ਯੁੱਗ ਨੇ ਚੁੱਪ ਕਰਾ ਦਿੱਤਾ ਹੈ।

**ਸਾਡੇ ਅਸਲੀ ਰਾਹ-ਵਿਖਾਊ ਸਿਤਾਰੇ ਸੰਘਰਸ਼ ਅਤੇ ਆਸ-ਉਮੀਦ ਹਨ।**

ਪਰ ਇਕੱਲੀ ਆਸ ਤੇ ਸੰਘਰਸ਼ ਕੋਈ ਚੀਜ਼ ਨਹੀਂ ਹੁੰਦੀ। ਹਰ ਬੰਦੇ ਵਿਚ, ਪੁਰਾਤਨ ਯੁੱਗ ਅਤੇ ਗਤੀਹੀਣਤਾ, ਗਲਤੀਆਂ, ਜਜ਼ਬੇ ਸਾਡੇ ਸਮੇਂ ਦੀਆਂ ਤੰਗੀਆਂ, ਇਤਿਹਾਸ ਦੀ ਤੇਜ਼ ਗਤੀ ਆਦਿ ਮਿਲੇ ਹੋਏ ਹੁੰਦੇ ਹਨ। ਪਰ ਮੈਂ ਕੈਸਾ ਆਦਮੀ ਹੋਵਾਂਗਾ ਜੇ, ਮਿਸਾਲ ਵਜੋਂ ਮੈਂ ਸਾਡੇ ਮਹਾਨ ਅਮਰੀਕੀ ਮਹਾਦੀਪ ਵਿਚ ਜਾਗੀਰਦਾਰੀ ਨੂੰ ਜਾਰੀ ਰੱਖਣ ਵਿਚ ਕਿਸੇ ਤਰ੍ਹਾਂ ਦਾ ਹਿੱਸਾ ਪਾਇਆ ਹੋਵੇ ? ਸਵੀਡਨ ਦੇਸ਼ ਵਲੋਂ ਮੈਨੂੰ ਦਿੱਤੀ ਗਈ ਵਡਿਆਈ ਦੇ ਸਨਮੁੱਖ ਮੈਂ ਆਪਣਾ ਸਿਰ ਮਾਣ ਨਾਲ ਕਿਵੇਂ ਉੱਚਾ ਕਰ ਸਕਦਾ ਸੀ, ਜੇ ਮੈਂ ਆਪਣੇ ਦੇਸ਼ ਦੀਆਂ ਵਰਤਮਾਨ ਤਬਦੀਲੀਆਂ ਵਿਚ ਤੁਛ ਹਿੱਸਾ ਨਾ ਪਾਇਆ ਹੁੰਦਾ ? ਸਾਨੂੰ ਅਮਰੀਕਾ ਦਾ ਨਕਸ਼ਾ ਵੇਖਣਾ ਚਾਹੀਦਾ ਹੈ, ਇਸ ਦੀ ਮਹਾਨ ਵਿਭਿੰਨਤਾ ਨੂੰ ਪਛਾਣੋ, ਜਿਸ ਪੁਲਾੜ ਵਿਚ ਅਸੀਂ ਰਹਿੰਦੇ ਹਾਂ, ਉਸ ਦੀਆਂ ਬ੍ਰਹਿਮੰਡੀ ਵਿਸ਼ਾਲਤਾਵਾਂ, ਇਹ ਸਮਝਣਾ ਕਿ ਬਹੁਤ ਸਾਰੇ ਸਾਡੇ ਲੇਖਕ ਬਦਨਾਮੀ ਤੇ ਲੁੱਟ-ਖਸੁੱਟ ਦੀ ਲਾਹਨਤ ਵਿਚ ਭਾਗੀਦਾਰ ਨਹੀਂ ਬਣਨਾ

ਮੇਰੀ

ਚਾਹੁੰਦੇ, ਜੋ ਕਿ ਕਾਲੇ ਖੁਦਾਵਾਂ ਨੇ ਅਮਰੀਕੀ ਲੋਕਾਂ ਉੱਤੇ ਲੱਦੇ ਹੋਏ ਹਨ।

ਸਮੁੱਚੇ ਪ੍ਰਬੰਧ ਦੇ ਕੇਂਦਰੀ ਸੂਰਜ ਵਜੋਂ ਵਿਅਕਤੀ ਨੂੰ ਪੂਜਣ ਦਾ ਕਾਰਜ ਦੁਹਰਾਉਣ ਦੀ ਥਾਂ ਮੈਂ ਸਾਂਝੀ ਜ਼ੁੰਮੇਵਾਰੀ ਦਾ ਔਖਾ ਮਾਰਗ ਚੁਣਿਆ ਅਤੇ ਮੈਂ ਇਕ ਵੱਡੀ ਫੌਜ ਨੂੰ ਆਪਣੀਆਂ ਨਿਰਮਾਣ ਸੇਵਾਵਾਂ ਸੌਂਪਣ ਨੂੰ ਪਹਿਲ ਦਿੱਤੀ, ਜਿਹੜੀ ਸੈਨਾ ਸੰਭਵ ਹੈ, ਸਮੇਂ ਸਮੇਂ ਗਲਤ ਮੋੜ ਵੀ ਲੈ ਸਕਦੀ ਸੀ, ਪਰ ਜੋ ਕਠੋਰਤਾ ਨਾਲ ਅੱਗੇ ਵਧਦੀ ਹੈ ਤੇ ਜਿਹੜੀ ਅੜੀਅਲ ਪ੍ਰਤੀਕਿਰਿਆਵਾਂ ਦੀਆਂ ਤੇ ਉਤਾਵਲੇ ਅਗਿਆਨੀਆਂ ਦੇ ਵਿਰੋਧ ਵਿਚ ਦਿਨ-ਬਦਿਨ ਅੱਗੇ ਵੱਲ ਵਧਦੀ ਹੈ, ਕਿਉਂਕਿ ਮੇਰਾ ਵਿਸ਼ਵਾਸ ਸੀ ਕਿ ਕਵੀ ਵਜੋਂ ਮੇਰੇ ਫਰਜ਼ਾਂ ਵਿੱਚ ਗੁਲਾਬ ਤੇ (symmetry) ਸਮਿਟਰੀ ਨਾਲ ਅਤੇ ਤੀਬਰ ਪਿਆਰ ਤੇ ਅਸੀਮ ਭੋਂ-ਹੇਰਵੇ ਨਾਲ ਭਰਾਤਰੀ ਭਾਵ ਨਾਲ ਪੈਦਾ ਕਰਨਾ ਹੀ ਨਹੀਂ ਸੀ, ਸਗੋਂ ਉਹਨਾਂ ਕੰਡਿਆਲੀਆਂ ਮਨੁੱਖੀ ਜ਼ੁੰਮੇਵਾਰੀਆਂ ਨਾਲ਼ ਵੀ ਗਲਵੱਕੜੀ ਪਾਉਣੀ ਸੀ ਜਿਹਨਾਂ ਨੂੰ ਮੈਂ ਆਪਣੀ ਕਵਿਤਾ ਵਿਚ ਸਮੋਅ ਲਿਆ ਸੀ।

ਠੀਕ ਇਕ ਸੌ ਸਾਲ ਪਹਿਲਾਂ ਇਕ ਅਜੀਬ ਤੇ ਸ਼ਾਨਦਾਰ ਕਵੀ ਨੇ, ਜੋ ਦੁਖਿਆਰੇ ਲੋਕਾਂ ਦਾ ਸਭ ਤੋਂ ਵੱਧ ਤਸੀਹੇ ਸਹਿਣ ਵਾਲਾ ਕਵੀ ਸੀ, ਭਵਿੱਖ-ਬਾਣੀ ਕੀਤੀ ਸੀ, "ਸਿਰਫ ਦਗ੍ਹਦੀ ਬੇਚੈਨੀ ਨਾਲ਼ ਹੀ ਅਸੀਂ ਉਸ ਸ਼ਾਨਦਾਰ ਸ਼ਹਿਰ ਨੂੰ ਜਿੱਤ ਸਕਾਂਗੇ, ਜਿਹੜਾ ਰੌਸ਼ਨੀ ਇਨਸਾਫ ਤੇ ਸਭ ਮਨੁੱਖਾਂ ਲਈ, ਸਤਿਕਾਰ ਪ੍ਰਦਾਨ ਕਰੇਗਾ।"

ਮੈਂ ਸਿੱਧ-ਪੁਰਸ਼ (Seer) ਰਿਮਬਾਦ ਦੀ ਭਵਿੱਖਬਾਣੀ ਵਿਚ ਵਿਸ਼ਵਾਸ ਰੱਖਦਾ ਹਾਂ। ਮੈਂ ਇਕ ਹਨੇਰੇ ਸੂਬੇ, ਇਕ ਅਜਿਹੇ ਦੇਸ਼ ਵਿਚੋਂ ਆਉਂਦਾ ਹਾਂ ਜਿਹੜਾ ਭਿਅੰਕਰ ਭੂਗੋਲ ਨੇ ਦੂਜਿਆਂ ਨਾਲੋਂ ਵੱਖ ਕੀਤਾ ਹੋਇਆ ਹੈ। ਮੈਂ ਕਵੀਆਂ ਵਿਚੋਂ ਸਭ ਤੋਂ ਅਣਗੌਲਿਆ ਕਵੀ ਸੀ ਤੇ ਮੇਰੀ ਕਵਿਤਾ ਇਲਾਕਾਈ ਰੰਗ ਦੀ, ਦੁੱਖ-ਭਰੀ ਤੇ ਮੀਂਹ ਵਿਚ ਗੜੁੱਚ ਸੀ, ਪਰ ਮਨੁੱਖ ਵਿਚ ਮੇਰਾ ਹਮੇਸ਼ਾ ਹੀ ਭਰੋਸਾ ਰਿਹਾ ਹੈ। ਮੈਂ ਕਦੇ ਆਸ ਨਹੀਂ ਛੱਡੀ। ਸ਼ਾਇਦ ਇਹੀ ਕਾਰਨ ਹੈ ਕਿ ਮੈਂ ਆਪਣੀ ਕਵਿਤਾ ਤੇ ਆਪਣੇ ਪਰਚਮ ਨਾਲ ਏਥੇ ਹਾਜ਼ਰ ਹਾਂ।

ਅਖੀਰ ਉੱਤੇ ਮੈਂ ਨੇਕ ਭਾਵਨਾ ਵਾਲੇ ਸਭ ਮਨੁੱਖਾਂ, ਮਜ਼ਦੂਰਾਂ ਤੇ ਕਵੀਆਂ ਨੂੰ ਆਖਦਾ ਹਾਂ ਕਿ ਮਨੁੱਖ ਦਾ ਭਵਿੱਖ ਰਿਮਬਾਦ ਦੇ ਕਥਨ ਵਿੱਚ ਪ੍ਰਗਟ ਕੀਤਾ ਗਿਆ ਹੈ।

"ਸਿਰਫ ਦਘ੍ਹਦੀ ਬੇਚੈਨੀ ਨਾਲ ਹੀ ਅਸੀਂ ਉਸ ਸ਼ਾਨਦਾਰ ਸ਼ਹਿਰ ਨੂੰ ਜਿੱਤ ਸਕਾਂਗੇ, ਜਿਹੜਾ ਰੌਸ਼ਨੀ ਇਨਸਾਫ਼ ਅਤੇ ਸਾਰਿਆਂ ਮਨੁੱਖਾਂ ਲਈ ਸਤਿਕਾਰ ਪ੍ਰਦਾਨ ਕਰੇਗਾ।"

ਇੰਝ ਕਵਿਤਾ ਨੂੰ ਗਾਉਣਾ ਅਜਾਈਂ ਨਹੀਂ ਗਿਆ!!

## 2. ਸਵੈ-ਚਿਤਰ /*ਪਾਬਲੋ ਨੇਰੂਦਾ*

ਆਪਣੇ ਆਪ ਨੂੰ ਕਿਵੇਂ ਪੇਸ਼ ਕਰਾਂ, ਮਨੁੱਖੀ ਲੱਗਾਂ ਤੇ ਸਹੀ ਪ੍ਰਗਟ ਹੋਵਾਂ? ਤੇ ਜਦੋਂ ਕੋਈ ਸ਼ੀਸ਼ੇ ਜਾਂ ਤਸਵੀਰ ਵਿਚ ਵੇਖਦਾ ਹੈ, ਸਭ ਤੋਂ ਚੰਗੇ ਕੋਣ ਤੋਂ ਦਿਸਣ ਲਈ, (ਚੋਰੀ ਚੋਰੀ) ਪਰ ਫਿਰ ਵੀ ਹਰ ਵਾਰੀ ਉਹੀ ਸ਼ਕਲ ਦਿਸਣੀ ਕੁਝ ਲੋਕ ਪਾਸੇ ਖਲੋ ਰਹਿੰਦੇ ਹਨ, ਕੁਝ ਦੂਜੇ ਧੱਕੇ ਨਾਲ ਆ ਵੜਦੇ ਨੇ ਕਿ ਕੀ ਬਣਨਾ ਚਾਹੁੰਦੇ ਨੇ, ਕੁਝ ਹੋਰ ਪੁੱਛਦੇ ਨੇ, ਇਹ ਕੌਣ ਨੇ। ਪਰ ਸੱਚੀ ਗੱਲ ਇਹ ਹੈ ਕਿ ਅਸੀਂ ਹਰ ਵਾਰ ਚੌਕਸ ਹੁੰਦੇ ਹਾਂ—ਆਪਣੇ ਆਪ ਨੂੰ ਉਡੀਕਦੇ ਦਿਸਦੇ ਵੱਲ ਸੰਕੇਤ ਕਰਦੇ, ਆਪਣੇ ਸ਼ਾਗਿਰਦੀ ਦੇ ਦਿਨਾਂ ਦੀਆਂ ਬੇਕਾਇਦਗੀਆਂ ਤੇ ਸਮੇਂ ਨੂੰ ਲੁਕਾਉਂਦੇ।

ਪਰ ਆਉ ਨਿਚੋੜ ਕੱਢੀਏ।



ਜਿਥੋਂ ਤੀਕ ਮੇਰੀ ਗੱਲ ਹੈ, ਮੇਰਾ ਠੋਸ ਨੱਕ ਹੈ ਜਾਂ ਮੈਨੂੰ ਇੰਝ ਜਾਪਦਾ ਹੈ। ਛੋਟੀਆਂ ਅੱਖਾਂ, ਸਿਰ ਦੇ ਵਿਰਲੇ ਵਾਲ, ਫੈਲਦਾ ਢਿੱਡ ਲੰਮੀਆਂ ਲੱਤਾਂ, ਚੌੜੇ ਪੈਰ, ਤੇ ਪੀਲਾ ਰੰਗ। ਮੈਂ ਆਪਣੇ ਪਿਆਰ ਪ੍ਰਤੀ ਦਿਆਲੂ ਹਾਂ, ਗਿਣਤੀ ਕਰਨ ਵੇਲੇ ਨਿਕੰਮਾ, ਸ਼ਬਦਾਂ ਵੱਲ ਕੁਢੱਬਾ, ਕੂਲੇ ਹੱਥ, ਹੌਲੀ ਤੁਰਨ ਵਾਲਾ, ਇੱਕ ਬੇਚੈਨ ਦਿਲ, ਸਿਤਾਰਿਆਂ ਲਹਿਰਾਂ ਤੇ ਸਮੁੰਦਰੀ ਤੂਫਾਨਾਂ ਪ੍ਰਤੀ ਉਤਸ਼ਾਹੀ, ਹੀਰਿਆਂ ਦਾ ਪ੍ਰਸ਼ੰਸਕ, ਰੇਤ ਉੱਤੇ ਤੁਰਨ ਦਾ ਸ਼ੌਕੀਨ, ਸੰਸਥਾਵਾਂ ਤੋਂ ਅੱਕਿਆ, ਹਮੇਸ਼ਾ ਇੱਕ ਚਿੱਲੀ-ਵਾਸੀ। ਯਾਰਾਂ ਦਾ ਯਾਰ, ਦੁਸ਼ਮਣਾਂ ਬਾਰੇ ਮੂੰਹ ਬੰਦ ਰੱਖਣ ਵਾਲਾ, ਪੰਛੀਆਂ ਨਾਲ ਸ਼ੁਗਲ ਕਰਨ ਵਾਲਾ, ਘਰ ਬਾਰੇ ਮੂਰਖ, ਬਹਿਣ-ਕਮਰਿਆਂ ਵਿਚ ਸ਼ਰਮੀਲਾ, ਬਿਨਾਂ ਕਾਰਨ ਪਛਤਾਵਾ ਕਰਨ ਵਾਲਾ, ਖ਼ੌਫਨਾਕ ਪ੍ਰਬੰਧਕ, ਕੁਰਸੀ 'ਤੇ ਬਹਿਣ ਵਾਲਾ ਮਲਾਹ, ਸਿਆਹੀ ਦਾ ਵਪਾਰੀ, ਤੂਫਾਨਾ ਅੰਬਰਾਂ ਅਧੀਨ ਖੁਸ਼ ਰਹਿਣ ਵਾਲਾ, ਮੰਡੀਆਂ ਦੀ ਸੂਹ ਰੱਖਣ ਵਾਲਾ, ਲਾਇਬ੍ਰੇਰੀਆਂ ਵਿਚ ਬਹਿਣ ਵਾਲਾ, ਪਹਾੜਾਂ ਵਿਚ ਉਦਾਸ ਰਹਿਣ ਵਾਲਾ, ਜੰਗਲਾਂ ਵਿਚ ਅਣਥੱਕ, ਉੱਤਰ ਦੇਣ ਵਿਚ ਢਿੱਲਾ, ਵਰ੍ਹਿਆਂ ਪਿਛੋਂ ਚੁਸਤ ਗੱਲ ਕਰਨ ਵਾਲਾ, ਸਾਰਾ ਸਾਲ ਖੱਪੀ, ਆਪਣੀ ਨੋਟ-ਬੁੱਕ ਵਿਚ ਚਮਕਦਾਰ, ਭੁੱਖਾ, ਕਮਾਲ ਦਾ ਸੌਣ ਵਾਲਾ, ਖੁਸ਼ੀ ਵਿਚ ਸ਼ਾਂਤ, ਰਾਤ ਦੇ ਅੰਬਰਾਂ ਦਾ ਖੋਜੀ, ਨਾ ਨਜ਼ਰ ਆਉਣ ਵਾਲਾ ਕਾਂਪਾ, ਉਖੜਿਆ, ਹੱਠੀ, ਲੋੜ ਵੇਲੇ ਬਹਾਦਰ, ਕਸੂਰ ਵੇਲੇ ਡਰਪੋਕ ਨਹੀਂ, ਧੰਦੇ ਵੱਲੋਂ ਆਲਸੀ, ਔਰਤਾਂ ਵਿਚ ਪਿਆਰਿਆ ਜਾਣ ਵਾਲਾ, ਕਸ਼ਟ ਵੇਲੇ ਚੁਸਤ, ਮਾੜੀ ਕਿਸਮਤ ਨੂੰ ਕਵੀ, ਤੇ ਬੇਵਕੂਫ ਜਿਹਾ।

## 3. ਅਵਾਰਾ ਗਰਦ ਕਵਿਤਾ

ਠੀਕ ਹੈ, ਇਹ ਹੈ ਉਹ ਅੰਤ, ਜੋ ਮੇਰੀ ਕਵਿਤਾ ਤੁਹਾਨੂੰ ਪੇਸ਼ ਕਰਦੀ ਹੈ। ਤੁਹਾਡੇ ਅੱਜ ਲਈ, ਇਸ ਸ਼ਾਮ ਲਈ, ਅੱਜ ਦੀ ਰਾਤ ਲਈ, ਤੇ ਇਹ ਮੈਂ ਤੁਹਾਡੇ ਕੱਲ੍ਹ ਲਈ ਦੇ ਜਾਂਦਾ ਹਾਂ। ਮੈਨੂੰ ਨਹੀ ਪਤਾ, ਕਿ ਕੀ ਉਹ ਤੁਹਾਨੂੰ ਸੋਚਵਾਨ ਰੌਂਅ ਵੱਲ ਤੋਰੇਗੀ। ਇਹ ਮੇਰੀ ਆਵਾਰਾ-ਗਰਦ ਕਵਿਤਾ—ਇਹ ਮਿੱਟੀ, ਬਾਰਿਸ਼ ਤੇ ਫਲ ਇਕੱਠੇ ਕਰਦੀ ਹੈ। ਧਰਤੀ, ਬਾਰਸ਼, ਫਲ, ਸੰਘਰਸ਼ ਤੇ ਉਮੀਦਾਂ, ਮੈਂ ਇਹ ਤੁਹਾਨੂੰ ਦੇ ਜਾਂਦਾ ਹਾਂ। ਇਹ ਤੁਹਾਡੇ ਲਈ ਹਨ। ਹੁਣ ਮੈਂ ਜਾ ਰਿਹਾ ਹਾਂ—ਕੱਲ ਤੀਕ ਜਦੋਂ ਤੀਕ, ਦੋਸਤ ਤੇ ਸਾਥੀ।

## 4. ਅਸ਼ੁੱਧ ਕਵਿਤਾ ਦੀ ਭਾਲ

ਦਿਨ ਤੇ ਰਾਤ ਦੀਆਂ ਕੁਝ ਘੜੀਆਂ ਵਿਚ, ਅਹਿਲ ਪਈਆਂ ਚੀਜ਼ਾਂ ਨੂੰ ਗਹੁ ਨਾਲ ਵੇਖਣਾ ਯੋਗ ਹੁੰਦਾ ਹੈ, ਦੇਰ ਹੋਏ ਲੰਘ ਗਏ ਪਹੀਆਂ ਉੱਤੇ, ਸਬਜ਼ੀਆਂ ਅਤੇ ਖਣਿਜ ਪਦਾਰਥਾਂ ਦੇ ਬੋਝ ਨਾਲ ਲੱਦੀਆਂ ਘੱਟ ਭਰੀਆਂ, ਦੂਰੀਆਂ ਵੱਲ, ਕੋਲੇ ਦੇ ਪੀਪਿਆਂ ਚੋਂ ਭਰੀਆਂ ਬੋਰੀਆਂ ਵੱਲ, ਕੁੱਪੇ, ਟੋਕਰੇ, ਦਸਤੇ ਤੇ ਮਿਸਤਰੀ ਦੀ ਟੋਕਰੀ ਵਿਚ ਪਏ ਸੰਦਾਂ ਦੇ ਵੱਲ, ਗੀਤਕਾਰਾਂ ਦੇ ਦੁਖੀ ਗੀਤਾਂ ਦੀ ਪਾਠ-ਪੁਸਤਕ ਵਾਂਗ ਉਹਨਾਂ ਚੋਂ ਮਨੁੱਖ ਦੇ ਧਰਤੀ ਨਾਲ ਸਬੰਧ ਵਗ ਤੁਰਦੇ ਹਨ। ਚੀਜ਼ਾਂ ਦੀ ਵਰਤੋਂ ਵਿਚ ਆਉਂਦੀ ਉਤਲੀ ਸਤਹ, ਹੱਥਾਂ ਦੀ ਛੁਹ ਨਾਲ ਘਸੀਆਂ ਚੀਜ਼ਾਂ ਬਾਰੇ। ਹਵਾ, ਕਦੀ ਦੁਖਦਾਈ ਤੇ ਕਦੀ ਤਰਸਯੋਗ, ਅਜੇਹੀਆ ਸਭ ਚੀਜ਼ਾਂ, ਜਿਹੜੀਆਂ ਧਰਤੀ ਦੇ ਯਥਾਰਥ ਨੂੰ ਅਲੋਕਾਰ ਖਿੱਚ ਬਖਸ਼ਦੀਆਂ ਹਨ ਤੇ ਇਹਨਾਂ ਚੀਜ਼ਾਂ ਨੂੰ ਕਦੀ ਵੀ ਘਟਾ ਕੇ ਨਹੀਂ ਵੇਖੀਦਾ।

ਇਹਨਾਂ ਵਿਚ ਇਕ ਬੰਦਾ ਮਨੁੱਖੀ ਹਾਲਤ ਦੀ ਧੁੰਦਲੀ ਅਸ਼ੁੱਧਤਾ ਤੱਕਦਾ ਹੈ, ਚੀਜ਼ਾਂ ਦਾ ਇਕੱਠ ਹੋਣਾ, ਪਦਾਰਥਾਂ ਦੀ ਵਰਤੋਂ ਤੇ ਦੁਰਵਰਤੋਂ ਬਾਰੇ, ਪੈਰ ਚਿੰਨਾਂ ਤੇ ਉਂਗਲ ਦੇ ਨਿਸ਼ਾਨਾਂ ਬਾਰੇ ਅਤੇ ਬਾਹਰ

ਤੇ ਅੰਦਰ ਵਾਰ, ਸਾਰੀਆਂ ਚੀਜ਼ਾਂ ਤੇ ਤੱਥਾਂ ਨੂੰ ਲਪੇਟਣ ਵਾਲੀ ਸਦੀਵੀ ਮਨੁੱਖੀ ਹਾਜ਼ਰੀ ਬਾਰੇ ਵੇਖਦਾ ਹੈ।

ਇਹ ਹੈ ਕਵਿਤਾ, ਜਿਸ ਦੀ ਅਸੀਂ ਭਾਲ ਵਿਚ ਹਾਂ। ਹੱਥਾਂ ਦੀਆਂ ਜ਼ੁੰਮੇਵਾਰੀਆਂ ਨਾਲ ਘਸੀ ਹੋਈ ਜਿਵੇਂ ਤੇਜ਼ਾਬਾਂ ਨਾਲ, ਮੁੜ੍ਹਕੇ ਤੇ ਧੂੰਏ ਵਿਚ ਭਿੱਜੀ, ਚਿੱਟੇ ਲਿੱਲੀ ਦੇ ਫੁਲਾਂ ਤੇ ਪਿਸ਼ਾਬ ਦੀ ਗੰਧ ਵਰਗੀ। ਜਿਹੜੇ ਧੰਦੇ ਅਸੀਂ ਕਰਦੇ ਹਾਂ, ਉਹਨਾਂ ਚੋਂ ਵੰਨ ਸਵੰਨੇ ਛਿੱਟਿਆਂ ਨਾਲ ਲਿੱਬੜੀ ਕਵਿਤਾ ਏਨੀ ਅਸ਼ੁੱਧ ਜਿੰਨੇ ਸਾਡੇ ਪਹਿਨੇ ਹੋਏ ਕੱਪੜੇ, ਜਾਂ ਸਾਡੇ ਜਿਸਮ, ਸਾਬਣ ਦੇ ਧੱਬਿਆਂ ਵਾਲੀ ਸਾਡੇ ਸ਼ਰਮਨਾਕ ਵਿਹਾਰ ਨਾਲ ਲਿੱਬੜੀ, ਸਾਡੀਆਂ ਝੁਰੜੀਆਂ, ਜਗਰਾਤਿਆਂ, ਸੁਪਨਿਆਂ, ਵਿਚਾਰਾਂ ਭਵਿੱਖਬਾਣੀਆਂ, ਘਿਰਣਾ ਤੇ ਪਿਆਰ ਦੇ ਐਲਾਨਾਂ ਵਰਗੀ, ਲੋਕ-ਗੀਤਾਂ, ਪਸ਼ੂਆਂ ਤੇ ਇਲਜ਼ਾਮਾਂ ਤੋਂ ਇਨਕਾਰਾਂ, ਸ਼ੱਕਾਂ, ਪੁਸ਼ਟੀਆਂ ਤੇ ਟੈਕਸਾਂ ਵਰਗੀ।

ਵਾਗੀਆਂ ਦੇ ਗੀਤਾਂ ਦੇ ਸਿਧਾਂਤਾਂ ਵਰਗੀ ਛੁਹ, ਗੰਧ, ਸੁਆਦ, ਦ੍ਰਿਸ਼ਟੀ, ਸੁਣਨ, ਇਨਸਾਫ਼ ਦੇ ਜਜ਼ਬੇ, ਕਾਮ ਦੀ ਇੱਛਾ, ਸਮੁੰਦਰ ਦੀਆਂ ਅਵਾਜ਼ਾਂ ਵਾਲੀ, ਹਰ ਚੀਜ਼ ਨੂੰ ਜਾਣ ਬੁੱਝ ਕੇ ਰੱਦ ਕਰਦੀ ਤੇ ਕੁਝ ਵੀ ਪ੍ਰਵਾਨ ਨਾ ਕਰਦੀ, ਚੀਜ਼ਾਂ ਦੇ ਪਿਆਰ ਦੀਆਂ ਖੁਸ਼ੀਆਂ ਦੀ ਡੂੰਘਿਆਈ ਵਿਚ ਉਤਰਦੀ।

ਕਬੂਤਰ ਦੇ ਪੰਜੇ ਨਾਲ ਮੈਲੀ ਹੋਈ, ਪੱਕੀ ਰਸੀ ਹੋਈ ਕਵਿਤਾ। ਬਰਫ ਤੇ ਦੰਦਾਂ ਦੇ ਨਿਸ਼ਾਨਾਂ ਵਾਲੀ ਤੇ ਸ਼ਾਇਦ, ਸਾਡੇ ਮੁੜ੍ਹਕੇ ਦੀਆਂ ਬੂੰਦਾਂ ਵਾਲੀ ਤੇ ਵਰਤੋਂ ਵਿਚ ਆਉਣ ਵਾਲੀ, ਵੱਜ ਰਹੇ ਸਾਜ਼ ਦੀਆਂ ਧੀਰਜ-ਭਰੀਆਂ ਤਹਿਆਂ ਵਰਗੀ, ਤੇ ਲੱਕੜੀ ਦੇ ਔਜ਼ਾਰਾਂ ਦੇ ਮਾਣ ਵਾਲੀ, ਕੰਡਿਆਂ ਭਰੀ ਕੋਮਲਤਾ ਦੀ ਬਣਤਰ ਵਸੇ ਖਿੜ੍ਹੇ ਫੁੱਲ, ਪਾਣੀ ਤੇ ਕਣਕ ਦੇ ਆਟੇ ਦੀ ਇਕ ਵਡਮੁੱਲੀ ਸਾਂਝ ਹੈ, ਛੁਹ ਦੀ ਸ਼ਾਹਾਨਾ ਖਿੱਚ।

ਕਿਸੇ ਨੂੰ ਵੀ ਇਹ ਗੱਲਾਂ ਵਿਸਾਰਨ ਨਾ ਦਿਓ। ਦਿਲ ਛੱਡਣਾ, ਦੋਸ਼-ਰਹਿਤ ਤੇ ਅਸ਼ੁੱਧ ਨੀਰਸਤਾ, ਯਾਦ ਚੋਂ ਵਿਸਰੇ ਝੂਠੇ ਜੀਵ ਦੇ ਫੁੱਲ ਵਜੋਂ, ਜਨੂੰਨ ਦੇ ਤਿਆਗ ਵਿਚ ਢੱਕੀ ਹੋਈ ਚੰਨ-ਚਾਨਣੀ, ਇਕੱਠੇ ਹੋ ਰਹੇ ਧੂੰਏ ਵਿਚੋਂ ਦਿਸਦਾ ਹੰਸ, ਘਸੇ ਪਿਟੇ ਲਗਾਓ, ਯਕੀਨੀ ਤੌਰ ਤੇ ਇਹ ਕਵੀ ਲਈ ਮੌਕਾ ਹੈ, ਜ਼ਰੂਰੀ ਤੇ ਨਿਰਸੰਦੇਹ।

ਜਿਹੜੇ ਚੀਜਾਂ ਦੇ "ਮਾੜੇ ਸਵਾਦ" ਤੋਂ ਨੱਕ ਮੂੰਹ ਵੱਟਦੇ ਹਨ, ਉਹ ਬਰਫ਼ ਵਿਚ ਮੂੰਹ ਪਰਨੇ ਡਿੱਗ ਪੈਣਗੇ।

## 5. ਸ਼ਬਦ

ਸ੍ਰੀਮਾਨ ਜੀ, ਤੁਸੀਂ ਜੋ ਵੀ ਚਾਹੋ, ਕਹਿ ਸਕਦੇ ਹੋ। ਇਹ ਸ਼ਬਦ ਹਨ, ਜਿਹੜੇ ਗਾਉਂਦੇ ਹਨ, ਉੱਚਾ ਉੱਡਦੇ ਹਨ ਤੇ ਹੇਠਾਂ ਉਤਰਦੇ ਹਨ। ਮੈਂ ਉਹਨਾਂ ਅੱਗੇ ਸਿਰ ਝੁਕਾਉਂਦਾ ਹਾਂ। ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ। ਮੈਂ ਉਹਨਾਂ ਨੂੰ ਚੰਬੜ ਜਾਂਦਾ ਹਾਂ, ਥੱਲੇ ਸੁੱਟਦਾ ਹਾਂ, ਦੰਦੀ ਵੱਢਦਾ ਹਾਂ, ਉਹਨਾਂ ਨੂੰ ਪਿਘਲਾਉਂਦਾ ਹਾਂ।

ਮੈਂ ਸ਼ਬਦਾਂ ਨੂੰ ਕਿੰਨਾ ਪਿਆਰ ਕਰਦਾ ਹਾਂ, ਅਚਾਨਕ ਆਉਣ ਵਾਲੇ ਕਈਆਂ ਨੂੰ ਮੈਂ ਬੜੀ ਤੀਬਰਤਾ ਨਾਲ ਉਡੀਕਦਾ ਹਾਂ। ਹੌਲੀ ਹੌਲੀ ਸ਼ਿਕਾਰ ਖੇਡਦਾ ਹਾਂ ਤੇ ਉਹ ਅਚਾਨਕ ਝੜ ਕੇ ਡਿੱਗ ਪੈਂਦੇ ਹਨ। ਮੈਂ ਕਿਰਿਆਵਾਂ ਨੂੰ ਪਿਆਰ ਕਰਦਾ ਹਾਂ। ਉਹ ਰੰਗਦਾਰ ਗੀਟਿਆਂ ਵਾਂਗ ਚਮਕਦੇ ਹਨ। ਸੁਨਹਿਰੀ ਮੱਛੀ ਵਾਂਗ ਉਛਲਦੇ ਹਨ। ਉਹ ਝੱਗ ਵਾਂਗ ਹਨ, ਧਾਗੇ ਵਾਂਗ ਧਾਤ ਤੇ ਤਰੇਲ ਵਾਂਗ।

ਕੁਝ ਸ਼ਬਦਾਂ ਦੇ ਮੈਂ ਮਗਰ ਭੱਜਦਾ ਹਾਂ। ਉਹ ਏਨੇ ਸੁੰਦਰ ਹੁੰਦੇ ਹਨ ਕਿ ਮੈਂ ਉਹਨਾਂ ਸਾਰਿਆਂ ਨੂੰ



ਆਪਣੀ ਕਵਿਤਾ ਵਿਚ ਜੜ੍ਹ ਲੈਣਾ ਚਾਹੁੰਦਾ ਹਾਂ। ਮੈਂ ਉਹਨਾਂ ਨੂੰ ਅਰਧ-ਉਡਾਰੀ ਵਿਚ ਪਕੜਨਾ ਚਾਹੁੰਦਾ ਹਾਂ, ਜਦੋਂ ਉਹ ਭੀਂ ਭੀਂ ਕਰਦੇ ਹਨ, ਮੈਂ ਉਹਨਾਂ ਨੂੰ ਘੇਰਦਾ ਹਾਂ, ਸਾਫ ਕਰਦਾ ਹਾਂ, ਛਿੱਲਦਾ ਹਾਂ ਤੇ ਸਾਹਮਣੇ ਪਈ ਪਲੇਟ ਵਿਚ ਸਜਾਉਂਦਾ ਹਾਂ। ਉਹਨਾਂ ਦੀ ਬਲੌਰਾਂ ਵਰਗੀ ਬਣਤਰ ਹੈ। .... ਥਰਥਰਾਉਂਦੇ, ਸ਼ੀਸ਼ੇ ਵਰਗੇ, ਸਬਜ਼ੀਆਂ ਵਰਗੇ, ਤੇਲ-ਭਰੇ ਫਲਾਂ ਵਰਗੇ, ਕੀਮਤੀ ਸੁਲੇਮਾਨੀ ਪੱਥਰਾਂ ਵਰਗੇ। ਜੈਤੂਨ ਵਰਗੇ।

ਤੇ ਫਿਰ ਮੈਂ ਉਹਨਾਂ ਨੂੰ ਹੌਲੀ ਹੌਲੀ ਖੋਰਦਾ ਹਾਂ, ਹਿਲਾਉਂਦਾ ਹਾਂ, ਘੁੱਟ ਘੁੱਟ ਪੀਂਦਾ ਹਾਂ, ਇੱਕੋ ਘੁੱਟੇ ਅੰਦਰ ਸੁੱਟਦਾ ਹਾਂ, ਪੀਂਹਦਾ ਹਾਂ, ਚਮਕਾਉਂਦਾ ਹਾਂ ਤੇ ਖੁੱਲ੍ਹੇ ਛੱਡ ਦਿੰਦਾ ਹਾਂ। ਆਪਣੀ ਕਵਿਤਾ ਵਿਚ ਮੈਂ ਚੂਨੇ ਦੀਆਂ ਢੇਲੀਆਂ ਵਾਂਗ ਰਹਿਣ ਦਿੰਦਾ ਹਾਂ। ਪਾਲਿਸ਼ ਕੀਤੀ ਲੱਕੜੀ ਦੇ ਸੱਕਾਂ ਵਰਗੇ, ਕੋਲੇ ਵਰਗੇ, ਤਬਾਹ ਹੋਏ ਜਹਾਜ਼ ਦੇ ਟੁਕੜਿਆਂ ਵਰਗੇ, ਲਹਿਰਾਂ ਦੇ ਤੋਹਫੇ।

ਸ਼ਬਦ ਵਿਚ ਹਰ ਚੀਜ਼ ਹੈ। ਇਕ ਵਿਚਾਰ ਵਿਚ ਮੁਕੰਮਲ ਪ੍ਰੀਵਰਤਨ ਆ ਜਾਂਦਾ ਹੈ, ਕਿਉਂਕਿ ਇਕ ਸ਼ਬਦ ਦੀ ਪਹਿਲੀ ਥਾਂ ਬਦਲ ਦਿੱਤੀ ਗਈ ਸੀ, ਉਹਨਾਂ ਦਾ ਪ੍ਰਛਾਵਾਂ, ਪਾਰਦਰਸ਼ਤਾ, ਵਜ਼ਨ, ਖੰਭ, ਵਾਲ, ਹੁੰਦੇ ਹਨ ਤੇ ਦਰਿਆ ਵਿਚ ਰੁੜ੍ਹਦਿਆਂ ਜੋ ਕੁਝ ਵੀ ਇਹਨਾਂ ਨੂੰ ਮਿਲਿਆ ਹੋਵੇ ਜਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਘੁੰਮਦਿਆਂ ਤੇ ਲੰਮੀਆਂ ਜੜ੍ਹਾਂ ਕਾਰਨ ਜੋ ਵੀ ਮਿਲਿਆ ਹੋਵੇ। ਸ਼ਬਦ ਬਹੁਤ ਪ੍ਰਾਚੀਨ ਵੀ ਹੁੰਦੇ ਹਨ ਤੇ ਨਵੀਨ ਵੀ। ਉਹ ਮਕਬਰੇ ਵਿਚ ਲੁਕੇ ਹੋਏ ਵੀ ਹੁੰਦੇ ਹਨ ਤੇ ਖਿੜ ਰਹੇ ਫੁੱਲ ਵਿਚ ਵੀ। ਮੇਰੀ ਭਾਸ਼ਾ ਕਿੰਨੀ ਮਹਾਨ ਹੈ। ਇਹ ਸਾਨੂੰ ਮਹਾਨ ਜੇਤੂਆਂ ਤੋਂ ਵਿਰਸੇ ਵਿਚ ਮਿਲੀ ਸੁੰਦਰ ਭਾਸ਼ਾ ਹੈ। ....ਉਹ ਮਹਾਨ ਪਰਬਤ-ਮਾਲਾ ਤੇ ਤੁਰਦੇ ਰਹੇ, ਅੱਖੜ ਅਮਰੀਕੀ ਧਰਤੀ, ਤੁਰਦੇ ਰਹੇ ਅਤੇ ਆਲੂ ਸੌਸ, ਲੋਬੀਆ, ਕਾਲਾ ਤਮਾਕੂ, ਸੋਨਾ, ਅਨਾਜ, ਭੁੱਜੇ ਆਂਡੇ, ਲੱਭਦੇ ਰਹੇ ਤੇ ਉਹਨਾਂ ਉਹ ਭੇਖੜਾ ਵਿਖਾਇਆ ਜਿਹੜਾ ਫਿਰ ਕਦੇ ਨਜ਼ਰ ਨਹੀਂ ਆਇਆ।

ਉਹਨਾਂ ਹਰ ਚੀਜ਼ ਚੱਟਮ ਕਰ ਲਈ। ਧਰਮ ਪਿਰਾਮਿਡ, ਜਾਤੀਆਂ, ਮੂਰਤੀਆਂ ਵੀ, ਉਸੇ ਤਰ੍ਹਾਂ ਜਿਸ ਤਰ੍ਹਾਂ ਦੀਆਂ ਉਹ ਆਪਣੀਆਂ ਬੋਰੀਆਂ ਵਿਚ ਲਿਆਏ ਸੀ, ਉਹ ਜਿਥੇ ਵੀ ਗਏ, ਧਰਤੀ ਪੱਧਰੀ ਕਰੀ ਗਏ।

ਪਰ ਸ਼ਬਦ ਗੀਟਿਆਂ ਵਾਂਗ, ਜਾਂਗਲੀ ਲੋਕਾਂ ਦੀਆਂ ਪੇਟੀਆਂ ਚੋਂ ਉਹਨਾਂ ਦੀਆਂ ਦਾਹੜੀਆਂ, ਲੋਹ-ਟੋਪਾਂ, ਘੋੜਿਆਂ ਦੀਆਂ ਖੁਰੀਆਂ ਚੋਂ ਡਿੱਗਦੇ ਰਹੇ। ਚਮਕਦਾਰ ਸ਼ਬਦ ਦਮਕਾਂ ਮਾਰਨ ਲਈ ਪਿੱਛੇ ਰਹਿ ਗਏ। ....ਅਸੀਂ ਜਿੱਤਦੇ ਰਹੇ, ਅਸੀਂ ਹਰਦੇ ਰਹੇ। ਉਹ ਸੋਨਾ ਚੁੱਕ ਕੇ ਲੈ ਗਏ ਤੇ ਸਾਡੇ ਲਈ ਸੋਨਾ ਛੱਡ ਗਏ। ਉਹ ਹਰ ਚੀਜ਼ ਲੈ ਗਏ ਪਰ ਸਭ ਕੁਝ ਛੱਡ ਗਏ। ਉਹ ਸਾਡੇ ਲਈ ਸ਼ਬਦ ਛੱਡ ਗਏ।

## 6. ਕਵਿਤਾ

ਕਿੰਨੀਆਂ ਕਲਾ-ਕ੍ਰਿਤੀਆਂ! ... ਹੁਣ ਉਹਨਾਂ ਲਈ ਧਰਤੀ ਤੇ ਹੋਰ ਥਾਂ ਨਹੀਂ ਰਹਿ ਗਈ। ਉਹਨਾਂ ਨੂੰ ਹੁਣ ਕਮਰਿਆਂ ਤੋਂ ਬਾਹਰ ਹੀ ਰੱਖਣਾ ਪਵੇਗਾ। ਕਿੰਨੀਆਂ ਕਿਤਾਬਾਂ ਹਨ। ....ਇਹਨਾਂ ਸਾਰੀਆਂ ਨੂੰ ਕੌਣ ਪੜ੍ਹ ਸਕਦਾ ਹੈ। ਕਿੰਨੀਆਂ ਛੋਟੀਆਂ ਪੁਸਤਕਾਂ।....ਜੇ ਇਹ ਭੋਜਨ ਹੁੰਦਾ। ਜੇ ਵੱਡੇ ਕਾਲ ਸਮੇਂ, ਅਸੀਂ ਸਲਾਦ ਸੁੱਟਿਆ ਹੁੰਦੇ, ਕੱਟ ਕੇ ਤੇ ਉੱਤੇ ਕੱਪੜਾ ਪਾਇਆ ਹੁੰਦਾ। ਅਸੀਂ ਅੱਕ ਗਏ ਹਾਂ। ਸੰਸਾਰ ਕਿਤਾਬਾਂ ਦੇ ਹੜ੍ਹ ਵਿਚ ਰੁੜ੍ਹਦਾ ਜਾਂਦਾ ਹੈ।

'ਰੇਵਰਦੀ' ਨੇ ਮੈਨੂੰ ਕਿਹਾ ਸੀ, "ਮੈਂ ਡਾਕਖਾਨੇ ਵਾਲਿਆਂ ਨੂੰ ਕਹਿ ਦਿੱਤਾ ਸੀ ਕਿ ਮੈਨੂੰ ਇਹ ਦੇਣ ਨਾ ਆਇਆ ਕਰੋ। ਮੈਂ ਇਹ ਖੋਲ੍ਹ ਨਹੀਂ ਸਕਦਾ। ਮੇਰੇ ਕੋਲ ਜਗ੍ਹਾ ਨਹੀਂ ਹੈ। ਉਹ ਛੱਤਾਂ ਤੀਕ ਚਲੇ ਗਈਆਂ ਸਨ। ਮੈਂ ਤਬਾਹੀ ਤੋਂ ਡਰਦਾ ਸੀ। ਉਹ ਮੇਰਾ ਬਿਸਤਰਾ ਘੇਰੀ ਆ ਰਹੀਆਂ ਸਨ।"

ਈਲੀਅਟ ਨੂੰ ਕੌਣ ਨਹੀਂ ਜਾਣਦਾ ? ਇਕ ਨਾਟਕਕਾਰ, ਤੇ ਤਸਵੀਰਾਂ ਬਣਾਉਣ ਵਾਲਾ ਤੇ ਸ਼ਾਨਦਾਰ ਆਲੋਚਨਾ ਲਿਖਣ ਤੋਂ ਪਹਿਲਾਂ, ਉਹ ਮੇਰੀਆਂ ਕਵਿਤਾਵਾਂ ਪੜ੍ਹਦਾ ਹੁੰਦਾ ਸੀ। ਮੈਂ ਫੂਕ ਛੱਕ ਜਾਂਦਾ। ...ਉਸ ਤੋਂ ਵੱਧ ਇਹਨਾਂ ਨੂੰ ਕੌਣ ਸਮਝਦਾ ਸੀ ? ਫਿਰ ਇਕ ਦਿਨ ਉਸ ਨੇ ਮੈਨੂੰ ਆਪਣੀਆਂ ਕਵਿਤਾਵਾਂ ਸੁਣਾਉਣੀਆਂ ਆਰੰਭ ਕਰ ਦਿੱਤੀਆਂ ਤੇ ਮੈਂ ਸਵਾਰਥੀ ਭਾਵਨਾ ਅਧੀਨ ਭੱਜ ਉਠਿਆ ਤੇ ਰੋਸ ਕੀਤਾ, "ਮੈਨੂੰ ਇਹ ਪੜ੍ਹ ਕੇ ਨਾ ਸੁਣਾ। ਬਿਲਕੁਲ ਨਾ ਸੁਣਾਈਂ।" ਮੈਂ ਗੁਸਲਖਾਨੇ ਵਿਚ ਵੜ ਕੇ ਜੰਦਰਾ ਮਾਰ ਲਿਆ। ਪਰ ਈਲੀਅਟ ਨੇ ਬੰਦ ਬੂਹੇ ਦੇ ਵਿਚੋਂ ਵੀ ਮੈਨੂੰ ਪੜ੍ਹ ਕੇ ਸੁਣਾਈਆਂ। ਮੈਂ ਉਪਰਾਮ ਹੋ ਗਿਆ। ਸਕਾਟਲੈਂਡਵਾਸੀ ਕਵੀ ਫਰੇਜ਼ਰ ਉੱਥੇ ਸੀ। ਉਹ ਧਮਾਕੇ ਵਾਂਗ ਗਰਜਿਆ, "ਤੁਸੀਂ ਈਲੀਅਟ ਨਾਲ ਇੰਝ ਵਿਵਹਾਰ ਕਿਉਂ ਕਰਦੇ ਹੋ ?"

ਮੈਂ ਉੱਤਰ ਦਿੱਤਾ, "ਮੈਂ ਆਪਣਾ ਪਾਠਕ ਗਵਾਉਣਾ ਨਹੀਂ ਚਾਹੁੰਦਾ। ਮੈਂ ਉਸ ਦੀ ਬੜੀ ਮਿਹਨਤ ਨਾਲ ਪਾਲਣਾ-ਪੋਸਣਾ ਕੀਤੀ ਹੈ। ਉਹ ਤਾਂ ਮੇਰੀ ਕਵਿਤਾ ਦੀਆਂ ਤਿਉੜੀਆਂ ਤੋਂ ਵੀ ਵਾਕਫ਼ ਹੋ ਚੁੱਕਾ ਹੈ।...ਈਲੀਅਟ ਵਿਚ ਕਿੰਨੀ ਪ੍ਰਤਿਭਾ ਹੈ। ....ਉਹ ਚਿੱਤਰ ਬਣਾ ਸਕਦਾ ਹੈ। ....ਉਹ ਲੇਖ ਲਿਖਦਾ ਹੈ। .....ਪਰ ਮੈਂ ਇਹ ਪਾਠਕ ਰੱਖਣਾ ਚਾਹੁੰਦਾ ਹਾਂ। ਬਚਾ ਕੇ ਰੱਖਣਾ, ਮੈਂ ਇਸ ਨੂੰ ਇਕ ਵਲਾਇਤੀ ਬੂਟੇ ਵਾਂਗ ਪਾਣੀ ਦੇਣਾ ਚਾਹੁੰਦਾ ਹਾਂ। ਫਰੇਜ਼ਰ ਤੂੰ ਮੈਨੂੰ ਸਮਝਦਾ ਹੈ।"

ਕਿਉਂਕਿ, ਅਸਲ ਵਿਚ ਜੇ ਇਹ ਗੱਲ ਜਾਰੀ ਰਹਿੰਦੀ ਹੈ, ਤਾਂ ਕਵੀ ਸਿਰਫ਼ ਕਵੀਆਂ ਲਈ ਹੀ ਛਪਿਆ ਕਰਨਗੇ। ...ਹਰ ਕੋਈ ਆਪਣੀ ਆਪਣੀ ਕਿਤਾਬੜੀ ਕੱਢੇਗਾ ਤੇ ਦੂਸਰੇ ਦੀ ਜੇਬ ਵਿਚ ਪਾ ਦੇਵੇਗਾ। ......ਉਸ ਦੀ ਕਵਿਤਾ ? ........ ਇਹ ਉਹ ਦੂਸਰੇ ਦੀ ਪਲੇਟ ਵਿਚ ਰੱਖ ਦਿਆ ਕਰੇਗਾ।....ਇਕ ਦਿਨ 'ਕੁਈ ਵੇਦੋ' ਨੇ ਆਪਣੀ ਪੁਸਤਕ ਬਾਦਸ਼ਾਹ ਦੇ ਰੁਮਾਲ ਹੇਠਾਂ ਰੱਖ ਦਿੱਤੀ।... ਇਹ ਸੀ ਵੀ ਕੰਮ ਦੀ ਗੱਲ। ਕਵਿਤਾ ਨੂੰ ਨਗਰ ਦੇ ਚੌਂਕ ਵਿਚ ਸਿਖਰ-ਦੁਪਹਿਰੇ ਛੱਡ ਦੇਣਾ। ...ਜਾਂ ਫਿਰ ਕਿਤਾਬਾਂ ਨੂੰ ਗਲਣ ਦੇਣਾ, ਮਨੁੱਖਤਾ ਦੀਆਂ ਉਂਗਲਾਂ ਵਿਚ ਲੀਰਾਂ ਲੀਰਾਂ ਹੋਣ ਦੇਣਾ।

ਫ਼ੇਰ ਇਹ ਗੱਲ, ਜਦੋਂ ਕਿ ਇਕ ਕਵੀ ਸਿਰਫ਼ ਦੂਸਰੇ ਕਵੀਆਂ ਲਈ ਹੀ ਛਪਦਾ ਹੈ, ਮੈਨੂੰ ਖਿੱਚ ਨਹੀਂ ਪਾਉਂਦੀ। ਕੋਈ ਲਾਲਚ ਪੈਦਾ ਨਹੀਂ ਹੁੰਦਾ, ਸਗੋਂ ਪ੍ਰਕਿਰਤੀ ਦੇ ਜੰਗਲਾਂ ਵਿੱਚ ਪੱਥਰ ਜਾਂ ਲਹਿਰ ਸਾਹਮਣੇ, ਪ੍ਰਕਾਸ਼ਨ-ਘਰਾਂ ਤੋਂ ਦੂਰ, ਛਪੇ ਹੋਏ ਸਫੇ ਨੂੰ ਡੂੰਘਾ ਦਫ਼ਨ ਕਰਨ ਲਈ ਮਜਬੂਰ ਕਰਦੀ ਹੈ।

ਕਵਿਤਾ ਦਾ ਪਾਠਕ ਨਾਲੋਂ ਨਾਤਾ ਟੁੱਟ ਗਿਆ ਹੈ। ਉਹ ਪਹੁੰਚ ਤੋਂ ਪਰੇ ਹੋ ਗਿਆ ਹੈ। ....ਕਵਿਤਾ ਨੂੰ ਇਹ ਵਾਪਸ ਨੇੜੇ ਸੱਦਣਾ ਪਵੇਗਾ। ...ਇਸ ਨੂੰ ਹਨੇਰੇ ਵਿਚ ਤੁਰਨਾ ਪਵੇਗਾ ਤੇ ਆਦਮੀ ਦੇ ਦਿਲ ਦੇ ਰੂ-ਬ-ਰੂ ਔਰਤ ਦੀਆਂ ਅੱਖਾਂ, ਗਲੀ ਵਿਚਲੇ ਓਪਰੇ ਮਨੁੱਖਾਂ ਦੇ ਰੂ-ਬ-ਰੂ ਖਲੋਣਾ ਪਵੇਗਾ। ਉਹਨਾਂ ਬੰਦਿਆਂ ਦੇ ਸਾਹਮਣੇ ਜਿਹੜੇ ਘੁਸਮੁਸੇ ਵਿਚ ਜਾਂ ਤਾਰਿਆਂ ਭਰੀ ਰਾਤ ਵਿਚਕਾਰ, ਘੱਟ-ਘੱਟ ਕਵਿਤਾ ਦੀ ਇਕ ਅੱਧੀ ਸਤਰ ਦੀ ਲੋੜ ਅਨੁਭਵ ਕਰਦੇ ਹਨ।

ਅਣਕਿਆਸੇ ਵੱਲ ਦੀ ਇਹ ਯਾਤਰਾ, ਕੱਟ ਪੰਧ ਦੇ ਮੁੱਲ ਦੇ ਯੋਗ ਹੋਵੇਗੀ। ਹਰ ਪੜ੍ਹੀ ਤੇ ਹਰ ਸਿੱਖੀ ਗੱਲ ਦੇ ਬਰਾਬਰ ਦੀ। ਸਾਨੂੰ ਉਹਨਾਂ ਲੋਕਾਂ ਦੇ ਵਿਚਕਾਰ ਅਲੋਪ ਹੋਣਾ ਪਵੇਗਾ, ਜਿਹਨਾਂ ਨੂੰ ਕਿ ਅਸੀਂ ਜਾਣਦੇ ਵੀ ਨਹੀਂ, ਤਾਂ ਕਿ ਉਹ ਅਚਾਨਕ ਹੀ, ਗਲੀ ਚੋਂ ਰੇਤ ਚੋਂ ਜਾਂ ਇਕੋ ਹੀ ਜੰਗਲ ਵਿਚ ਹਜ਼ਾਰਾਂ ਸਾਲਾਂ ਤੋਂ ਕਿਰੇ ਪੱਤਿਆਂ ਵਿਚੋਂ ਸਾਡੀ ਕੋਈ ਚੀਜ਼ ਅਚਾਨਕ ਹੀ ਚੁੱਕ ਲੈਣ। ਤੇ ਉਹ ਉਸ ਵਸਤੂ ਨੂੰ ਚੁਪਕੇ ਜਹੇ ਚੁੱਕ ਲੈਣ, ਜਿਹੜੀ ਕਿ ਅਸੀਂ ਬਣਾਈ ਹੈ। ..ਸਿਰਫ਼ ਫਿਰ ਹੀ ਅਸੀਂ ਸੱਚੇ ਅਰਥਾਂ ਵਿਚ ਕਵੀ ਹੋਵਾਂਗੇ। ...ਉਸ ਚੀਜ਼ ਵਿਚ, ਕਵਿਤਾ ਜੀਉਂਦੀ ਰਹੇਗੀ। ❖





## ਪਾਬਲੋ ਨੇਰੂਦਾ ਦੀ ਕਵਿਤਾ / *ਡਾ. ਨਾਮਵਰ ਸਿੰਘ*

ਪਾਬਲੋ ਨੇਰੂਦਾ ਦੀਆਂ ਕਵਿਤਾਵਾਂ ਪੜ੍ਹਨ ਤੇ ਅਨੁਵਾਦ ਕਰਨ ਦੇ ਸਮੇਂ ਉਸ ਦੇ ਰੂਸੀ ਮਿੱਤਰ ਇਲੀਆਂ ਇਹਰਨਬਰਗ ਨੂੰ ਉਸ ਦੀ ਕਵਿਤਾ ਵਿਚ 'ਜੜ੍ਹ' ਤੇ 'ਜੜ੍ਹਾਂ' ਏਨੀ ਗਿਣਤੀ ਵਿਚ ਤੇ ਮਾਤਰਾ ਵਿਚ ਮਿਲੀਆਂ ਕਿ ਉਸ ਨੇ ਕਵੀ ਨੂੰ ਪਿਆਰ ਨਾਲ ਝਿੜਕਦੇ ਹੋਏ ਪੁਛਿਆ 'ਆਖਰ ਏਨੀਆਂ ਕਿਉਂ ?'

ਵਰ੍ਹਿਆਂ ਬਾਅਦ, ਆਖਰੀ ਘੜੀਆਂ ਵਿਚ ਨੇਰੂਦਾ ਨੇ ਪੁਰਾਣੀਆਂ ਯਾਦਾਂ ਦਾ ਲੇਖਾ ਜੋਖਾ ਕਰਦੇ ਹੋਏ ਨੂੰ ਇਹ ਗੱਲ ਯਾਦ ਆਈ। ਲਿਖਦੇ ਨੇ;

"ਇਹ ਸੱਚ ਹੈ। ਸਰਹੱਦੀ ਇਲਾਕਿਆਂ ਨੇ ਮੇਰੀ ਕਵਿਤਾ ਵਿਚ ਆਪਣੀਆਂ ਜੜ੍ਹਾਂ ਲਾ ਲਈਆਂ ਸਨ ਤੇ ਇਹਨਾਂ ਜੜ੍ਹਾਂ ਨੇ ਆਪਣੇ ਆਪ ਨੂੰ ਫਿਰ ਕਦੀ ਅਲੱਗ ਨਹੀਂ ਕੀਤਾ। ਮੇਰਾ ਜੀਵਨ ਇਕ ਲੰਮੀ ਤੀਰਥ-ਯਾਤਰਾ ਹੈ, ਜਿਸ ਦਾ ਅੰਤ ਹਮੇਸ਼ਾ ਦੱਖਣ ਦੇ ਉਹਨਾਂ ਜੰਗਲਾਂ ਵਿਚ ਹੁੰਦਾ ਰਿਹਾ ਹੈ, ਤੇ ਮੈਂ ਆਪਣੇ ਆਪ ਤੋਂ ਤੁਰ ਕੇ ਆਪਣੇ ਆਪ ਵੱਲ ਹੀ ਪਰਤਦਾ ਰਿਹਾ ਹਾਂ। ਉਹਨਾਂ ਹੀ ਜੰਗਲਾਂ ਵਿਚ ਜਿਨ੍ਹਾਂ ਨਾਲੋਂ ਕੁਝ ਦੇਰ ਲਈ ਵਿਛੜ ਗਿਆ ਸੀ।

"ਉਥੇ ਵਿਸ਼ਾਲ ਬਿਰਖ ਨੇ ਜੋ ਆਪਣੀ ਸੱਤ ਸੌ ਸਾਲਾਂ ਦੀ ਸ਼ਾਨਦਾਰ ਜ਼ਿੰਦਗੀ ਵਿਚ ਕਦੇ ਕਦੇ ਕੱਟੇ ਵੀ ਜਾਂਦੇ ਨੇ। ਕਦੇ ਤੂਫਾਨਾਂ ਵਿਚ ਉੱਖੜੇ, ਕਦੇ ਬਰਫ ਵਿਚ ਮਾਰੇ ਗਏ, ਜਾਂ ਅੱਗ ਨਾਲ ਤਬਾਹ ਹੋਏ। ਮੈਂ ਦੇਵ-ਕੱਦ ਰੁੱਖਾਂ ਨੂੰ ਡੂੰਘੇ ਜੰਗਲ ਵਿਚ ਉਖੜਦੇ ਸੁਣਿਆ ਹੈ। ਬਲੂਤ ਦੇ ਬਿਰਖ ਨੂੰ ਪਰਲੋ ਦੀ ਦਬਾਈ ਹੋਈ ਚੀਖ਼ ਨਾਲ ਡਿਗਦੇ ਸੁਣਿਆ ਹੈ, ਜਿਵੇਂ ਕੋਈ ਦਾਨਵੀ ਹੱਥ ਨਾਲ ਧਰਤੀ ਦੇ ਬੂਹਿਆਂ 'ਤੇ ਦਫਨ ਕਰਨ ਲਈ ਪੁੱਛ ਰਿਹਾ ਹੋਵੇ।"

"ਪਰ ਜੜ੍ਹਾਂ ਫੇਰ ਵੀ, ਖੁੱਲ੍ਹੇ ਮੈਦਾਨ ਵਿਚ ਪਈਆਂ ਆਪਣੇ ਦੁਸ਼ਮਣ ਸਮੇਂ ਦੀ, ਸਲਾਬ ਦੀ ਲਿਚਨ ਘਾਹ ਦੀ ਇਕ ਤੋਂ ਦੂਸਰੀ ਤਬਾਹੀ ਦੀ ਮਾਰ ਹੇਠ ਸਨ।"

ਉਹਨਾਂ ਵੱਡੇ, ਖੁੱਲ੍ਹੇ ਹੱਥਾਂ, ਜੋ ਜ਼ਖਮੀ ਸਨ ਜਾਂ ਜਲੇ ਹੋਏ, ਨਾਲੋਂ ਵੱਧ ਸੁੰਦਰ, ਹੋਰ ਕੀ ਸੀ, ਜਦੋਂ ਸਾਡਾ ਵਾਹ ਜੰਗਲ ਦੇ ਰਸਤੇ ਨਾਲ ਪੈਂਦਾ ਹੈ। ਜਲੇ ਹੋਏ ਬਿਰਖਾਂ ਦਾ ਭੇਤ ਉਹ ਰਹੱਸ ਜਿਸ ਨੇ ਪੱਤਿਆਂ ਦੀ ਪਾਲਣਾ ਕੀਤੀ, ਬਨਸਪਤੀ ਦੀ ਸਲਤਨਤ ਦੇ ਡੂੰਘਾਈ ਤੀਕ ਜਾਣ ਵਾਲੇ ਪੱਠਿਆਂ ਦੀ ਪਾਲਣਾ। ਦੁਖਾਂਤਕ ਤੇ ਖੁਰਦਰੇ ਇਹ ਬਿਰਖ ਸਾਨੂੰ ਇਕ ਨਵੀਂ ਸੁੰਦਰਤਾ ਦੇ ਦਰਸ਼ਨ ਕਰਾਉਂਦੇ ਹਨ। ਉਹ ਬੁੱਤ ਹਨ ਜੋ ਧਰਤੀ ਨੇ ਢਾਲ ਕੇ ਬਣਾਏ ਸਨ। ਕੁਦਰਤ ਦੇ ਗੁਪਤ ਸ਼ਾਹਕਾਰ।"

"ਕੁਝ ਦਿਨਾਂ ਬਾਅਦ ਜਦੋਂ ਮੈਂ ਅਰਜਨ ਟਾਈਨਾ ਦੇ ਨਾਲ ਲੱਗਦੇ ਪਹਾੜਾਂ ਦੇ ਪਾਰ ਵੱਲ ਜਾ ਰਿਹਾ ਸੀ, ਵੱਡੇ ਰੁੱਖਾਂ ਦੇ ਹਰੇ ਗੁਬੰਦਾਂ ਦੇ ਹੇਠ, ਅਗਲੇ ਪਾਸੇ ਇਕ ਰੁਕਾਵਟ ਵਿਖਾਈ ਦਿੰਦੀ ਸੀ, ਉਹਨਾਂ ਵਿਚੋਂ ਇਕ ਦੀ ਜੜ੍ਹ ਜੋ ਸਾਡੇ ਘੋੜ-ਸਵਾਰਾਂ ਨਾਲੋਂ ਉੱਚੀ ਸੀ ਤੇ ਸਾਡਾ ਰਾਹ ਰੋਕੀ ਖੜ੍ਹੀ ਸੀ। ਸਖ਼ਤ ਮਿਹਨਤ ਤੇ ਕੁਹਾੜੇ ਨੇ ਸਾਡਾ ਲਾਂਘਾ ਸੰਭਵ ਬਣਾਇਆ। ਉਹ ਜੜ੍ਹਾਂ ਉਲਟਾਏ ਹੋਏ ਗਿਰਜਿਆਂ ਵਰਗੀਆਂ ਸਨ। ਮਹਾਨਤਾ ਜੋ ਆਪਣੀ ਸ਼ਾਨ ਨਾਲ ਸਾਨੂੰ ਪ੍ਰਭਾਵਤ ਕਰਨ ਲਈ ਨੰਗੀ ਕੀਤੀ ਹੋਈ ਸੀ।"

ਏਸੇ ਪ੍ਰਸੰਗ ਵਿਚ ਅਚਾਨਕ ਹੀ ਨੇਰੂਦਾ ਦੀ ਕਵਿਤਾ 'ਰੁਕੋ, ਐ ਪ੍ਰਿਥਵੀ' ਯਾਦ ਆਉਂਦੀ ਹੈ। ਸੰਜੋਗ ਨਾਲ ਇਸ ਕਵਿਤਾ ਵਿਚ ਵੀ, "ਆਪਣੀਆਂ ਜੜ੍ਹਾਂ ਦੀ ਮਹਾਨਤਾ" ਦਾ ਜ਼ਿਕਰ ਹੈ, ਕਵਿਤਾ ਵਿਚ ਪ੍ਰਿਥਵੀ ਨੂੰ ਆਪਣੇ ਪਾਸ ਵਾਪਸ ਆਉਣ ਦੇ ਨਾਲ ਹੀ ਜਿਹਨਾਂ ਚੀਜ਼ਾਂ ਨੂੰ ਵਾਪਸ ਕਰਨ ਦੀ ਗੱਲ ਆਖੀ ਗਈ ਹੈ, ਉਹਨਾਂ ਵਿਚ ਸ਼ਾਮਲ ਹੈ, ਪੁਰਾਣੇ ਜੰਗਲ ਦੀ ਬਾਰਸ਼ ਤੇ ਖੁਸ਼ਬੂ, ਦੇਵਦਾਰ ਦੇ ਰੁੱਖ ਦੀ ਗੰਧ, ਉੱਚੇ ਆਗਉਕਾਰੀਓ, ਨਾਂ ਦੇ ਰੁੱਖ ਦੇ ਬੇਚੈਨ ਝੁੰਡਾਂ ਦੇ ਵਿਚਕਾਰ ਦਿਲ ਵਾਂਗੂੰ

ਧੜਕਦੀ ਹੋਈ ਹਵਾ, ਨਦੀ ਦੇ ਕੰਢੇ ਦੀ ਸਿੱਲ੍ਹ ਅਤੇ ਚਰਾਗਾਂ ਦੀ ਸੁੰਨਸਾਨ ਸ਼ਾਂਤੀ ਤੇ ਅੰਤ ਵਿਚ।

ਖਾਮੋਸ਼ੀ ਦੇ ਉਹ ਮੀਨਾਰ,
ਜੋ ਉੱਠੇ ਸਨ ਆਪਣੀ ਮਹਾਨਤਾ ਕਾਰਨ
ਜਾਣਾ ਚਾਹੁੰਦਾ ਹਾਂ ਵਾਪਸ ਮੈਂ ਉਹ ਬਣਨ
ਜੋ ਮੈਂ ਨਹੀਂ ਸੀ
ਵਾਪਸ ਜਾ ਕੇ ਉਨੀ ਹੀ ਡੂੰਘਾਈ ਨਾਲ ਸਿੱਖਣ
ਭਾਵੇਂ ਸਭ ਪ੍ਰਕ੍ਰਿਤਕ ਚੀਜ਼ਾਂ ਦੇ ਵਿਚਕਾਰ
ਮੈਂ ਜੀ ਸਕੂੰਗਾ ਜਾਂ ਨਾ ਜੀ ਸਕੂੰ
ਕੋਈ ਬਾਤ ਨਹੀਂ
ਇਕ ਹੋਰ ਪੱਥਰ ਹੋਣਾ, ਉਹ ਕਾਲਾ ਪੱਥਰ
ਉਹ ਖਾਲਸ ਪੱਥਰ
ਜਿਸ ਨੂੰ ਲੈ ਜਾਂਦੀ ਹੈ ਨਦੀ ਆਪਣੇ ਨਾਲ।

ਨੇਰੂਦਾ ਨੇ ਵਾਰ ਵਾਰ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਉਹਨਾਂ ਦੀ ਕਵਿਤਾ ਵਿਚ ਜੰਗਲੀ ਚਿੜੀਆਂ ਦੀ ਚਹਿਕਾਰ ਤੇ ਸਮੁੰਦਰ ਦੀਆਂ ਦੂਰ ਤੋਂ ਆਉਂਦੀਆਂ ਆਵਾਜ਼ਾਂ ਪ੍ਰਗਟ ਹੁੰਦੀਆਂ ਹਨ। ਬੜੇ ਫ਼ਖਰ ਨਾਲ ਉਹ ਚਿੱਲੀ ਦੀਆਂ ਚਿੜੀਆਂ ਅਤੇ ਢੇਰ ਸਾਰੀਆਂ ਪੱਤੀਆਂ ਨੂੰ ਕੋਂਪ ਕਹਿੰਦੇ ਹਨ। ਆਪਣੇ ਉਸ ਬਚਪਨ ਨੂੰ ਉਹ ਕਦੀ ਭੁੱਲ ਨਹੀਂ ਸਕੇ, ਜੋ ਦੱਖਣੀ ਚਿੱਲੀ ਦੇ ਜੰਗਲਾਂ ਦੀ ਬਾਰਸ਼ ਤੇ ਬਰਫ ਵਿੱਚ ਬੀਤਿਆ। ਇਸ ਅਨੂਠੇ ਭੋਂ-ਦ੍ਰਿਸ਼ ਦੀਆਂ ਜੜ੍ਹਾਂ ਨੇ ਉਹਨਾਂ ਨੂੰ ਪ੍ਰਕ੍ਰਿਤੀ ਦਾ ਇਕੋ ਇਕ ਲਾਸਾਨੀ ਕਵੀ ਬਣਾਇਆ ਉਹਨਾਂ ਨੇ ਜਿਸ ਤਰ੍ਹਾਂ ਨਵੇਂ ਸਿਰੇ ਤੋਂ ਆਪਣੇ ਦੇਸ਼ ਦੀ ਪ੍ਰਕ੍ਰਿਤੀ ਦਾ ਚਿਤਰਨ ਕੀਤਾ ਤੇ ਇਕ ਇਕ ਪੌਦੇ ਇਕ ਇਕ ਜੀਵ-ਜੰਤੂ ਨੂੰ ਪਹਿਲੀ ਵਾਰੀ ਨਾਂ ਦਿੱਤਾ, ਜਿਵੇਂ ਕਿ ਸ੍ਰਿਸ਼ਟੀ ਦੇ ਮੁੱਢ ਤੋਂ ਕੀਤਾ ਗਿਆ ਸੀ। ਇਸ ਪੱਖ ਤੋਂ ਨੇਰੂਦਾ ਦੀਆਂ 'ਕੁਝ ਜਾਨਵਰ' ਕਵਿਤਾ ਕਾਫੀ ਦਿਲਚਸਪ ਹੈ। ਸ਼ਾਇਦ ਇਗਵਾਨਾ, ਨਵਾਨਾਕੋ, ਲਿਆਸਾ, ਜਾਗੂਆਰ, ਅਨਾਂਕੋਟ ਵਰਗੇ ਜੰਗਲੀ ਜੀਵ-ਜੰਤੂਆਂ ਉੱਤੇ ਕਵੀ ਦੀ ਪਹਿਲੀ ਵਾਰ ਨਜ਼ਰ ਪਈ। ਮਜ਼ੇ ਦੀ ਗੱਲ ਇਹ ਕਿ ਹਰ ਜੀਵ ਆਪਣੀ ਖਾਸ ਖੂਬੀ ਦੇ ਨਾਲ ਕਵਿਤਾ ਵਿੱਚ ਹਾਜ਼ਰ ਹੈ।

ਇਹੀ ਸਥਿਤੀ ਰੁੱਖਾਂ-ਬੂਟਿਆਂ ਦੀ ਹੈ। ਆਪਣੀਆਂ ਸਿਮ੍ਰਿਤਿਆਂ ਵਿੱਚ ਨੇਰੂਦਾ ਨੇ ਕਵੀ ਮਿੱਤਰ ਅਲਬਰਤੀ ਦੇ ਮਾਧਿਅਮ ਨਾਲ ਓਧਿਰਨੋ ਦੇ ਜੰਗਲਾਂ ਦੀ ਵਿਸ਼ੇਸ਼ਤਾ ਦੱਸਦੇ ਹੋਏ ਕਿਹਾ ਹੈ ਕਿ ਹਰ ਟਹਿਣੀ ਦੂਸਰੀ ਨਾਲੋਂ ਵੱਖਰੀ ਹੈ ਅਤੇ ਪੱਤੀਆਂ ਜਿਵੇਂ ਸ਼ੈਲੀ ਦੀ ਅਨੰਤ ਭਿਨਤਾ ਦੇ ਲਈ ਮੁਕਾਬਲਾ ਕਰ ਰਹੀਆਂ ਹੋਣ।

ਪਰ ਇਸ ਦਾ ਅਰਥ ਇਹ ਨਹੀਂ ਕਿ ਨੇਰੂਦਾ ਸਭ ਤੋਂ ਪਹਿਲਾਂ, ਪ੍ਰਕ੍ਰਿਤੀ ਦੇ ਕਵੀ ਹਨ। ਉਸ ਦੀਆਂ ਜੜ੍ਹਾਂ ਸਿਰਫ ਆਪਣੇ ਭੂਗੋਲ ਵਿਚ ਨਹੀਂ, ਸਗੋਂ ਆਪਣੇ ਇਤਿਹਾਸ ਵਿੱਚ ਵੀ ਹਨ ਅਤੇ ਇਸ ਦਾ ਸਭ ਤੋਂ ਸ੍ਰੇਸ਼ਟ ਉਦਾਹਰਣ ਹੈ ਕਿ ਉਹ ਅਨੁਪਮ ਮਹਾ-ਕਾਵਿਕ ਕਵਿਤਾ 'ਮਾਚੂ-ਪੀਚੂ ਦੇ ਸ਼ਿਖਰ' ਦੇ ਰਚਨਾਕਾਰ ਹਨ।

ਚਿੱਲੀ ਦੇ ਜੰਗਲਾਂ ਦੇ ਹੀ ਵਾਂਗ ਪੇਰੂ ਦਾ ਇਤਿਹਾਸਕ ਹਿੱਸਾ, ਜਿਵੇਂ ਕਿ ਇੱਕ ਕਵੀ ਦੀ ਲਾਸਾਨੀ ਦ੍ਰਿਸ਼ਟੀ ਦੀ ਅਣਥਕ ਪ੍ਰੀਖਿਆ ਵਿੱਚ ਸਦੀਆਂ ਤੋਂ ਖਲੋਤਾ ਸੀ।

ਦਰ ਬਦਰ ਬੇਘਰ ਨੇਰੂਦਾ ਖਬਰੇ ਕਿੱਥੇ ਕਿੱਥੇ ਭਟਕਦੇ ਹੋਏ ਜੜ੍ਹਾਂ ਦੀ ਖੋਜ ਵਿੱਚ 'ਮਾਚੂ-ਪੀਚੂ ਦੇ ਸਿਖਰਾਂ' ਤੇ ਪਹੁੰਚੇ ਸਨ। ਪਹੁੰਚਣ 'ਤੇ ਪਹਿਲੀ ਹੀ ਨਜ਼ਰੇ ਕਵੀ ਨੇ ਵੇਖਿਆ,

ਪੱਥਰਾਂ ਦੀ ਇਸ ਪੌੜੀ ਤੇ
ਸ਼ਹਿਰ ਵਿੱਚ ਜਿੱਧਰ ਵੇਖ
ਉਥੇ ਹੀ ਹੈ, ਪੱਥਰ ਦਾ ਜਾਮ
ਪੱਥਰ ਦੀ ਰੋਟੀ, ਪੱਥਰ ਦਾ ਗੁਲਾਬ



ਪੱਥਰ ਦਾ ਸੀਨਾ, ਪੱਥਰ ਦੀ ਰੋਸ਼ਨੀ
ਪੱਥਰ ਦਾ ਭਾਫ, ਪੱਥਰ ਦੀ ਕਿਤਾਬ
ਫਿਰ ਇਹਨਾਂ ਤੋਂ ਬਿਨਾਂ ਹੈ, ਚੁੱਪ ਦਾ ਗੁੰਬਦ
ਨਿਰਮਲ ਮਾਤਭੂਮੀ, ਹੱਥਾਂ ਦਾ ਜਵਾਲਾ ਮੁਖੀ
ਗੂੜ੍ਹੇ ਰੰਗ ਦਾ ਝਰਨਾ, ਚਾਂਦੀ ਦੀ ਲਹਿਰ
ਸਮੇਂ ਦਾ ਸੁੱਖ

ਕਹਿਣ ਦੀ ਲੋੜ ਨਹੀਂ ਕਿ ਇਹਨਾਂ ਪੱਥਰਾਂ ਦੇ ਵਿਚਕਾਰ, ਖੁਦ ਵੀ ਪੱਥਰ ਬਣ ਜਾਣ ਦਾ ਖਤਰਾ ਸੀ। ਫਿਰ ਵੀ ਅਚਾਨਕ ਹੀ ਕਵੀ ਦੇ ਅੰਦਰ ਤੋਂ ਚੀਖ਼ ਉੱਠਦੀ ਹੈ।

ਪੱਥਰ ਦੇ ਅੰਦਰ ਪੱਥਰ
ਤੇ ਉਹ ਮਨੁੱਖ, ਕਿੱਥੇ ਸੀ ਉਹ ?
ਕਾਲ ਦੇ ਅੰਦਰ ਕਾਲ, ਉਹ ਮਨੁੱਖ
ਕਿੱਥੇ ਸੀ ਉਹ ?

ਹੋਰ ਚਮਤਕਾਰ ਇਹ ਕਿ ਇਹ ਬਾਣੀ ਸੁਣ ਕੇ ਉਹ ਮਨੁੱਖ ਦੁਬਾਰਾ ਜੀ ਉਠਦਾ ਹੈ। ਉਹੀ ਪੱਥਰ ਜਿਵੇਂ ਮਨੁੱਖ ਬਣ ਕੇ ਖੜ੍ਹੇ ਹੋ ਜਾਂਦੇ ਨੇ।

ਉਠੋ, ਲਓ ਮੇਰੇ ਸਾਥ ਜਨਮ
ਮੇਰੇ ਭਾਈ, ਦਿਓ ਮੈਨੂੰ ਆਪਣਾ ਹੱਥ
ਆਪਣੇ ਫੈਲੇ ਹੋਏ ਦਰਦ ਦੇ
ਮੈਂ ਆ ਰਿਹਾ ਹਾਂ ਤੇਰੇ ਮੇਰੇ ਹੋਏ ਮੁੱਖ ਤੋਂ
ਸਮੁੱਚੀ ਜ਼ਮੀਨ 'ਤੇ ਇੱਕ ਹੋ ਜਾਓ
ਤਮਾਮ ਬਿਖਰੇ ਖ਼ਾਮੋਸ਼ ਹੋਠੋ।
ਦੇ ਦਿਓ ਮੈਨੂੰ ਉਹ ਖਾਮੋਸ਼ੀ, ਉਹ ਆਸ਼ਾ।
ਦੇ ਦਿਓ ਮੈਨੂੰ ਉਹ ਯੁੱਧ, ਉਹ ਲੋਹਾ, ਉਹ ਜਵਾਲਾ ਮੁਖੀ
ਆ ਜਾਓ ਮੇਰੀਆਂ ਨਾੜੀਆਂ ਵਿੱਚ, ਮੇਰੇ ਮੂੰਹ ਵਿੱਚ
ਬੋਲੋ ਮੇਰੇ ਸ਼ਬਦਾਂ ਵਿੱਚ, ਮੇਰੇ ਲਹੂ ਵਿੱਚ।

ਕਹਿਣ ਦੀ ਲੋੜ ਨਹੀਂ ਕਿ ਨੇਰੂਦਾ ਦੀਆਂ ਜੜ੍ਹਾਂ ਵਿਚੋਂ ਇਕ ਜੜ੍ਹ ਦੱਖਣੀ ਅਮਰੀਕਾ ਦੇ ਇਤਿਹਾਸ ਦੀ ਉਸ ਡੂੰਘਾਈ ਵਿੱਚ ਵੀ ਜਾਂਦੀ ਹੈ ਤੇ ਉਸ ਹਨੇਰੇ ਦੀ ਡੂੰਘਾਈ ਵਿੱਚੋਂ ਖੁਰਾਕ ਗ੍ਰਹਿਣ ਕਰਦੀ ਹੈ।

ਸ਼ਾਇਦ ਏਥੋਂ ਹੀ ਕਵੀ ਨੂੰ ਉਹ ਸ਼ਕਤੀ ਮਿਲੀ, ਜਿਸ ਵਿਚੋਂ ਅੱਗੇ ਜਾ ਕੇ 'ਜਨਤਾ' ਸਿਰਲੇਖ ਕਵਿਤਾ ਦੀ ਰਚਨਾ ਸੰਭਵ ਹੋਈ। ਕਵੀ ਲਈ ਇਹ ਵੀ ਇਕ ਅਨੁਭਵ ਸੀ ਕਿ ਦੱਖਣੀ ਚਿੱਲੀ ਦੇ ਆਦਿਵਾਸੀ ਨੂੰ ਸੈਨੇਟਰ ਚੁਣਿਆਂ, ਉਤਰੀ ਚਿੱਲੀ ਦੀ ਜਨਤਾ ਨੇ। ਕਿੱਥੇ ਦੱਖਣ ਦੇ ਸੰਘਣੇ ਜੰਗਲ ਤੇ ਕਿੱਥੇ ਉੱਤਰ ਦੇ ਬਨਸਪਤੀ-ਵਿਹੂਣੇ ਰੇਗਿਸਤਾਨ। 'ਸਿਮ੍ਰਿਤੀਆਂ' ਵਿੱਚ ਨੇਰੂਦਾ ਨੇ ਇਸ ਸਥਿਤੀ ਦਾ ਚਿਤਰ ਇਹਨਾਂ ਮਨ ਨੂੰ ਛੂੰਹਣ ਵਾਲੇ ਸ਼ਬਦਾਂ ਵਿੱਚ ਪੇਸ਼ ਕੀਤਾ ਹੈ।

"ਮੇਰਾ ਬਚਪਨ ਬਾਰਸ਼ ਅਤੇ ਬਰਫ ਨਾਲ ਭਰਿਆ ਹੋਇਆ ਸੀ।"

ਨਾ ਕੋਈ ਬੂਟਾ, ਨਾ ਕਿਤੇ ਪਾਣੀ ਦੀ ਇਕ ਬੂੰਦ। ਇਹ ਨੰਗੀ ਧਰਤੀ ਇੱਕ ਵਿਸ਼ਾਲ ਮਾਰੂਥਲ ਹੈ, ਜੰਗਲਾਂ ਵਿੱਚ ਤਾਂ ਨਦੀਆਂ ਦੇ ਨਾਲ, ਹਰ ਚੀਜ਼ ਮਨੁੱਖ ਨਾਲ ਗੱਲਾਂ ਕਰਦੀ ਹੈ। ਜਦ ਕਿ ਇਹ ਰੇਗਿਸਤਾਨ ਤਾਂ ਬਿਲਕੁਲ ਚੁੱਪ ਹੈ, ਉਹ ਚੁੱਪ, ਇਹ ਭਾਸ਼ਾ ਸਮਝਣਾ ਮੇਰੇ ਵੱਸ ਤੋਂ ਬਾਹਰ ਹੈ।"

ਪਰ 'ਮਾਚੂ-ਪੀਚੂ' ਦੇ ਖਾਮੋਸ਼ ਪੱਥਰਾਂ ਵਰਗਾ ਇਕ ਦਿਨ ਇਸ ਚੁੱਪ ਰੇਗਿਸਤਾਨ ਦਾ ਵੀ ਮੂੰਹ ਖੁੱਲ੍ਹ ਹੀ ਗਿਆ ਤੇ ਉਹ ਕਵੀ ਦੇ ਕੰਠ ਤੋਂ ਬੋਲ ਉਠਿਆ।

ਇਸ ਦਾ ਇਹ ਅਰਥ ਨਹੀਂ ਪ੍ਰਕ੍ਰਿਤੀ ਦਾ ਕਵੀ ਸੌਖੇ ਹੀ ਰਾਜਨੀਤਕ ਕਵੀ ਬਣ ਗਿਆ ਅਰਥ ਸਿਰਫ ਉਹ ਹੈ ਕਿ ਨੇਰੂਦਾ ਹੌਲੀ ਹੌਲੀ ਪਰੌੜ ਤੇ ਪਰਪੱਕ ਹੁੰਦਾ ਗਿਆ।

ਇਹ ਸਹੀ ਹੈ ਕਿ 1924 ਵਿੱਚ ਜਦੋਂ ਉਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ, "ਵੀਹ ਕਵਿਤਾਵਾਂ ਤੇ ਨਿਰਾਸ਼ਾ ਦਾ ਇਕ ਗੀਤ" ਛਪਿਆ ਤਾਂ ਇਹ ਕਿਸ਼ੋਰ ਪ੍ਰੇਮ ਦੀ 'ਬਾਈਬਲ' ਹੀ ਬਣ ਗਈ। ਉਸ ਸਮੇਂ ਨੇਰੂਦਾ ਸਿਰਫ ਵੀਹ ਸਾਲ ਦਾ ਸੀ। ਹੁਣ ਕੋਈ ਜੇ ਕਵੀ ਕੋਲੋਂ ਚੜ੍ਹਦੀ ਜਵਾਨੀ ਦੇ ਪਿਆਰ ਦੀਆਂ ਕਵਿਤਾਵਾਂ ਦੀ ਫਰਮਾਇਸ਼ ਕਰਦਾ ਰਹੇ ਤਾਂ ਇਹ ਕਵੀ ਦੇ ਨਾਲ ਜ਼ਿਆਦਤੀ ਹੈ।

ਫਿਰ ਵੀ ਇਹ ਆਖਣਾ ਸੱਚ ਤੋਂ ਜ਼ਿਆਦਾ ਦੂਰ ਨਾ ਹੋਵੇਗਾ ਕਿ ਨੇਰੂਦਾ ਜ਼ਿੰਦਗੀ ਭਰ ਪਿਆਰ ਦੇ ਕਵੀ ਬਣੇ ਰਹੇ। ਇਹ ਵੱਖਰੀ ਗੱਲ ਹੈ ਕਿ ਉਸ ਪਿਆਰ ਦੇ ਕਈ ਪਹਿਲੂ ਸਨ। ਕਈ ਰੂਪ ਤੇ ਵੱਖਰੇ ਵੱਖਰੇ ਨਾਂ। ਦਿਲ ਇਕ ਹੀ ਸੀ ਜਿਸ ਦੇ ਇਕ ਕੋਨੇ ਵਿਚ ਕਦੀ 'ਅਲਵਿਦਾ' ਗੀਤ ਫੁੱਟ ਨਿਕਲਿਆ ਤੇ ਕਿਸੇ ਦੂਸਰੀ ਨੁੱਕਰ ਵਿਚੋਂ 'ਮਾਤਿਲਦੇ' ਲਈ ਪ੍ਰੇਮ ਦਾ ਹੜ੍ਹ ਉਮੜ ਆਇਆ। 'ਸਪੇਨ ਮੇਰੇ ਦਿਲ ਵਿੱਚ' ਦੀਆਂ ਅਖੌਤੀ ਰਾਜਨੀਤਕ ਕਵਿਤਾਵਾਂ ਵੀ ਇੱਕ ਹੋਰ ਤਰ੍ਹਾਂ ਨਾਲ ਪ੍ਰੇਮ ਦਾ ਹੀ ਪ੍ਰਗਟਾਵਾ ਹਨ।

ਇਸ ਪ੍ਰਸੰਗ ਵਿੱਚ ਨੇਰੂਦਾ ਦੇ ਇਸ ਆਤਮ-ਸਵੀਕਾਰ ਵਿੱਚ ਕਿਤੇ ਵੱਧ ਈਮਾਨਦਾਰੀ ਹੈ ;

"ਇਸ ਪਿਛੋਂ ਜਦੋਂ ਕਦੇ ਵੀ ਹਿਰਦੇ ਵਿੱਚ ਰਾਜਨੀਤੀ ਮੇਰੀ ਕਵਿਤਾ ਅਤੇ ਜ਼ਿੰਦਗੀ ਦਾ ਹਿੱਸਾ ਬਣ ਗਈ। ਆਪਣੀਆਂ ਕਵਿਤਾਵਾਂ ਵਿੱਚ ਜਿਸ ਤਰ੍ਹਾਂ ਪਿਆਰ, ਜੀਵਨ ਖੁਸ਼ੀ ਜਾਂ ਗਮ ਦੇ ਲਈ ਮੈਂ ਦਰਵਾਜ਼ਾ ਬੰਦ ਨਹੀਂ ਕਰ ਸਕਦਾ, ਉਸੇ ਤਰ੍ਹਾਂ ਸੜਕ ਵਾਸਤੇ ਵੀ ਮੇਰੀ ਕਵਿਤਾ ਦਾ ਦਰਵਾਜ਼ਾ ਬੰਦ ਨਹੀਂ ਹੋ ਸਕਦਾ।"

ਇਸ ਲਈ ਹੈਰਾਨੀ ਨਹੀਂ ਕਿ ਧਰਤੀ ਵਿੱਚ ਨੇਰੂਦਾ ਦੀਆਂ ਆਪਣੀਆਂ ਜੜ੍ਹਾਂ ਵਿਖਾਈ ਦਿੱਤੀਆਂ, ਉਥੇ ਧਰਤੀ ਆਪਣੇ ਪ੍ਰੇਮ ਦੇ ਅਹਿਸਾਸ ਦੇ ਇੱਕ ਤੀਬਰ ਛਿਣ ਵਿੱਚ ਆਪਣੇ ਪ੍ਰੇਮ-ਪਾਤਰ ਵਿੱਚ ਵੀ ਮਿਲੀ। "ਤੇਰੇ ਵਿੱਚ ਪ੍ਰਿਥਵੀ" ਸਿਰਲੇਖ ਵਾਲੀ ਕਵਿਤਾ ਇਸ ਦੀ ਸਭ ਤੋਂ ਵਧੀਆ ਮਿਸਾਲ ਹੈ। ਏਥੇ ਪੇਸ਼ ਹਨ ਸਿਰਫ ਆਖਰੀ ਪੰਕਤੀਆਂ।

ਉਠ ਰਹੇ ਨੇ ਤੇਰੇ ਮੋਢੇ ਜਿਵੇਂ ਦੋ ਪਹਾੜੀਆਂ,
ਤੇਰੀਆਂ ਛਾਤੀਆਂ ਕਰਦੀਆਂ ਨੇ ਚਹਿਲ-ਕਦਮੀ
ਮੇਰੀ ਛਾਤੀ ਉੱਤੇ
ਮੇਰੀ ਬਾਂਹ ਪਹੁੰਚਦੀ ਹੈ ਮੁਸ਼ਕਿਲ ਨਾਲ
ਉਸ ਪਤਲੀ ਜਹੀ ਦੂਜ ਦੇ ਚੰਦ ਦੀ ਰੇਖਾ ਜਹੀ
ਤੇਰੀ ਕਮਰ ਦੁਆਲੇ
ਹੈ ਤੂੰ ਪਿਆਰ ਵਿੱਚ ਜਿਵੇਂ ਸਮੁੰਦਰ ਦਾ ਪਾਣੀ
ਮਿਣਦੀਆਂ ਨੇ ਬੜੀ ਮੁਸ਼ਕਿਲ ਨਾਲ ਮੇਰੀਆਂ ਅੱਖਾਂ
ਆਕਾਸ਼ ਦੇ ਵੱਧ ਆਕਾਰ ਨੂੰ
ਅਤੇ ਮੈਂ ਝੁਕਾਉਂਦਾ ਹਾਂ ਆਪਣੇ ਆਪ ਨੂੰ
ਤੇਰੇ ਹੋਠਾਂ ਉੱਤੇ ਪ੍ਰਿਥਵੀ ਨੂੰ ਚੁੰਮਣ ਲਈ

ਸਪਸ਼ਟ ਹੈ ਕਿ ਸੰਘਣੀਆਂ ਇੰਦਰਆਵੀ ਤੇ ਸਰੀਰਕ ਪ੍ਰੇਮ ਦਾ ਅਹਿਸਾਸ ਜਵਾਨੀ ਤੇ ਗੈਰ ਸਰੀਰਕ ਪ੍ਰੇਮ ਤੋਂ ਕਾਫੀ ਦੂਰ ਹੈ। ਇੰਦਰਆਵੀ ਉਹ ਹੈ ਜਿਸਨੂੰ ਨੇਰੂਦਾ ਜੰਗਲੀ ਹਵਾਵਾਂ ਤੇ ਸਮੁੰਦਰੀ ਤਰੰਗਾਂ ਦੇ ਵਿਚਕਾਰ ਮਹਿਸੂਸ ਕਰਦੇ ਰਹੇ ਹਨ। ਨੇਰੂਦਾ ਦੀ ਕਵਿਤਾ ਦੀਆਂ ਜੜ੍ਹਾਂ ਸਮੁੱਚੀ ਧਰਤੀ ਨੂੰ ਘੇਰ ਲੈਣ ਲਈ ਵਿਆਕੁਲ ਸਨ। ਸਿਮ੍ਰਿਤੀਆਂ ਵਿੱਚ ਹੀ ਉਹਨਾਂ ਲਿਖਿਆ ਸੀ ;

"ਮੈਂ ਸਭ ਚੀਜ਼ਾਂ ਨੂੰ ਨਿਗਲ ਜਾਣ ਵਾਲਾ ਹਾਂ। ਵੱਸ ਚੱਲੇ ਤਾਂ ਮੈਂ ਪੂਰੀ ਧਰਤੀ ਨੂੰ ਨਿਗਲ ਜਾਵਾਂ, ਤੇ ਸਮੁੱਚੇ ਸਮੁੰਦਰ ਨੂੰ ਪੀ ਜਾਵਾਂ।"



ਇਸ ਮਾਮਲੇ ਵਿੱਚ ਉਹ ਉੱਤਰੀ ਅਮਰੀਕਾ ਦੇ ਉਨੀਵੀਂ ਸਦੀ ਦੇ ਕਵੀ ਵਾਟ ਵਿੱਟਮੈਨ ਨੂੰ ਆਪਣੇ ਤੋਂ ਪਹਿਲਾ ਪੁਰਸ਼ ਮੰਨਦੇ ਨੇ। ਨੇਰੂਦਾ ਵਾਸਤੇ ਤੇ ਆਪਣੇ ਰੂ-ਬ-ਰੂ ਹੋਣ ਦਾ ਇੱਕ ਹੀ ਅਰਥ ਸੀ ਆਤਮ ਵਿਸਤਾਰ. ਇਕੋ ਵਿੱਚ ਵੀ ਤੇ ਕਾਲ ਵਿੱਚ ਵੀ, ਰੁੱਖ ਆਪਣੀਆਂ ਜੜ੍ਹਾਂ ਧਰਤੀ ਦੇ ਗਰਭ ਵਿੱਚ ਹੀ ਨਹੀ ਗੱਡਦਾ, ਉਹ ਆਪਣੀਆਂ ਟਹਿਣੀਆਂ ਆਕਾਸ਼ ਵਿੱਚ ਵੀ ਚਾਰੇ ਪਾਸੇ ਫੈਲਾਉਂਦਾ ਹੈ, ਆਪ ਨੇਰੂਦਾ ਦੇ ਹੀ ਸ਼ਬਦਾਂ ਵਿੱਚ "ਮੈਂ ਉਸੇ ਹੀ ਧਰਤੀ ਵਾਂਗੂੰ ਫੈਲਣਾ ਚਾਹੁੰਦਾ ਹਾਂ, ਜਿੱਥੇ ਮੈਂ ਪੈਦਾ ਹੋਇਆ।" ਇਸ ਲਈ ਉਹਨਾਂ ਦੀ ਕਵਿਤਾ ਕੇਵਲ ਚਿੱਲੀ ਤੀਕ ਸੀਮਿਤ ਨਹੀਂ ਹੈ ਸਗੋਂ ਉਸ ਦਾ ਵਿਸਤਾਰ ਪੇਰੂ ਵਿੱਚ ਵੀ ਹੈ ਤੇ ਕਿਊਬਾ ਵਿੱਚ ਵੀ। ਇਸ ਤਰ੍ਹਾਂ ਉਹ ਪੂਰੇ ਲਾਤੀਨੀ ਅਮਰੀਕਾ ਦੇ ਕਵੀ ਹਨ। ਏਥੇ ਤੀਕ ਕਿ ਲੋਰਕਾ ਤੇ ਅਲਬਰਤੀ ਦੇ ਸਪੇਨ ਦੇ ਵੀ।

ਪ੍ਰਗਟ ਹੈ ਕਿ ਇਸ ਤਰ੍ਹਾਂ ਦੇ ਵਿਸ਼ਾਲ ਹਿਰਦੇ ਵਾਲੇ ਕਵੀ ਉਸ ਭਾਸ਼ਾ ਨੂੰ ਖਿੱਚ ਧੂਹ ਕੇ ਫੈਲਾਉਣ ਤੋਂ ਬਾਜ਼ ਨਹੀਂ ਰਹਿ ਸਕਦਾ। ਜਿਸ ਵਿੱਚ ਕਵਿਤਾ ਆਕਾਰ ਗ੍ਰਹਿਣ ਕਰਦੀ ਹੈ। ਨੇਰੂਦਾ ਨੇ "ਸਿਮ੍ਰਿਤੀਆਂ" ਵਿੱਚ ਇਸ ਭਾਸ਼ਾ-ਵਿਸਤਾਰ ਉੱਤੇ ਵੀ ਟਿਪਣੀਆਂ ਕੀਤੀਆਂ ਹਨ। ਇਹਨਾਂ ਨੂੰ ਪੜ੍ਹਨ ਤੋਂ ਸਾਫ ਪਤਾ ਲੱਗਦਾ ਹੈ ਕਿ ਸਪੇਨ ਵਾਲਿਆਂ ਦੀ ਸਪੇਨੀ ਭਾਸ਼ਾ ਲਾਤੀਨੀ ਅਮਰੀਕਾ ਨੂੰ ਮਾਫਕ ਨਹੀਂ ਆ ਰਹੀ ਸੀ। ਇਕ ਤਰ੍ਹਾਂ ਨਾਲ ਇਹ 'ਭਾਸ਼ਾ ਦੀ ਵਿਚਾਰਧਾਰਾ' ਦਾ ਵੀ ਮਸਲਾ ਸੀ ਤੇ ਬਹੁਤ ਸਾਰੀਆਂ ਗੱਲਾਂ ਤੋਂ ਇਲਾਵਾ ਇਸ ਕਾਰਨ ਵੀ ਲੀਤੀਨੀ ਅਮਰੀਕੀ 'ਸਪੇਨੀ ਭਾਸ਼ਾ' ਆਪਣੀ ਮੂਲ ਧਰਤੀ ਤੋਂ ਵੱਖ ਹੋ ਗਈ। ਨੇਰੂਦਾ ਦੇ ਅਨੁਸਾਰ;

"ਗੰਗੋਰਾ ਦਾ ਬਰਫਵਾਗ ਜੰਮਿਆ ਸੁਹਜ-ਸ਼ਸ਼ਤਰ ਸਾਡੀਆ ਆਸਾਂ ਵਾਸਤੇ ਨਹੀਂ ਬਣਿਆ ਸੀ। ਸਾਡੀ ਅਮਰੀਕੀ ਜ਼ਮੀਨ ਦੀਆਂ ਪਰਤਾਂ ਉਹਨਾਂ ਖੁਰਦਰੀਆਂ ਚੱਟਾਨਾਂ ਅਤੇ ਪਿੱਘਲੇ ਲਾਵੇ ਦੀਆਂ ਬਣੀਆਂ ਹੋਈਆਂ ਨੇ ਜੋ ਲਹੂ ਨਾਲ ਭਿੱਜੀਆਂ ਹਨ। ਸਫੈਦ ਚੀਜ਼ 'ਤੇ ਕਿਸ ਤਰ੍ਹਾਂ ਕੰਮ ਕੀਤਾ ਜਾਂਦਾ ਹੈ, ਇਹ ਅਸੀਂ ਨਹੀਂ ਜਾਣਦੇ। ਇਸ ਲਈ ਸਾਡੇ ਹੋਣਹਾਰ ਸ਼ਿਲਪੀ ਕਵੀ ਵੀ ਖੋਖਲੇ ਲੱਗਦੇ ਨੇ।"

ਇਸ ਲਈ ਸੁਥਰੀ ਭਾਸ਼ਾ ਦੇ ਨਾਲ ਛੇੜ-ਛਾੜ ਜ਼ਰੂਰੀ ਹੋ ਗਈ। ਇਸ ਛੇੜ-ਛਾੜ ਦਾ ਵੇਰਵਾ ਨੇਰੂਦਾ ਨੇ ਆਪਣੇ ਖਾਸ ਅੰਦਾਜ਼ ਵਿੱਚ ਇਸ ਤਰ੍ਹਾਂ ਕੀਤਾ ਹੈ।

"ਕਿਸੇ ਭਾਸ਼ਾ ਦੇ ਨਾਲ ਆਪ ਜ਼ਿੰਦਗੀ ਭਰ ਇਸ ਤਰ੍ਹਾਂ ਨਹੀਂ ਕਹਿ ਸਕਦੇ। ਉਸ ਨੂੰ ਏਧਰ-ਉਧਰ ਖਿਚਣਾ, ਐਥੇ ਉਥੇ ਲੱਭਣਾ, ਵਾਕਾਂ ਨਾਲ ਖੇਡਣਾ, ਪੇਟ ਵਿੱਚ ਖਭੋਣਾ ਆਦਿ ਅੰਦਰੂਨੀ ਹਰਕਤਾਂ ਆਦਤ ਬਣ ਜਾਂਦੀਆਂ ਨੇ। ਬੋਲੀ ਜਾਣ ਵਾਲੀ ਭਾਸ਼ਾ ਦੀਆਂ ਹੋਰ ਵੀ ਪੱਧਰਾਂ ਹਨ ਹੈ। ਲਿਖਤੀ ਭਾਸ਼ਾ ਲਚਕੀਲਾਪਨ ਪ੍ਰਾਪਤ ਕਰਦੀ ਹੈ। ਭਾਸ਼ਾ ਨੂੰ ਆਪਣੇ ਸਰੀਰ, ਚਮੜੀ ਜਾਂ ਪੁਸ਼ਾਕ ਦੀ ਤਰ੍ਹਾਂ ਵਰਤਣ ਦਾ ਅਰਥ ਹੈ ਉਸ ਦੀ ਬਾਹਾਂ, ਪੈਬੰਦਾਂ, ਖ਼ੂਨ-ਪਸੀਨੇ ਦੇ ਧੱਬਿਆਂ ਨਾਲ ਅਪਨਾਉਣਾ ਅਤੇ ਏਥੇ ਹੀ ਲੇਖਕ ਦੀ ਸਮਰੱਥਾ ਤੇ ਹਿੰਮਤ ਦੀ ਪ੍ਰੀਖਿਆ ਹੁੰਦੀ ਹੈ। ਮੈਨੂੰ ਸਪੇਨੀ ਭਾਸ਼ਾ ਦਾ ਕੋਈ ਗਿਆਨ ਨਹੀਂ। ਇਸ ਲਈ ਭਾਸ਼ਾ ਦੇ ਵਿਸ਼ੇ ਦੇ ਵਿੱਚ ਨੇਰੂਦਾ ਦੇ ਸਾਹਸ ਦੀ ਪੜਤਾਲ ਕਰਨ ਦੀ ਗੁਸਤਾਖੀ ਮੈਂ ਨਹੀਂ ਕਰ ਸਕਦਾ। ਫਿਰ ਵੀ ਏਨਾ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਭਾਸ਼ਾ ਵਿੱਚ ਕਰਾਂਤੀ ਲਿਆਏ ਬਿਨਾਂ ਨੇਰੂਦਾ ਉਹ ਨਹੀਂ ਹੋ ਸਕਦਾ ਸੀ ਜੋ ਕਿ ਉਹ ਅੰਤ ਵਿੱਚ ਬਣੇ ਤੇ ਜਿਸ ਦੇ ਲਈ ਉਹ ਵੀਹਵੀਂ ਸਦੀ ਦੇ ਸਪੇਨੀ ਕਵਿਤਾ ਹੀ ਨਹੀਂ, ਸਗੋਂ ਵਿਸ਼ਵ ਕਵਿਤਾ ਵਿੱਚ ਵਿਸ਼ੇਸ਼ ਤੌਰ 'ਤੇ ਜਾਣੇ ਜਾਂਦੇ ਨੇ।

ਸੱਚ ਪੁੱਛੋ ਤਾਂ ਰਾਜਨੀਤੀ ਜਾਂ ਪ੍ਰੇਮ ਵਿੱਚ ਨੇਰੂਦਾ ਜਿੰਨੇ ਖੁਭੇ ਹੋਏ ਦਿਖਾਈ ਦਿੰਦੇ ਨੇ, ਉਸ ਤੋਂ ਕਿਤੇ ਵੱਧ 'ਸ਼ਬਦ' ਵਿੱਚ ਉਲਝੇ ਹੋਏ ਪ੍ਰਤੀਤ ਹੁੰਦੇ ਨੇ, ਪਰ ਉਹਨਾਂ ਦੀ ਸ਼ਬਦ ਚਿੰਤਾ ਹੁਣ ਆਧੁਨਿਕ ਕਵੀਆਂ ਦੇ ਸ਼ਬਦ-ਰੋਗ ਤੋਂ ਬਿਲਕੁਲ ਵੱਖਰੀ ਹੈ ਜੋ ਸ਼ਬਦ ਦੇ ਰਹੱਸ ਦੀ ਥਾਹ ਪਾਉਂਦੇ ਗੂੰਗੇ ਹੋ ਜਾਂਦੇ ਨੇ।

ਨੇਰੂਦਾ ਦੀ ਸ਼ਬਦ ਚਿੰਤਾ ਦਾ ਕੁਝ ਅੰਦਾਜ਼ਾ ਉਹਨਾਂ ਦੀ ਪੁਸਤਕ ਸਿਮ੍ਰਿਤੀਆਂ ਦੇ ਇਸ ਇਕ

ਉਦਾਹਰਣ ਤੋਂ ਲਾਇਆ ਜਾ ਸਕਦਾ ਹੈ।

"ਆਪ ਜੋ ਚਾਹੋ ਕਹਿ ਸਕਦੇ ਹੋ, ਜੀ ਹਾਂ, ਪਰ ਉਹ ਸ਼ਬਦ ਹੀ ਹਨ ਜੋ ਗਾਉਂਦੇ ਹਨ, ਜੋ ਉੱਚੀ ਉਡਾਣ ਭਰਦੇ ਨੇ, ਤੇ ਨੀਵੇਂ ਵੀ ਉਤਰਦੇ ਨੇ, ਮੈਂ ਉਹਨਾਂ ਦੇ ਸਾਹਮਣੇ ਸਿਰ ਝੁਕਾਉਂਦਾ ਹਾਂ। ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ। ਮੈਂ ਉਹਨਾਂ ਨੂੰ ਚੰਬੜਦਾ ਹਾਂ, ਧੱਕੇ ਵੀ ਦਿੰਦਾ ਹਾਂ, ਦੰਦੀ ਵੱਢਦਾ ਹਾਂ ਅਤੇ ਪੁਚਕਾਰਦਾ ਵੀ ਹਾਂ, ਸ਼ਬਦਾਂ ਨੂੰ ਮੈਂ ਕਿੰਨਾ ਪਿਆਰ ਕਰਦਾ ਹਾਂ-ਅਚਾਨਕ ਆਉਣ ਵਾਲੇ-ਐਸੇ ਸ਼ਬਦਾਂ ਉੱਤੇ ਮੈਂ ਘਾਤ ਲਗਾਈ ਰੱਖਦਾ ਹਾਂ......ਮੇਰਾ ਸੁਰਾਂ ਨਾਲ ਪਿਆਰ ਹੈ-ਉਹ ਰੰਗੀਨ ਪੱਥਰਾਂ ਵਾਂਗੂੰ ਚਮਕਦੇ ਨੇ--ਚਾਂਦੀ ਦੀ ਮੱਛੀ ਵਾਂਗੂੰ ਉਛਲਦੇ ਹਨ। ਏਨੇ ਸੁੰਦਰ ਹਨ ਕਿ ਸਭ ਨੂੰ ਕਵਿਤਾ ਵਿੱਚ ਜੋੜ ਦੇਣ ਨੂੰ ਜੀ ਕਰਦਾ ਹੈ। ਸ਼ਬਦ ਬਹੁਤ ਪ੍ਰਾਚੀਨ ਹਨ ਤੇ ਅਤਿ ਨਵੇਂ ਵੀ....ਤਾਬੂਤ ਵਿੱਚ ਜਾਂ ਫੁੱਲ ਦੇ ਕੋਸ਼ ਵਿੱਚ ਬੰਦ ਵੀ...ਇੰਨੀ ਮਹਾਨ ਭਾਸ਼ਾ ਹੈ ਮੇਰੇ ਕੋਲ। ਇਹ ਸਾਨੂੰ ਮਹਾਨ ਜੇਤੂਆਂ ਤੋਂ ਵਿਰਸੇ ਵਿੱਚ ਮਿਲੇ ਹਨ। ਸ਼ਬਦ ਉਹਨਾਂ ਜਾਂਗਲੀਆਂ ਦੇ ਬੂਟਾਂ ਵਿੱਚੋਂ, ਘੋੜਿਆਂ ਦੇ ਖੁਰਾਂ ਵਿੱਚੋਂ, ਟੋਪਾਂ ਚੋਂ, ਦਾਹੜੀਆਂ ਵਿਚੋਂ ਰੋੜਿਆਂ ਵਾਂਗੂੰ ਡਿੱਗ ਪਏ ਸਨ-ਉਹ ਸਭ ਕੁਝ ਲੁੱਟ ਕੇ ਲੈ ਗਏ.....ਸਿਰਫ ਸ਼ਬਦ ਛੱਡ ਗਏ ਸਾਡੇ ਲਈ"......

ਭਾਵ ਤੇ ਸਵਾਸ ਦੇ ਬਾਵਜੂਦ ਇਸ ਕਥਨ ਤੋਂ ਸਪਸ਼ਟ ਹੈ ਕਿ ਨੇਰੂਦਾ ਵਿੱਚ ਜ਼ਿੰਦਗੀ ਵਾਂਗੂੰ ਸ਼ਬਦ ਲਈ ਵੀ ਬੜੀ ਭੁੱਖ ਸੀ ਤੇ ਇਹ ਭੁੱਖ ਕਦੇ ਘਟੀ ਨਹੀਂ। ਉਸ ਦੇ ਅਨੁਸਾਰ, ਸ਼ਬਦ 'ਸ਼ੀਸ਼ੇ ਨੂੰ ਸ਼ੀਸ਼ੇ ਦਾ ਗੁਣ' ਤੇ 'ਲਹੂ ਨੂੰ ਲਹੂ' ਪ੍ਰਦਾਨ ਕਰਨਾ ਹੈ। ਤੇ ਕਵੀ ਜਦੋਂ ਕਿਸੇ ਚੀਜ਼ ਨੂੰ ਨਾਂ ਦਿੰਦਾ ਹੈ ਤਾਂ ਨਾਮਕਰਨ ਦੀ ਕਿਰਿਆ ਦੇ ਨਾਲ ਹੀ ਵਿਸ਼ੇ ਵਿੱਚ ਇੱਕ ਨਵੀਂ ਚੇਤਨਾ ਵੀ ਜਨਮ ਲੈਂਦੀ ਹੈ। ਇਸ ਤਰ੍ਹਾਂ ਨੇਰੂਦਾ ਨੇ ਇੱਕ 'ਵੱਡੀ ਭਾਸ਼ਾ' ਦੀ ਸ਼ਕਤੀ ਦੀ ਖੋਜ ਕੀਤੀ।

ਵੀਹਵੀਂ ਸਦੀ ਦੀ ਕਵਿਤਾ ਨੂੰ ਨੇਰੂਦਾ ਦੀ ਸੰਭਾਵੀ ਬੜੀ ਦੇਣ ਇਹ ਹੈ ਕਿ ਉਹਨਾਂ ਨੇ "ਲਿਖਤ ਕਵਿਤਾ" ਤੇ (ਉਦਾਹਰਣਯੋਗ ਕਵਿਤਾ) ਦੇ ਫਰਕ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਤੇ ਇਸ ਫਰਕ ਦੀ ਪੂਰੀ ਤਰ੍ਹਾਂ ਰਾਖੀ ਕਰਦੇ ਹੋਏ ਕਵਿਤਾ ਨੂੰ (ਵੇਖਣ ਵਾਲੀ) ਦਿਸ਼ਾ ਵੱਲ ਮੋੜਨ ਦਾ ਅਨੁਕਰਨ ਦਾ ਸਫਲ ਪ੍ਰਯੋਗ ਕੀਤਾ। ਉਸ ਸੱਚੇ ਲੋਕ-ਹਿਰਦੇ ਵਾਲੇ ਕਵੀ ਨੇ ਕਵਿਤਾ ਨੂੰ ਠੀਕ ਅਰਥਾਂ ਵਿੱਚ ਲੋਕ-ਹਿਰਦੇ ਅਤੇ ਲੋਕ-ਕੰਠ ਵਿੱਚ ਸਥਾਨ ਦਿੱਤਾ। ਉਹ ਸਥਿਤੀ ਉਸ ਨੂੰ ਪ੍ਰਵਾਨ ਨਹੀਂ ਸੀ, ਜਿਸ ਵਿੱਚ ਇੱਕ ਕਵੀ ਦੂਸਰੇ ਕਵੀਆਂ ਦੇ ਲਈ ਲਿਖਦਾ ਤੇ ਪ੍ਰਕਾਸ਼ਤ ਕਰਦਾ ਹੈ। ਇਸ ਕਾਵਿ-ਮਈ ਦੁਨੀਆ ਨੂੰ ਛੱਡ ਕੇ ਉਸ ਦਾ ਮਨ ਜੰਗਲਾਂ, ਚੱਟਾਨਾਂ, ਸਮੁੰਦਰ ਦੀਆਂ ਲਹਿਰਾਂ ਦੇ ਵਿਚਕਾਰ ਭੱਜ ਕੇ ਜਾਣ ਦਾ ਹੁੰਦਾ ਸੀ। ਉਸ ਨੂੰ ਇਸ ਗੱਲ ਦੀ ਡੂੰਘੀ ਚਿੰਤਾ ਸੀ ਕਿ ਕਵਿਤਾ ਦਾ ਸਬੰਧ ਉਸ ਦੇ ਪਾਠਕ ਨਾਲੋਂ ਟੁੱਟ ਗਿਆ ਹੈ ਤੇ ਇਹ ਪਾਠਕ ਦੀ ਪਹੁੰਚ ਤੋਂ ਬਾਹਰ ਚਲੇ ਗਈ ਹੈ। ਉਹ ਕਵਿਤਾ ਨੂੰ ਆਪਣੀ ਜਗ੍ਹਾ 'ਤੇ ਵਾਪਸ ਲਿਆਉਣ ਲਈ ਚਿੰਤੰਤ ਸੀ। ਉਸ ਦੇ ਅਨੁਸਾਰ ਇਸ ਲਈ ਕਵਿਤਾ ਨੂੰ ਹਨੇਰੇ ਦੀ ਯਾਤਰਾ ਕਰਨੀ ਪਵੇਗੀ। ਉਸ ਨੂੰ ਮਨੁੱਖ ਦੇ ਹਿਰਦੇ ਦੇ ਰੂ-ਬ-ਰੂ ਕਰਨਾ ਹੋਵੇਗਾ। ਉਸ ਨੂੰ ਸਭ ਦੀਆਂ ਅੱਖਾਂ ਵਿੱਚ ਝਾਕਣਾ ਹੋਵੇਗਾ, ਸੜਕ ਤੋਂ ਲੰਘਣ ਵਾਲੇ ਉਸ ਅਣਜਾਣ ਮੁਸਾਫਰ ਨਾਲ ਜਾਣ-ਪਛਾਣ ਪੈਦਾ ਕਰਨੀ ਹੋਵੇਗੀ, ਜੋ ਸ਼ਾਮ ਦੇ ਘੁਸਮੁਸੇ ਜਾਂ ਤਾਰਿਆਂ ਭਰੀ ਰਾਤ ਦੇ ਪ੍ਰਛਾਵੇਂ ਵਿੱਚ ਘੱਟ ਤੋਂ ਘੱਟ ਕਵਿਤਾ ਦੀ ਇਕ ਪੰਗਤੀ ਲਈ ਤਰਸ ਰਿਹਾ ਹੈ। ਅਨਪੜ੍ਹ ਤੇ ਅਧਪੜ੍ਹੇ ਹਜ਼ਾਰਾਂ-ਲੱਖਾਂ ਲੋਕਾਂ ਵਿੱਚ ਘੁਲ-ਮਿਲ ਕੇ ਨੇਰੂਦਾ ਨੇ ਕਵਿਤਾ ਦੀ ਇਸ ਭੁੱਲੀ-ਵਿਸਰੀ ਆਤਮਾ ਨੂੰ ਲੱਭ ਲਿਆ ਸੀ। ਨਿਰਸੰਦੇਹ ਇਸ ਪ੍ਰਕਿਰਿਆ ਵਿੱਚ ਨੇਰੂਦਾ ਨੇ ਕੁਝ ਅਜੇਹੀਆਂ ਕਵਿਤਾਵਾਂ ਵੀ ਲਿਖਿਆਂ ਜਿਨ੍ਹਾਂ ਵਿੱਚ ਸ਼ੁੱਧ ਪ੍ਰਵਾਹ ਹੈ, ਫਿਰ ਵੀ ਉਹਨਾਂ ਨੇ ਪੱਛਮ ਦੀ ਆਧੁਨਿਕਤਾਵਾਦੀ ਕਵਿਤਾ ਦਾ ਇੱਕ ਜੀਵੰਤ ਤੇ ਸ਼ਕਤੀਸ਼ਾਲੀ ਵਿਕਲਪ ਪੇਸ਼ ਕੀਤਾ।

ਪਰ ਇਸ ਪ੍ਰਕਿਰਿਆ ਵਿੱਚ ਨੇਰੂਦਾ ਨੇ ਕੁਝ ਅਜੇਹੇ ਸਿੱਧੇ ਸਾਦੇ "ਲਿਰਿਕ" ਜਾਂ ਪ੍ਰਗੀਤ ਵੀ ਰਚੇ, ਜਿਹੜੇ ਆਪਣੀ ਸਾਦਗੀ ਤੇ ਛੋਟੇ ਹੋਣ ਕਾਰਨ ਆਦਿਮ ਕਵਿਤਾ ਦੀ ਸਰਲਤਾ ਨੂੰ ਛੂਹ ਲੈਂਦੇ



ਨੇ, ਇਹ ਕਵਿਤਾਵਾਂ ਸਾਨੂੰ ਕਦੇ ਕਦੇ ਵੇਦਾਂ ਦੀਆਂ ਰਿਚਾਵਾਂ ਤੇ ਨਿਰਾਲਾ 'ਅਣਿਮਾ-ਅਰਚਨਾ-ਅਰਾਧਨਾ' ਦੇ ਗੀਤਾਂ ਦੀ ਯਾਦ ਦਿਵਾਉਂਦੀਆਂ ਹਨ। ਇਹ ਵੀ ਇਕ ਤਰ੍ਹਾਂ ਆਪਣੀ ਜੜ੍ਹਾਂ ਵੱਲ ਵਾਪਸ ਪਰਤਣਾ ਹੀ ਹੈ। ਨੇਰੂਦਾ ਦੇ ਆਖਰੀ ਦਿਨਾਂ ਦੀਆਂ ਕਵਿਤਾਵਾਂ ਅਰਥਾਤ ਏਸੇ ਰੰਗ ਵਿੱਚ ਜੀਵਨ ਦਾ ਉਤਸਵ ਮਨਾਉਂਦੀਆਂ ਮਿਲਦੀਆਂ ਹਨ। ਏਸੇ ਤਰ੍ਹਾਂ ਦੀ ਇੱਕ ਕਵਿਤਾ ਹੈ, 'ਇਹ ਹੈ ਸਾਦਗੀ'

ਖਾਮੋਸ਼ੀ ਹੈ ਤਾਕਤ (ਮੈਨੂੰ ਬਿਰਖ ਦੱਸਦੇ ਨੇ)
ਤੇ ਗਹਿਰਾਈ (ਮੈਨੂੰ ਦੱਸਦੀਆਂ ਨੇ ਜੜ੍ਹਾਂ)
ਤੇ ਸ਼ੁੱਧਤਾ (ਮੈਨੂੰ ਦੱਸਦਾ ਹੈ ਆਟਾ)
ਕਿਸੇ ਬਿਰਖ ਨੇ ਨਹੀਂ ਕਿਹਾ ਮੈਨੂੰ
"ਮੈਂ ਸਭ ਤੋਂ ਉੱਚਾ ਹਾਂ,"
ਕਿਸੇ ਜੜ੍ਹ ਨੇ ਨਹੀਂ ਕਿਹਾ ਮੈਨੂੰ
"ਮੈਂ ਹੀ ਆਉਂਦੀ ਹਾਂ ਸਭ ਤੋਂ ਵੱਧ ਡੂੰਘਾਈ ਤੋਂ"
ਤੇ ਕਦੇ ਨਹੀਂ ਕਿਹਾ ਰੋਟੀ ਨੇ
"ਕੁਝ ਵੀ ਨਹੀਂ ਹੈ ਰੋਟੀ ਵਰਗਾ"

ਨੇਰੂਦਾ ਦੀ ਲਿਖੀ ਹੋਈ ਕਵਿਤਾ ਵਿਸ਼ਾਲ ਹੈ। ਵੀਹਵੀਂ ਸਦੀ ਦੇ ਸ਼ਾਇਦ ਹੀ ਕਿਸੇ ਕਵੀ ਨੇ ਏਨੀਆਂ ਕਵਿਤਾਵਾਂ ਲਿਖੀਆਂ ਹੋਣ। ਸਾਰੀਆਂ ਕਵਿਤਾਵਾਂ ਭਾਵੇਂ ਉੱਚ ਕੋਟੀ ਦੀਆਂ ਨਾ ਵੀ ਹੋਣ, ਪਰ ਕਠੋਰ ਚੋਣ ਤੋਂ ਪਿੱਛੋਂ ਵੀ ਅਜੇਹੀਆਂ ਕਵਿਤਾਵਾਂ ਕਾਫੀ ਸਾਰੀਆਂ ਮਿਲਣਗੀਆਂ,ਜਿਨ੍ਹਾਂ ਨਾਲ ਇਕ ਮਹਾਨ ਕਵੀ ਦੀ ਰਚਨਾ-ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨੇਰੂਦਾ ਦਾ ਕਾਵਿ-ਸੰਸਾਰ ਅਸਲ ਵਿੱਚ ਕਵਿਤਾ ਦਾ ਇੱਕ ਉਭਰਦਾ ਹੋਇਆ ਮਹਾਦੀਪ ਹੈ।

ਆਪਣੀਆਂ ਕਵਿਤਾਵਾਂ ਦੇ ਬਾਰੇ ਵਿੱਚ ਆਪ ਨੇਰੂਦਾ ਨੇ ਏਥੇ ਜੋ ਕੁਝ ਆਖਿਆ ਹੈ, ਉਸ ਵਿੱਚ ਥੋਹੜੀ ਜਹੀ ਵੀ ਅਤਿਕਥਨੀ ਨਹੀਂ ਹੈ।

"ਮੇਰੀ ਕਵਿਤਾ ਤੇ ਮੇਰੀ ਜ਼ਿੰਦਗੀ ਨੇ ਇਕ ਅਮਰੀਕਨ ਦਰਿਆ ਵਾਂਗ ਵਿਕਾਸ ਕੀਤਾ ਹੈ। ਚਿੱਲੀ ਦੇ ਪਾਣੀ ਦਾ ਹੜ੍ਹ ਜਿਹੜਾ ਦੱਖਣੀ ਪਹਾੜਾਂ ਦੇ ਲੁਕੇ ਹੋਏ ਦਿਲ ਚੋਂ ਜਨਮਿਆ ਹੈ ਤੇ ਜਿਹੜਾ ਨਿਰੰਤਰ ਆਪਣੀ ਧਾਰਾ ਦੇ ਵਹਿਣ ਨੂੰ ਸਮੁੰਦਰ ਵੱਲ ਵਹਾਈ ਜਾਂਦਾ ਹੈ। ਮੇਰੀ ਕਵਿਤਾ ਆਪਣੇ ਵਹਿਣ ਦੇ ਨਾਲ ਜੋ ਵੀ ਲਿਜਾ ਸਕਦੀ ਹੈ, ਉਸ ਨੂੰ ਇਸ ਨੇ ਰੱਦ ਨਹੀਂ ਕੀਤਾ। ਇਸ ਨੇ ਉਤਸ਼ਾਹ ਨੂੰ ਪ੍ਰਵਾਨ ਕੀਤਾ, ਰਹੱਸ ਨੂੰ ਖੋਲ੍ਹਿਆ ਤੇ ਲੋਕਾਂ ਦੇ ਦਿਲਾਂ ਵੱਲ ਜਾਂਦੇ ਰਾਹ ਲਈ ਕੰਮ ਕੀਤਾ।"

"ਪਿਆਰ ਕਰਨ ਤੇ ਗੀਤ ਗਾਉਣ ਲਈ ਮੈਨੂੰ ਕਸ਼ਟ ਝੱਲਣਾ ਤੇ ਸੰਘਰਸ਼ ਕਰਨਾ ਪਿਆ। ਮੈਨੂੰ ਜਿੱਤਾਂ ਤੇ ਹਾਰਾਂ ਦਾ ਸੰਸਾਰਕ ਹਿੱਸਾ ਮਿਲਿਆ, ਮੈਂ ਰੋਟੀ ਤੇ ਲਹੂ ਦਾ ਸਵਾਦ ਚੱਖਿਆ ਇਸ ਤੋਂ ਵੱਧ ਕਵੀ ਹੋਰ ਕੀ ਚਾਹੁੰਦਾ ਹੈ? ਸਾਰੀਆ ਚੋਣਾਂ ਅੱਥਰੂ, ਚੁੰਮਣ, ਇਕੱਲਤਾ ਤੇ ਮਨੁੱਖ ਦਾ ਭਰਾਤਰੀ ਭਾਵ ਮੇਰੀ ਕਵਿਤਾ ਵਿੱਚ ਜੀਉਂਦੇ ਤੇ ਇਸ ਦਾ ਜ਼ਰੂਰੀ ਅੰਗ ਬਣ ਗਏ ਹਨ। ਕਿਉਂਕਿ ਮੈਂ ਆਪਣੀ ਕਵਿਤਾ ਨੂੰ ਜੀਵਿਆ ਹੈ ਤੇ ਇਸ ਨੇ ਉਸ ਸਭ ਕੁਝ ਦੀ ਪਾਲਣਾ ਕੀਤੀ ਹੈ, ਜਿਸ ਦੀ ਮੈਂ ਭਾਲ ਕਰਦਾ ਰਿਹਾ ਹਾਂ, ਤੇ ਜੋ ਮੈਨੂੰ ਬਹੁਤੇ ਪੁਰਸਕਾਰ ਮਿਲੇ ਹਨ, ਤਿਤਲੀਆਂ ਵਾਂਗ ਛਿਣ ਭਰ ਲਈ ਸਨ। ਫੁੱਲਾਂ ਦੀ ਧੂੜ ਵਾਂਗ ਨਾਜ਼ਕ, ਪਰ ਮੈਨੂੰ ਇਸ ਤੋਂ ਵੀ ਵੱਡਾ ਪੁਰਸਕਾਰ ਮਿਲਿਆ ਹੈ, ਜਿਸ ਨੂੰ ਕਈ ਬੰਦੇ ਸਮਝਣਗੇ, ਪਰ ਬਹੁਤੇ ਇਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਮੈਂ ਸ਼ਿਲਪ-ਸਿਖਿਆਰਥੀ ਦੀ ਬੜੀ ਮੁਸ਼ਕਲ ਟਰੇਨਿੰਗ ਤੇ ਲੰਮੇਰੀ ਭਾਲ ਚੋਂ ਲੰਘਿਆ ਹਾਂ ਤੇ ਨਾਲ ਹੀ ਲਿਖੇ ਸ਼ਬਦ ਦੇ ਗੋਰਖਧੰਦੇ ਚੋਂ ਲੋਕਾ ਦਾ ਕਵੀ ਬਣਿਆ ਹਾਂ।"

"ਇਹ ਹੈ ਪੁਰਸਕਾਰ । ਉਹ ਪੁਸਤਕਾਂ ਤੇ ਕਵਿਤਾਵਾਂ, ਜਿਹੜੀਆਂ ਅਨੁਵਾਦ ਹੋਈਆਂ ਹਨ, ਜਾਂ ਜਿਹਨਾਂ ਵਿੱਚ ਮੇਰੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਹੁੰਦਾ ਹੈ ਜਾ ਜਿਹਨਾਂ ਦੀ ਚੀਰਫਾੜ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਹੈ।"

ਜਿਸ ਕਵੀ ਦੇ ਵਿਚਾਰ ਇਸ ਉੱਚੀ ਧਰਤੀ ਦੇ ਹਨ. ਉਸ ਦੇ ਲਈ ਹੋਰ ਅਨੁਵਾਦਾਂ ਦੀ ਤਰ੍ਹਾਂ ਇਸ ਹਿੰਦੀ ਅਨੁਵਾਦ ਦਾ ਵੀ ਕੁਝ ਵਿਸ਼ੇਸ਼ ਅਰਥ ਨਹੀਂ ਰਹਿ ਜਾਂਦਾ। ਫਿਰ ਵੀ ਸਾਡੇ ਲਈ, ਅਸੀਂ ਭਾਰਤੀਆਂ ਲਈ, ਨੇਰੂਦਾ ਦੀਆਂ ਕਵਿਤਾਵਾਂ ਨੂੰ ਆਪਣੀ ਭਾਸ਼ਾ ਵਿੱਚ ਢਾਲਣ ਦਾ ਇੱਕ ਵਿਸ਼ੇਸ਼ ਅਰਥ ਹੈ।

ਵਿਸ਼ਵ ਨੂੰ ਜਾਨਣ ਦੀ ਜਗਿਆਸਾ ਰੱਖਣ ਵਾਲੇ ਨੇਰੂਦਾ ਦੇ ਲਈ ਭਾਰਤ ਅਣਜਾਣਿਆਂ ਨਹੀਂ ਸੀ। ਪਹਿਲੀ ਵਾਰ ਤੀਹਵੇਂ ਦਹਾਕੇ ਵਿੱਚ ਆਜ਼ਾਦੀ ਦੀ ਲੜਾਈ ਦੇ ਸਮੇਂ। ਫਿਰ ਸੰਨ 50 ਵਿੱਚ ਆਜ਼ਾਦੀ ਮਿਲਣ ਤੋਂ ਪਿਛੋਂ। ਉਸ ਵੇਲੇ ਉਹ ਸਿਰਫ਼ ਦਰਸ਼ਕ ਸਨ। ਕਾਂਗਰਸ ਦਾ ਅਜਲਾਸ ਵੇਖਿਆ ਗਾਂਧੀ, ਨਹਿਰੂ ਤੇ ਸੁਭਾਸ਼ ਨੂੰ ਵੇਖਿਆ। ਭਾਰਤੀ ਜਨਤਾ ਦੀ ਆਜ਼ਾਦੀ ਦੇ ਸੰਘਰਸ਼ ਦਾ ਉਤਸ਼ਾਹ ਤੱਕਿਆ। ਚੰਗਾ ਅਨੁਭਵ ਲੈ ਕੇ ਗਏ। ਦੂਸਰੀ ਵਾਰ ਪ੍ਰਧਾਨ ਮੰਤਰੀ ਨਹਿਰੂ ਨੂੰ ਮਿਲੇ। ਠੰਢੇ ਠੰਢੇ। ਸੁਆਦ ਖਰਾਬ ਹੋਇਆ। ਕੁਝ ਭਾਰਤੀ ਹਮਖਿਆਲ ਲੇਖਕਾਂ ਨਾਲ ਵੀ ਬੰਬਈ ਵਿੱਚ ਮੁਲਾਕਾਤ ਹੋਈ। ਇੱਕ ਤਰ੍ਹਾਂ ਘਾਟੇ ਨੂੰ ਪੂਰਨ ਵਾਲੀ। ਜੋ ਵੀ ਹੋਵੇ, ਭਾਰਤ ਦੀ ਮਿੱਟੀ ਨਾਲ ਉਹਨਾਂ ਦਾ ਸੰਪਰਕ ਹੋਇਆ। ਕੀ ਇਹ ਘੱਟ ਹੈ?

ਪਰ ਭਾਰਤ ਦੇ ਲਈ ਕਵੀ ਨੇਰੂਦਾ ਨਾਲੋਂ ਕਿਤੇ ਜ਼ਿਆਦਾ ਜਾਣੇ ਜਾਂਦੇ ਹਨ। ਸੰਨ 50 ਵਿੱਚ ਹੀ ਉਹਨਾਂ ਦੀਆਂ ਕਵਿਤਾਵਾਂ ਦਾ ਹਿੰਦੀ, ਉਰਦੂ, ਬੰਗਲਾ ਆਦਿ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਸ਼ੁਰੂ ਹੋ ਗਿਆ ਸੀ। ਸੰਨ 71 ਵਿੱਚ ਜਦੋਂ ਉਹਨਾਂ ਨੂੰ ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ ਤਾਂ 'ਆਲੋਚਨਾ' ਵਿੱਚ ਮੈਂ ਉਹਨਾਂ ਦੀਆਂ ਛੇ ਕਵਿਤਾਵਾਂ ਦਾ ਅਨੁਵਾਦ ਛਾਪਿਆ ਸੀ, ਤੇ ਇਕ ਛੋਟਾ ਜਿਹਾ ਵਾਕਫੀ-ਭਰਪੂਰ ਲੇਖ ਵੀ ਲਿਖਿਆ ਸੀ। ਫਿਰ ਅਗਲੇ ਹੀ ਅੰਕ ਵਿੱਚ ਉਸੇ ਵਰ੍ਹੇ ਕਵੀ ਕਮਲੇਸ਼ ਕ੍ਰਿਤ 'ਮਾਚੂ-ਪੀਚੂ' ਜਿਹੀ ਵਿਸ਼ਵ-ਪ੍ਰਸਿੱਧ ਕਵਿਤਾ ਦਾ ਅਨੁਵਾਦ ਆਇਆ। ਛੇਤੀ ਹੀ ਇਸ ਕਵਿਤਾ ਨੇ ਕਵੀ ਨੀਲਾਭ ਨੂੰ ਇੱਕ ਹੋਰ ਅਨੁਵਾਦ ਲਈ ਪ੍ਰੇਰਤ ਕੀਤਾ ਤੇ ਉਹ ਪੁਸਤਕ ਰੂਪ ਵਿੱਚ ਛਪਿਆ।

ਪ੍ਰਭਾਤੀ ਨੌਟਿਆਲ ਦੁਆਰਾ ਨੇਰੂਦਾ ਦੀਆਂ ਬੱਤੀ ਕਵਿਤਾਵਾਂ ਦਾ ਇਹ ਹਿੰਦੀ ਅਨੁਵਾਦ ਉਸੇ ਹੀ ਪਰੰਪਰਾ ਦੀ ਅਗਲਾ ਕਦਮ ਹੈ, ਪਰ ਇੱਕ ਵਿਸ਼ੇਸ਼ਤਾ ਸਹਿਤ। ਉਹ ਅਨੁਵਾਦ ਸਿੱਧਾ ਸਪੇਨੀ ਭਾਸ਼ਾ ਤੋਂ ਕੀਤਾ ਗਿਆ ਹੈ, ਇਸ ਤੋਂ ਪਹਿਲਾਂ ਦੇ ਸਾਰੇ ਅਨੁਵਾਦ ਅੰਗ੍ਰੇਜ਼ੀ ਪਾਠ ਤੋਂ ਹੋਏ ਸਨ, ਅਰਥਾਤ ਉਹ ਅਨੁਵਾਦ ਦੇ ਅਨੁਵਾਦ ਸਨ।

ਪ੍ਰਭਾਤੀ ਸਪੇਨੀ ਭਾਸ਼ਾ 'ਤੇ ਅਧਿਕਾਰ ਰੱਖਣ ਦੇ ਨਾਲ ਨਾਲ ਇੱਕ ਪ੍ਰਤਿਭਾਸ਼ਾਲੀ ਕਵੀ ਵੀ ਹਨ, ਅਰਥਾਤ ਸੋਨੇ ਤੇ ਸੁਹਾਗਾ। ਇਹਨਾਂ ਕਾਵਿ-ਅਨੁਵਾਦਾਂ ਦੇ ਬਾਰੇ ਕੁਝ ਕਹਿਣ ਦਾ ਅਧਿਕਾਰੀ ਮੈਂ ਨਹੀਂ ਹਾਂ। ਖਾਸ ਤੌਰ 'ਤੇ ਇਸ ਲਈ ਕਿ ਮਿੱਤਰ ਕੇਦਾਰ ਨਾਥ ਸਿੰਘ ਜੇਹੇ ਸਮਰੱਥ ਕਵੀ ਦੇ ਹੱਥਾਂ ਦੀ ਛੂਹ ਇਹਨਾਂ ਨੂੰ ਪ੍ਰਾਪਤ ਹੋ ਚੁੱਕੀ ਹੈ।

ਪ੍ਰਭਾਤੀ ਉਂਝ ਵੀ ਨੇਰੂਦਾ ਦੇ ਅਧਿਕਾਰੀ ਅਧਿਐਨ-ਕਰਤਾ ਹਨ। ਚਾਹੁੰਦੇ ਤਾਂ ਭੂਮਿਕਾ ਦੇ ਰੂਪ ਵਿੱਚ ਉਹ ਸੌਖੇ ਹੀ ਆਲੋਚਨਾਤਮਕ ਲੇਖ ਵੀ ਲਿਖ ਸਕਦੇ ਸੀ। ਸਹਿਯੋਗੀ ਯਤਨ ਦੇ ਰੂਪ ਵਿਚ ਮੈਂ ਇਸ ਗ੍ਰੰਥ ਨੂੰ ਪੇਸ਼ ਕਰਨ ਦੇ ਇਰਾਦੇ ਨਾਲ ਹੀ ਉਹਨਾਂ ਨੇ ਮੈਨੂੰ ਵੀ ਆਪਣੇ ਨਾਲ ਲੈ ਲਿਆ। ਮੇਰੇ ਲਈ ਉਹਨਾਂ ਦੀ ਇਹ ਨੇੜਤਾ ਪ੍ਰੇਮਭਰੀ ਬੇਨਤੀ ਹੈ।

ਨੇਰੂਦਾ ਦੀਆਂ ਕਵਿਤਾਵਾਂ ਦੇ ਇਸ ਹਿੰਦੀ ਅਨੁਵਾਦ ਦੀ ਸਭ ਤੋਂ ਵੱਡੀ ਸਾਰਥਕਤਾ ਮੇਰੀ ਨਜ਼ਰ ਵਿੱਚ ਇਹ ਹੈ ਕਿ ਇਸ ਨਾਲ ਪੱਛਮੀ 'ਆਧੁਨਿਕਤਾਵਾਦੀ' ਕਵਿਤਾ ਦੀ ਤ੍ਰਿਸ਼ਨਾ ਤੋਂ ਹਿੰਦੀ ਕਵਿਤਾ ਨੂੰ ਮੁਕਤ ਹੋਣ ਵਿੱਚ ਕੁਝ ਮਦਦ ਮਿਲੇਗੀ। ਇਸ ਲਾਤੀਨੀ ਅਮਰੀਕੀ ਕਵੀ ਨੇ ਉਸ 'ਆਧੁਨਿਕਤਾਵਾਦ' ਦੀਆਂ ਭੁੱਲ-ਭੁੱਲਈਆਂ ਵਿੱਚ ਕੁਝ ਦਿਨਾਂ ਤੀਕ ਭਟਕਣ ਤੋਂ ਬਾਅਦ ਕਵਿਤਾ ਦੇ ਲਈ ਇੱਕ ਵਿਕਲਪ (Alternative) ਦਾ ਰਾਹ ਖੋਜ ਕੱਢਿਆ ਸੀ। ਮੁਕਤੀ ਦਾ ਇਹ ਮਾਰਗ ਨੇਰੂਦਾ ਨੂੰ ਆਪਣੀ ਧਰਤੀ ਦੀਆਂ ਜੜ੍ਹਾਂ ਵਿੱਚੋਂ ਮਿਲਿਆ ਸੀ। ਸਾਨੂੰ ਵੀ ਆਸ ਕਰਨੀ ਚਾਹੀਦੀ ਹੈ ਕਿ ਇਹ ਕਾਵਿ-ਅਨੁਵਾਦ ਸਾਡੇ ਸਾਥੀ ਕਵੀਆਂ ਨੂੰ ਅੱਜ ਦੀ ਸਥਿਤੀ ਵਿੱਚ ਇੱਕ ਵਾਰ ਫਿਰ ਆਪਣੀਆਂ ਜੜ੍ਹਾਂ ਵੱਲ ਪਰਤਣ ਲਈ ਪ੍ਰੇਰਤ ਕਰੇਗਾ। *(ਹਿੰਦੀ ਤੋਂ ਅਨੁਵਾਦ)*





## ਪਾਬਲੋ ਨੇਰੂਦਾ ਦੀ ਕਾਵਿ-ਸਮਰੱਥਾ / *ਸਟੀਫਨ ਮਿੱਚਲ*

ਪਾਬਲੋ ਨੇਰੂਦਾ ਦੀ ਕਵਿਤਾ ਕਈ ਪੱਖਾਂ ਤੋਂ ਵਿਸ਼ਾਲ ਹੈ। ਇਸ ਦੇ ਹਜ਼ਾਰਾਂ ਹੀ ਸਫੇ ਨੇ। ਆਰੰਭ ਵਜੋਂ ਗੁਣਾਂ ਵਿਚ ਉੱਚੇ ਨੀਵੇਂ, ਪਰ ਬਹੁਲਤਾ ਪੱਖੋਂ ਚਕ੍ਰਿਤ ਕਰਨ ਵਾਲੇ ਹਨ। ਨੇਰੂਦਾ ਕਵਿਤਾ ਲਿਖਣ ਤੋਂ ਬਗੈਰ ਰਹਿ ਨਹੀਂ ਸੀ ਸਕਦਾ। ਉਹ ਸਾਹ ਲੈਣ ਵਾਂਗ ਕੁਦਰਤੀ ਤੌਰ ਤੇ ਲਿਖਦਾ ਸੀ ਤੇ ਕੁਦਰਤ ਵਾਂਗ ਹੀ ਜ਼ਿੰਦਾ ਦਿਲੀ ਤੇ ਅਣ ਸੋਚੇ ਢੰਗ ਨਾਲ ਵਿਚਰਦਾ ਸੀ। ਉਸ ਦੇ ਸਾਹਮਣੇ ਵੱਡੇ ਆਧੁਨਿਕ ਕਵੀ ਚੁਟਕੀ ਭਰ ਦੱਬੇ ਹੋਏ ਤੇ ਪੂਰਨਵਾਦੀ ਪ੍ਰਤੀਤ ਹੁੰਦੇ ਹਨ। ਉਸ ਦੇ ਟਾਕਰੇ ਤੇ ਵਾਲਟ ਵਿੱਟਮੈਨ ਇਕ ਖੁੰਡ ਲੇਖਕ ਹੀ ਪ੍ਰਤੀਤ ਹੁੰਦਾ ਹੈ। ਏਨੀ ਬਹੁਲਤਾ ਵਿਚੋਂ ਚੋਣ ਕਰਨੀ, ਇੰਝ ਪ੍ਰਤੀਤ ਹੁੰਦੀ ਸੀ, ਜਿਵੇਂ "ਇਕ ਹਜ਼ਾਰ ਇਕ ਰਾਤਾਂ" ਪੁਸਤਕ ਦੀ ਗੁਫਾ ਦੇ ਖਜ਼ਾਨੇ ਵਿਚੋਂ ਕੁਝ ਚੁਣਨਾ ਹੋਵੇ। ਤਜੌਰੀਆਂ ਤੇ ਹੀਰਿਆਂ ਦੇ ਘੜੇ ਮੇਰੇ ਸਾਰੇ ਪਾਸੇ ਡੁੱਲ੍ਹ ਡੁੱਲ੍ਹ ਪੈ ਰਹੇ ਸਨ, ਪਰ ਮੇਰੇ ਸਾਥੀ ਭੂਤ-ਪ੍ਰੇਤ ਨੇ ਕਿਹਾ ਸੀ ਕਿ ਮੈਨੂੰ ਇਸ ਵਿਚੋਂ ਸਿਰਫ ਆਪਣੀਆਂ ਜੇਬਾਂ ਹੀ ਭਰਨ ਦੀ ਆਗਿਆ ਹੈ। ਇਸ ਲਈ ਮੈਂ ਪ੍ਰਤੀਨਿਧ ਚੋਣ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਤੇ ਮੈਂ ਹੀਰੇ ਮੋਤੀ, ਪੰਨੇ, ਨੀਲ ਮਣੀਆਂ, ਮੁੰਦਰੀਆਂ, ਬੇਹਿਸਾਬ ਗਲ-ਗਾਨੀਆਂ ਜ਼ਰੀ ਵਾਲੇ ਕੰਗਣ, ਪੁਰਾਣੇ ਕੋਲੰਬੀਅਨ ਸ਼ੁੱਧ ਸੋਨੇ ਦੀਆਂ ਮੂਰਤੀਆਂ, ਪਲੈਟੀਨਮ ਧਾਤ ਦੀਆਂ ਚੌੜੀਆਂ ਛਾਤੀਆਂ ਵਾਲੀਆਂ ਦੇਵੀਆਂ, ਜਿਹਨਾਂ ਦਿਆਂ ਥਣਾਂ ਦੀਆਂ ਡੋਡੀਆਂ ਵਿਚ ਕਿਰਮਚੀ ਹੀਰੇ ਸਨ, ਵਿਚੋਂ ਬਰਾਬਰ ਬਰਾਬਰ ਚੀਜ਼ਾਂ ਨਹੀਂ ਚੁਣੀਆਂ। ਮੈਂ ਬੱਸ ਉਹੀ ਕੁਝ ਚੁਣਿਆ ਹੈ ਜੋ ਮੈਨੂੰ ਸਭ ਤੋਂ ਵੱਧ ਪਿਆਰਾ ਲੱਗਾ ਹੈ, ਜਦ ਮੇਰੀਆਂ ਜੇਬਾਂ ਭਰ ਗਈਆਂ, ਮੈਂ ਵਾਪਸ ਤੁਰ ਆਇਆ।

ਮੈਨੂੰ ਨੇਰੂਦਾ ਦੀਆਂ ਮਹਾਨਤਮ ਕਵਿਤਾਵਾਂ ਪਾਸੇ ਛੱਡਣੀਆਂ ਪਈਆਂ ਹਨ, ਕਿਉਂਕਿ ਉਹ ਮੇਰੀਆਂ ਮਨਭਾਉਂਦੀਆਂ ਨਹੀਂ ਸਨ। "ਪਿਆਰ ਦੀਆਂ ਵੀਹ ਕਵਿਤਾਵਾਂ" ਪੁਸਤਕ ਨੇ ਲਿੰਗ-ਤ੍ਰਿਸ਼ਨਾ ਨਾਲ ਸੰਬੰਧਤ ਜਵਾਨੀ ਭਰਪੂਰ ਆਰਾਧਣਾ ਗੀਤ, 'ਕਾਂਟੋ ਜਨਰਲ ਵਿਚਲਾ ਅਮਰੀਕਣਾਂ ਦੇ ਨਾਂ ਲਿਖਿਆ ਮਹਾਂਕੋਸ਼ੀ ਆਰਾਧਣਾ ਗੀਤ, ਤੇ ਇਸ ਦਾ ਸ਼ਾਹਕਾਰ, ਮਾਚੂ-ਪਿਚੂ ਦੀਆਂ ਉਚਾਣਾ, ਰੈਜ਼ੀਡੈਨਸ-ਆਨ-ਅਰਥ ਵਿਚਲੀ ਹਨੇਰੀ, ਇਕੱਲੀ ਤ੍ਰਿਸਕਾਰੀ ਤੇ ਬੇਚੈਨ ਆਭਾ ਵਾਲੀਆਂ ਕਵਿਤਾਵਾਂ ਆਦਿ ਛੱਡਣੀਆਂ ਪਈਆਂ। ਇਹਨਾਂ ਵਿਚੋਂ ਕਈ ਕਵਿਤਾਵਾਂ ਸਪੱਸ਼ਟ ਭਾਂਤ ਮਹਾਨ ਹਨ, ਪਰ ਮੈਂ ਉਹਨਾਂ ਵੱਲ ਪੜ੍ਹਨ ਲਈ ਆਕਾਰਸ਼ਿਤ ਨਹੀਂ ਹੋਇਆ।

ਨੇਰੂਦਾ ਦੀ ਜਿਹੜੀ ਕਵਿਤਾ ਮੈਨੂੰ ਸਭ ਤੋਂ ਵੱਧ ਪਸੰਦ ਹੈ ਤੇ ਜਿਸ ਨੂੰ ਮੈਂ ਹਰ ਵਾਰ ਨਵੀਂ ਖੁਸ਼ੀ ਨਾਲ ਪੜ੍ਹਦਾ ਹਾਂ, ਉਹ ਉਸ ਦੀ ਪ੍ਰਪੱਕ ਹੋਈ ਕਵਿਤਾ ਹੈ, ਜੋ 'ਐਲੀ-ਮੈਂਟਲ ਉਡਜ਼' ਦੇ ਪ੍ਰਕਾਸ਼ਤ ਹੋਣ ਨਾਲ ਆਰੰਭ ਹੁੰਦੀ ਹੈ। ਉਹ ਉਸ ਵਕਤ ਛਪੀ ਸੀ, ਜਦੋਂ ਉਹ ਪੰਜਾਹ ਸਾਲ ਦਾ ਹੋ ਗਿਆ ਸੀ ਤੇ ਜੋ 'Full Powers' ਕਿਤਾਬ ਨਾਲ ਖ਼ਤਮ ਹੁੰਦੀ ਹੈ, ਜਦੋਂ ਉਹ ਆਪਣੀ ਮੌਤ ਤੋਂ ਪਹਿਲਾਂ 58 ਸਾਲ ਦਾ ਹੋ ਗਿਆ ਸੀ। ਇਹ ਇਕ ਪ੍ਰਸੰਨਚਿਤ ਮਨੁੱਖ ਦੀਆਂ ਨਜ਼ਮਾਂ ਹਨ, ਲਿੰਗ-ਤ੍ਰਿਸ਼ਨਾ ਪੱਖੋਂ ਪੂਰੀ ਤਰ੍ਹਾਂ ਸੰਤੁਸ਼ਟ, ਸੰਸਾਰ ਵੱਲੋਂ ਸਨਮਾਨਿਤ ਤੇ ਜੀਵਨ, ਨੂੰ ਅਸੀਮ ਤੇ ਵਿਸ਼ੇਸ਼ ਸ਼ਕਲਾਂ ਵਿਚ ਪਿਆਰ ਕਰਨ ਵਾਲਾ ਤੇ ਭਾਸ਼ਾ ਦੀ ਖੁਸ਼ੀ ਨਾਲ ਡੁੱਲ੍ਹ ਡੁੱਲ੍ਹ ਪੈਂਦਾ। ਇਹ ਵਿਸ਼ਾਲ ਹਿਰਦੇ ਵਾਲੀਆਂ ਦਿਆਲੂ ਕਵਿਤਾਵਾਂ ਹਨ, ਜੋ ਵਿਨੋਦ ਨਾਲ ਗੂੰਜਦੀਆਂ ਹਨ ਤੇ ਜਿਹੜੀਆਂ ਆਧੁਨਿਕ ਕਵਿਤਾ ਕੀ, ਕਿਸੇ ਵੀ ਹੋਰ ਕਵਿਤਾ ਵਿਚ ਦੁਰਲੱਭ ਹਨ। ਕਈ ਮੌਕੇ ਪਹਿਲੀਆਂ ਕਵਿਤਾਵਾਂ ਵਾਲਾ ਪੜ ਯਥਾਰਥਵਾਦ ਪੱਕ ਕੇ ਹੁਣ ਅਰਥ-ਹੀਣਤਾ ਦੇ ਕੰਢੇ ਤੇ ਬਰਫ ਦੇ ਬੂਟ ਪਾਈ ਨਿਰੰਤਰ ਤੁਰਦਾ ਪ੍ਰਤੀਤ ਹੁੰਦਾ ਹੈ, ਲੁਤਫ਼ ਵਾਲਾ

ਬਣ ਗਿਆ ਹੈ।

ਰਿਚਲਡ ਵਿਲਬੂਰ ਦੀ ਚੇਤੇ ਰੱਖਣ ਯੋਗ ਟੂਕ, "ਪਿਆਰ ਸਾਨੂੰ ਸੰਸਾਰ ਦੀਆਂ ਚੀਜ਼ਾਂ ਦਾ ਬੁਲਾਵਾ ਦਿੰਦਾ ਹੈ" ਦੇ ਪ੍ਰਸੰਗ ਵਿਚ ਜਿਹਨਾਂ ਵੀ ਕਵੀਆਂ ਨੇ ਕਦੇ ਕੁਝ ਲਿਖਿਆ ਹੈ, ਨੇਰੂਦਾ ਉਹਨਾਂ ਵਿਚੋਂ ਸਭ ਤੋਂ ਪਿਆਰਾ ਕਵੀ ਹੈ। ਅਸੀਂ ਸਿਧਾਂਤਵਾਦੀ ਤੇ ਸਵੈ-ਨਾਟਕੀ ਕਾਮਰੇਡੀ ਭਾਵਨਾ ਵਾਲੀਆਂ ਵਧੇਰੇ ਰਾਜਸੀ ਕਵਿਤਾਵਾਂ ਨੂੰ ਜੇ ਪਾਸੇ ਵੀ ਕਰੀਏ ਤਾਂ ਉਸ ਦੀ ਕਵਿਤਾ ਵਿਚ ਸੁਹਿਰਦ ਸਾਂਝ ਦੀ ਬੜੀ ਡੂੰਘੀ ਭਾਵਨਾ ਹੈ, ਜੋ ਪ੍ਰਪੱਕ ਹੋਈ ਕਵਿਤਾ ਵਿਚੋਂ ਬੋਲਦੀ ਹੈ। ਉਸ ਦੀ ਪ੍ਰੇਰਨਾ ਦੇ ਸੋਮੇ ਅਸੀਮ ਹਨ। ਉਹ ਆਪਣਾ ਧਿਆਨ ਹਾਥੀ, ਜਰਾਬਾਂ ਦੇ ਜੋੜੇ, ਸਮੇਂ ਜਾਂ ਹਾਥੀ-ਚੱਕ ਬੂਟੀ, ਐਟਮ, ਸਿਤਾਰੇ ਜਾਂ ਸਾਬਣ ਦੀ ਚਾਕੀ ਵੱਲ ਮੋੜਦਾ ਹੈ, ਤਾਂ ਇਹਨਾਂ ਵਿਚ ਤੁਰੰਤ ਜ਼ਿੰਦਗੀ ਧੜਕਣ ਲੱਗ ਪੈਂਦੀ ਹੈ। ਇਹ ਬ੍ਰਹਿਮੰਡ ਦਾ ਕੇਂਦਰ ਬਣ ਜਾਂਦੀ ਹੈ ਅਤੇ ਇਹ ਅਸਚਰਜ ਜਨਕ ਰੂਪਕ ਅਲੰਕਾਰਾਂ ਦੀ ਲੜੀ ਸਦਕਾ ਮਨੁੱਖਾਂ ਦੇ ਅੰਤਰ-ਸਬੰਧਾਂ ਦੇ ਨਾਲ ਕਿਸੇ ਵੀ ਚੀਜ਼ ਅਤੇ ਹਰ ਚੀਜ਼ ਨਾਲ ਜੁੜੀ ਹੁੰਦੀ ਹੈ। ਇਹ ਸੰਬੰਧ ਏਨੇ ਨਿਰੰਤਰ ਤੇ ਹੈਰਾਨੀ ਜਨਕ ਹਨ ਕਿ ਅਸੀਂ ਕਈ ਵਾਰ ਉਸ ਦੀ ਕਲਪਣਾ ਦੀ ਉਪਜਾਊ ਸ਼ਕਤੀ ਮਗਰ ਭੱਜੇ ਜਾਂਦੇ ਅਨੁਭਵ ਕਰਦੇ ਹਾਂ ਤੇ ਸਾਰੀ ਚੰਗਿਆਈ ਅਤੇ ਤੇਜ਼ ਬੁੱਧੀ ਨੂੰ ਸਮਝਣ ਲਈ ਸਾਹੋ-ਸਾਹ ਹੋ ਜਾਂਦੇ ਹਾਂ।

ਮੈਂ ਉਹਨਾਂ ਕਵਿਤਾਵਾਂ ਵਿਚ ਖੁਸ਼ੀ ਨਾਲ ਦਾਖਲ ਹੋਇਆ ਸੀ ਤੇ ਆਨੰਦ ਦੀ ਅਵਸਥਾ ਵਿਚ ਵਾਪਸ ਬਾਹਰ ਜਾਂਦਾ ਹਾਂ ਤੇ ਉਸ ਵਿਸ਼ਾਲਤਾ ਲਈ ਧੰਨਵਾਦੀ ਹਾਂ, ਜਿਸ ਨਾਲ ਇਹਨਾਂ ਨੇ ਮੈਨੂੰ ਅਤਿਅੰਤ ਬੁੱਧੀਮਾਨ ਬੱਚੇ ਦੀਆਂ ਅੱਖਾਂ ਰਾਹੀਂ ਸੰਸਾਰ ਨੂੰ ਵੇਖਣ ਦੀ ਆਗਿਆ ਦਿੱਤੀ ਸੀ।

"ਵੇਖੋ! ਮੈਂ ਹਰ ਚੀਜ਼
ਬਿਲਕੁਲ ਨਵੀਂ ਬਣਾ ਦਿੰਦਾ ਹਾਂ"

ਨੇਰੂਦਾ ਦੇ ਮੈਨੂੰ ਉਸ ਬਾਰੇ ਇਲਹਾਮ ਦਾ ਹਵਾਲਾ ਦੇਣ ਉੱਤੇ ਘਿਰਣਾ ਕਰਨੀ ਸੀ। ਪਰ ਕਵਿਤਾ ਦੀ ਆਤਮਾ, ਭਾਵੇਂ ਇਸਨੂੰ ਪਵਿੱਤਰ ਕਹੀਏ ਜਾਂ ਨਾ, ਸਭ ਚੀਜ਼ਾਂ ਨੂੰ ਨਵਾਂ ਬਣਾ ਦਿੰਦੀ ਹੈ ਤੇ ਨੇਰੂਦਾ, ਜੋ ਇਸ ਸੰਸਾਰ ਦੀਆਂ ਏਨੀਆਂ ਚੀਜ਼ਾਂ ਨੂੰ ਆਪਣੀ ਵੱਡੀ ਗਲਵੱਕੜੀ ਵਿਚ ਇਕੱਠੀਆਂ ਕਰ ਦਿੰਦਾ ਹੈ, ਸਾਨੂੰ ਇਹਨਾਂ ਚੀਜ਼ਾਂ ਦੇ ਪਿਆਰੇ ਵਿਨੋਦਮਈ ਤੇ ਦਰਦ-ਮੰਦ ਸੋਮੇ ਦੇ ਨੇੜੇ ਲੈ ਆਉਂਦਾ ਹੈ। ਭਾਸ਼ਾ ਨਾਲ ਆਪਣੇ ਜੋਸ਼ੀਲੇ ਪਿਆਰ ਸਦਕਾ ਉਹੀ ਕਵੀ ਇਹ ਗੱਲ ਕਹਿ ਸਕਦਾ ਹੈ ਕਿ ਮੈਂ ਕਹਿੰਦਾ ਹਾਂ ਤੇ ਸ਼ਬਦਾਂ ਦੀ ਸਰਹੱਦ ਤੋਂ ਪਾਰ ਬਿਨਾਂ ਬੋਲਣ ਦੇ, ਮੈਂ ਚੁਪ ਕੋਲ ਪਹੁੰਚਦਾ ਹਾਂ।

***(Full Woman, fleshy Apple Hot Moon* ਸੰਗ੍ਰਹਿ ਦੀ ਭੂਮਿਕਾ)**

---

## ਨਹੀਂ ਮੇਰੇ ਦੋਸਤੋ

ਐਵੇਂ ਹੀ ਉਹ ਮੇਰੀ ਜਾਸੂਸੀ
ਕਰਦੇ ਨੇ
ਉਹ ਜੋ ਉਡੀਕ ਕਰਦੇ ਨੇ
ਕਿ ਮੈਂ ਕੋਨੇ ਤੇ ਖਲੋਤਾ ਹੋਵਾਂ
ਤੇ ਆਪਣੇ ਹਥਿਆਰ,
ਆਪਣੇ ਵਿਚਾਰ,
ਆਪਣੀਆਂ ਆਸਾਂ,
ਵੇਚ ਦੇਵਾਂ
ਹਰ ਰੋਜ਼ ਮੈਂ ਧਮਕੀਆਂ
ਸੁਣੀਆਂ
ਰਿਸ਼ਵਤਾਂ, ਗੁੱਸੇ ਤੇ ਝੂਠਾਂ ਨੂੰ
ਪਰ ਮੈਂ ਆਪਣੇ ਸਿਤਾਰੇ
ਤੋਂ ਪਿੱਛੇ ਨਹੀਂ ਪਰਤਿਆ।





## 1. ਲੋਕਾਂ ਦੇ ਕਵੀ

ਦੱਖਣੀ ਅਮਰੀਕਾ ਹਮੇਸ਼ਾ ਹੀ ਘੁਮਿਆਰਾ ਦੀ ਧਰਤੀ ਰਹੀ ਹੈ। ਮਿੱਟੀ ਦੇ ਭਾਂਡੇ ਬਣਾਉਣ ਵਾਲਿਆਂ ਦਾ ਮਹਾਂਦੀਪ ਸੀ। ਇਹ ਗਾਉਂਦੇ ਘੜੇ ਸਦਾ ਹੀ ਲੋਕਾਂ ਵੱਲੋਂ ਆਉਂਦੇ ਰਹੇ ਹਨ। ਉਹਨਾਂ ਇਹ ਮਿੱਟੀ ਨਾਲ ਤੇ ਆਪਣੇ ਹੱਥਾਂ ਨਾਲ ਬਣਾਏ ਸੀ। ਉਹਨਾਂ ਇਹ ਸੁੰਦਰ ਚਿੱਟੀ ਚੀਕਨੀ ਮਿੱਟੀ ਤੇ ਆਪਣੇ ਹੱਥਾਂ ਨਾਲ ਬਣਾਏ ਸਨ। ਉਹਨਾਂ ਇਹ ਪੱਥਰਾਂ ਤੇ ਆਪਣੇ ਹੱਥਾਂ ਨਾਲ ਬਣਾਏ ਸੀ। ਉਹਨਾਂ ਇਹ ਚਾਂਦੀ ਨਾਲ ਤੇ ਆਪਣੇ ਹੱਥਾਂ ਨਾਲ ਬਣਾਏ ਸਨ।

ਮੈਨੂੰ ਹਮੇਸ਼ਾ ਹੀ ਲੋਕਾਂ ਦੇ ਹੱਥਾਂ ਨੂੰ ਕਵਿਤਾ ਰਚਦੇ ਵੇਖਣ ਦੀ ਤਾਂਘ ਕੀਤੀ ਹੈ। ਮੈਂ ਹਮੇਸ਼ਾ ਉਸ ਕਵਿਤਾ ਨੂੰ ਪਹਿਲ ਦਿੱਤੀ ਹੈ, ਜਿਸ 'ਤੇ ਹੱਥਾਂ ਦੇ ਨਿਸ਼ਾਨ ਲੱਗੇ ਹੋਣ। ਗੁੰਨੀ ਹੋਈ ਚਿਕਨੀ ਮਿੱਟੀ ਦੀ ਕਵਿਤਾ, ਜਿੱਥੇਂ ਪਾਣੀ ਵੀ ਗਾਉਂਦਾ ਹੈ। ਰੋਟੀ ਦੀ ਕਵਿਤਾ, ਜਿੱਥੇ ਹਰ ਕੋਈ ਖਾ ਸਕੇ।

ਸਿਰਫ ਲੋਕਾਂ ਦੀ ਕਵਿਤਾ ਹੀ, ਹੱਥਾਂ ਦੀ ਯਾਦ ਨੂੰ ਜਿਊਂਦਾ ਰੱਖਦੀ ਹੈ।

ਕਵੀਆਂ ਨੇ ਆਪਣੇ ਆਪ ਨੂੰ ਪ੍ਰਯੋਗ-ਸ਼ਾਲਾਵਾਂ ਵਿੱਚ ਬੰਦ ਕਰ ਲਿਆ, ਪਰ ਲੋਕੀਂ ਆਪਣੀ ਗੋਈ ਮਿੱਟੀ, ਆਪਣੀ ਧਰਤੀ, ਆਪਣੇ ਦਰਿਆਵਾਂ, ਤੇ ਆਪਣੇ ਚੱਪੂਆਂ ਨਾਲ ਗਾਉਂਦੇ ਰਹੇ। ਉਹਨਾਂ ਅਸਾਧਾਰਨ ਭਾਂਤ ਦੇ ਫੁੱਲ, ਕਮਾਲ ਦੇ ਮਹਾਂਕਾਵਿ ਪੈਦਾ ਕੀਤੇ। ਉਹਨਾਂ ਖਤਰਨਾਕ ਮੁਹਿੰਮਾਂ ਤੇ ਘੱਲੂਘਾਰਿਆਂ ਦੀਆਂ ਕਹਾਣੀਆਂ ਸੁਣਾਈਆਂ। ਉਹਨਾਂ ਆਪਣੇ ਸੂਰਮਿਆਂ ਦੇ ਜਸ਼ਨ ਮਨਾਏ, ਆਪਣੇ ਹੱਕਾਂ ਦੀ ਰਾਖੀ ਕੀਤੀ। ਆਪਣੇ ਸੰਤਾਂ ਦੇ ਸਿਰ 'ਤੇ ਤਾਜ ਰੱਖੇ ਤੇ ਉਹ ਆਪਣੇ ਮਰ ਗਿਆਂ ਲਈ ਰੋਏ।

ਉਹ ਸਾਰਾ ਕੁਝ ਉਹਨਾਂ ਆਪਣੇ ਹੱਥਾਂ ਨਾਲ ਕੀਤਾ। ਉਹ ਹੱਥ ਕੁਢੱਬੇ ਸਨ, ਪਰ ਇਹ ਸਿਆਣੇ ਸਨ। ਉਹ ਅੰਨ੍ਹੇ ਸਨ ਪਰ ਉਹਨਾਂ ਪੱਥਰ ਤੋੜੇ, ਉਹ ਛੋਟੇ ਸਨ, ਪਰ ਉਹਨਾਂ ਸਮੁੰਦਰ 'ਚੋਂ ਮੱਛੀਆਂ ਫੜੀਆਂ। ਉਹ ਕਾਲੇ ਸਨ, ਪਰ ਉਹਨਾਂ ਰੌਸ਼ਨੀ ਦੀ ਤਲਾਸ਼ ਕੀਤੀ।

ਇਸ ਕਵਿਤਾ ਵਿੱਚ ਉਹਨਾਂ ਸਭ ਚੀਜ਼ਾਂ ਦਾ ਜਾਦੂ ਹੈ, ਜੋ ਕੁਦਰਤੀ ਤੌਰ 'ਤੇ ਰਚੀਆਂ ਗਈਆਂ ਹਨ।

ਲੋਕਾਂ ਦੀ ਇਸ ਕਵਿਤਾ ਉਤੇ ਉਹਨਾਂ ਸਭ ਚੀਜ਼ਾਂ ਦੀ ਮੋਹਰ-ਛਾਪ ਲੱਗੀ ਹੈ, ਜੋ ਕੁਦਰਤ, ਮੀਂਹ, ਧੁੱਪ, ਬਰਫ ਤੇ ਹਵਾ ਵਿੱਚ ਖੁੱਲ੍ਹੀਆਂ ਪਈਆਂ ਹਨ। ਇਹ ਉਹ ਕਵਿਤਾ ਹੈ,ਜੋ ਹੱਥੋ-ਹੱਥ ਅੱਗੇ ਤੋਂ ਅੱਗੇ ਤੋਰੀ ਜਾਣੀ ਚਾਹੀਦੀ ਹੈ। ਇਹ ਉਹ ਕਵਿਤਾ ਹੈ, ਜੋ ਹਵਾ ਵਿੱਚ ਪਰਚਮ ਵਾਂਗ ਛਲਕਣੀ ਚਾਹੀਦੀ ਹੈ। ਜਿਹੜੀ ਕਵਿਤਾ ਨੂੰ ਦਬਾਇਆ ਗਿਆ ਹੈ, ਕਵਿਤਾ ਜਿਸ ਵਿੱਚ ਸੰਪੂਰਨ ਚਿਹਰਿਆਂ ਦੀ ਯੂਨਾਨੀ ਸਡੋਲਤਾ ਦੀ ਘਾਟ ਹੈ। ਇਸ ਦੇ ਖੁਸ਼ ਕੌੜੇ ਚਿਹਰੇ 'ਤੇ ਦਾਗ਼ ਹਨ।

ਮੈਂ ਇਹਨਾਂ ਲੋਕਾਂ ਦੇ ਕਵੀਆਂ ਨੂੰ ਕੋਈ ਫੁੱਲਾਂ ਦਾ ਮੁਕਟ ਪ੍ਰਦਾਨ ਨਹੀਂ ਕਰ ਰਿਹਾ। ਇਹ ਉਹ ਹਨ ਜੋ, ਮੈਨੂੰ ਉਹ ਸ਼ਕਤੀ ਤੇ ਨਿਰਛਲਤਾ ਭੇਂਟ ਕਰਦੇ ਹਨ, ਜਿਹੜੀ ਸਭ ਕਵਿਤਾ ਨੂੰ ਜੀਵੰਤ ਰੱਖਦੀ ਹੈ। ਇਹਨਾਂ ਰਾਹੀਂ ਮੈਂ ਇਹਨਾਂ ਦੀ ਵਡਿਆਈ ਚਮੜੇ, ਹਰੇ ਪੱਤੇ ਤੇ ਖੁਸ਼ੀ ਦੀ ਉਤਲੀ ਤਹਿ ਨੂੰ ਛੂਹੰਦਾ ਹਾਂ।

ਇਹ ਉਹ ਹਨ, ਲੋਕਾਂ ਦੇ ਕਵੀ, ਗੁੰਮਨਾਮ ਕਵੀ, ਜੋ ਮੈਨੂੰ ਰੌਸ਼ਨੀ ਵਿਖਾਉਂਦੇ ਹਨ।

(ਮਾਰਚ 6, 1966 ਵਿੱਚ ਸਨਤਿਆਗੋ ਵਿੱਚ ਛਪੇ ਕਾਵਿ-ਸੰਗ੍ਰਹਿ "ਲੋਕਾਂ ਦੀ ਸਿਤਾਰ" ਦੀ ਭੂਮਿਕਾ)

## 2. ਰੋਟੀ, ਦੋਸਤੀ ਤੇ ਅਮਨ

ਕੱਲ ਮੈਂ ਹਵਾਨਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਆਪਣੀਆਂ ਕਵਿਤਾਵਾਂ ਸੁਣਾਈਆਂ। ਮੈਂ ਉਹਨਾਂ ਨੂੰ 'ਸਟਾਲਿਨਗਰਾਡ' ਬਾਰੇ ਆਪਣੀ ਪੁਰਾਣੀ ਕਵਿਤਾ ਵੀ ਸੁਣਾਈ। ਮੈਂ ਨੌਜਵਾਨਾਂ ਦਾ

ਹੁੰਗਾਰਾ ਅਨੁਭਵ ਕੀਤਾ. ਬਿਜਲੀ ਦੀ ਇਕ ਲਹਿਰ ਸਰੋਤਿਆਂ ਵਿੱਚ ਦੀ ਲੰਘ ਗਈ ਪ੍ਰਤੀਤ ਹੁੰਦੀ ਸੀ, ਤੇ ਉਹਨਾਂ ਦਾ ਜੋਸ਼ ਮੈਨੂੰ ਵੀ ਪ੍ਰਭਾਵਤ ਕਰ ਗਿਆ।

ਕਿਊਬਾ-ਵਾਸੀ ਮਹਿਸੂਸ ਕਰਦੇ ਹਨ ਕਿ ਕਿਊਬਾ ਉਹਨਾਂ ਦਾ 'ਸਟਾਲਿਨਗਰਾਡ' ਹੈ। ਇਹ ਸਾਰੇ ਲਾਤੀਨੀ ਅਮਰੀਕਾ ਦੀ ਪਛੜੇਵੇਂ, ਲਾਲਚ ਤੇ ਜ਼ੁਲਮ ਦੀਆਂ ਕਾਲੀਆਂ ਤਾਕਤਾਂ ਦੇ ਵਿਰੁਧ ਲੜਾਈ ਹੈ।

ਕਿਊਬਾ-ਵਾਸੀ ਉਸੇ ਤਰ੍ਹਾਂ ਹੀ ਨਿਰ-ਸਵਾਰਥ ਤੇ ਦ੍ਰਿੜ ਹੋ ਕੇ ਸਾਮਰਾਜ ਦੇ ਵਿਰੁਧ ਲੜਾਈ ਲੜ ਰਹੇ ਹਨ, ਜਿਵੇਂ ਕਿ ਮਹਾਨ ਦੇਸ਼-ਭਗਤਕ ਜੰਗ ਸਮੇਂ ਨਾਜ਼ੀਆਂ ਦੇ ਵਿਰੁਧ ਸੋਵੀਅਤ ਲੋਕ ਲੜੇ ਸਨ।

ਇਹ ਆਮ ਪ੍ਰਚਲਤ ਭਾਵਨਾ ਹੈ, ਲੋਕਾਂ ਵਿੱਚ। ਇਹੋ ਹੀ ਕਾਰਨ ਸੀ ਕਿ ਸੋਵੀਅਤ ਲੋਕਾਂ ਨੂੰ ਸਮਰਪਤ ਮੇਰੀ ਪੁਰਾਣੀ ਕਵਿਤਾ ਬਾਰੇ ਉਹਨਾਂ ਨੇ ਇੰਝ ਜਜ਼ਬਾਤੀ ਤੌਰ 'ਤੇ ਭਰਵਾਂ ਹੁੰਗਾਰਾ ਭਰਿਆ।

ਮੈਂ ਕੁਝ ਦਿਨ ਪਹਿਲਾਂ ਹੀ ਏਥੇ ਪੁੱਜਾ ਹਾਂ, ਤੇ ਮੈਂ ਹਰ ਉਹ ਚੀਜ਼ ਜਿਹੜੀ ਵੇਖੀ ਹੈ, ਦੀ ਪ੍ਰਸੰਸਾ ਕਰਦਾ ਹਾਂ। ਕਿਊਬਾ ਦੀ ਕੌਮ ਬਾਕੀ ਦੇ ਲਾਤੀਨੀ ਅਮਰੀਕਾ ਨਾਲੋਂ ਬਹੁਤ ਅੱਗੇ ਹੈ ਤੇ ਹੋਰ ਕਈ ਦੇਸ਼ਾਂ ਨੂੰ ਵੀ ਪਿੱਛੇ ਛੱਡ ਗਈ ਹੈ, ਜਿਵੇਂ ਉਹ ਨਿਕੰਮੀਆਂ ਤੇ ਪੁਰਾਣੇ ਫੈਸ਼ਨ ਦੀਆਂ ਘੋੜਾ-ਗੱਡੀਆਂ ਹੋਣ।

ਖੇਤੀ-ਪੱਖੀ ਸੁਧਾਰ ਗਤੀ ਵਿੱਚ ਹਨ ਤੇ ਕਿਊਬਾ ਦੇ ਲੋਕ ਇਨਕਲਾਬੀ ਪ੍ਰੀਵਰਤਨਾਂ ਵਿੱਚ ਭਰਪੂਰ ਹਿੱਸਾ ਪਾ ਰਹੇ ਹਨ।

ਕਿਊਬਾ ਅਥਾਹ ਖ਼ੁਸ਼ੀ ਨਾਲ ਭਰਿਆ ਪਿਆ ਹੈ। ਕਿਊਬਾ ਦੇ ਲੋਕ ਚੰਗੀ ਤਰ੍ਹਾਂ ਸਮਝਦੇ ਹਨ ਕਿ ਉਹਨਾਂ ਨੇ ਖੂੰਖਾਰ ਡਿਕਟੇਟਰ ਬਾਤਿਸਤਾ ਨੂੰ ਜਲਾਵਤਨ ਕੀਤਾ ਹੈ, ਏਸੇ ਕਾਰਨ ਹੀ ਪੈਂਟਾਗਨ ਤੇ ਅਮਰੀਕੀ ਸਾਮਰਾਜੀ ਉਹਨਾਂ ਦੇ ਮੁੱਖ ਦੁਸ਼ਮਣ ਬਣ ਗਏ ਹਨ.

ਕਿਊਬਾ ਦੀ ਲੋਕਾਂ ਦੇ ਸੰਘਰਸ਼ ਆਪਣੇ ਦੇਸ਼ ਦੀ ਰਾਖੀ ਤੀਕ ਹੀ ਸੀਮਤ ਨਹੀਂ, ਸਗੋਂ ਉਹ ਰੋਜ਼ਾਨਾ ਰਚਨਾਮਈ ਤੇ ਅਰਥ-ਭਰਪੂਰ ਉੱਦਮ ਕਰ ਰਹੇ ਹਨ।

ਅਮਰੀਕੀ ਸਾਮਰਾਜੀ ਸਮਝਦੇ ਹਨ ਕਿ ਉਹ ਸਿਰਫ ਅਜਿੱਤ ਫੀਦਲ ਕਾਸਟਰੋ ਦੇ ਵਿਰੁੱਧ ਹੀ ਨਹੀਂ, ਸਗੋਂ ਉਹ ਸਾਰੇ ਕਿਊਬਾ ਤੇ ਇਸਦੇ ਆਸ਼ਾਵਾਦੀ ਲੋਕਾਂ ਦੇ ਖਿਲਾਫ ਲੜ ਰਹੇ ਹਨ।

ਕਿਊਬਾ ਨੂੰ ਵਾਪਸ ਖੋਹਣ ਲਈ ਉਤਰੀ ਅਮਰੀਕਾ ਦੇ ਲੁਟੇਰੇ ਉਸ ਦੇ ਸੈਨਿਕਾਂ, ਕਵੀਆਂ, ਕਾਮਿਆਂ, ਕਿਸਾਨਾਂ, ਔਰਤਾਂ ਤੇ ਬੱਚਿਆਂ ਨੂੰ ਕੁਚਲਣ ਲਈ ਦ੍ਰਿੜ ਹਨ। ਉਹ ਧਰਤੀ ਤੋਂ ਕਿਊਬਾ ਦੇ ਨਾਮੋ-ਨਿਸ਼ਾਨ ਨੂੰ ਮਿਟਾਉਣ ਤੋਂ ਉਰਾਂ ਨਹੀਂ ਖਲੋਣਗੇ।

ਕਿਊਬਾ ਦੀ ਕੌਮ, ਜਿਹੜੀ ਕਦੇ ਇਕੱਲੀ ਸੀ, ਦੇ ਹੁਣ ਕਈ ਦੇਸ਼ਾਂ ਵਿਚ, ਬਹੁਤ ਸਾਰੇ ਮਿੱਤਰ ਸਨ। ਇਹ ਸੋਵੀਅਤ ਸੰਘ ਪ੍ਰਤੀ ਪਿਆਰ, ਦੇਣਦਾਰੀ ਤੇ ਸਤਿਕਾਰ ਨਾਲ ਭਰੀ ਪਈ ਹੈ, ਜਿਸ ਦੇ ਭਰਾਤਰੀ ਹੱਥ ਰੋਟੀ, ਦੋਸਤੀ ਤੇ ਅਮਨ ਨੂੰ ਹਵਾਨਾ ਦੀ ਬੰਦਰਗਾਹ ਤੋਂ ਉਤਾਰਦੇ ਹਨ।

ਕਿਊਬਾ ਇਕੱਲਾ ਨਹੀਂ ਹੈ।

ਕਿਊਬਾ ਜਿੱਤੇਗਾ।

ਕਿਊਬਾ ਸਾਡੀ ਵਫਾਦਾਰੀ ਦਾ ਨਾਂ ਹੈ।

## 3. ਆਈਸਲਾ ਨੇਗਰਾ ਦੇ ਕਢਾਈਕਾਰ

ਆਈਸਲਾ ਨੇਗਰਾ ਵਿੱਚ ਹਰ ਚੀਜ਼ ਨੂੰ ਫੁੱਲ ਖਿੜਦੇ ਨੇ। ਨਿੱਕੇ ਤੋਂ ਨਿੱਕੇ ਪੀਲੇ ਫੁੱਲ ਲੰਮੇਰੀਆਂ ਸਰਦੀਆਂ ਵਿੱਚ ਜੀਉਂਦੇ ਰਹਿੰਦੇ ਹਨ ਤੇ ਫਿਰ ਨੀਲੇ, ਫਿਰ ਬਸੰਤੀ, ਤੇ ਕਿਰਮਚੀ ਰੰਗ ਦੇ ਹੋ ਜਾਂਦੇ ਹਨ।

ਸਮੁੰਦਰ ਸਾਰਾ ਸਾਲ ਖਿੜਿਆਂ ਰਹਿੰਦਾ ਹੈ।

ਤੇ ਪਿਛਲੀਆਂ ਸਰਦੀਆਂ ਆਈਸਲਾ ਨੇਗਰਾ ਦੇ ਕਢਾਈ-ਕਾਰਾਂ ਨੂੰ ਫੁੱਲ ਖਿੜਨ ਲੱਗੇ ਹਨ।



ਹਰ ਘਰ ਨੇ ਜਿਹਨਾਂ ਨੂੰ ਮੈਂ ਪਿਛਲੇ ਤੀਹ ਸਾਲਾਂ ਤੋਂ ਜਾਣਦਾ ਹਾਂ, ਇੱਕ ਫੁੱਲ ਵਾਂਗ ਆਪਣੀ ਕਢਾਈ ਦਾ ਨਮੂਨਾ ਪ੍ਰਦਰਸ਼ਨੀ ਲਈ ਬਾਹਰ ਟੰਗ ਦਿੱਤਾ ਹੈ। ਇਸ ਤੋਂ ਪਹਿਲਾਂ ਉਹ ਘਰ ਹਨੇਰੇ ਤੇ ਚੁੱਪ ਸਨ ਤੇ ਅਚਾਨਕ ਨੀਲੀ ਨਿਰਛਲਤਾ, ਵੈਂਗਣੀ ਗੰਭੀਰਤਾ ਤੇ ਗੁਲਾਬੀ ਸਪੱਸ਼ਟਤਾ ਦੇ ਰੰਗਦਾਰ ਧਾਗਿਆਂ ਨਾਲ ਉਜਾਗਰ ਹੋ ਉੱਠੇ ਹਨ। ਕਢਾਈਕਾਰ ਸਾਧਾਰਨ ਔਰਤਾਂ ਹਨ ਤੇ ਉਹ ਆਪਣੇ ਦਿਲ ਦੇ ਰੰਗਾਂ ਨਾਲ ਵੇਲ-ਬੂਟੇ ਕੱਢਦੀਆਂ ਹਨ। ਉਹਨਾਂ ਦੇ ਨਾਂ ਹਨ, ਮਰਸੀਡੀਜ਼, ਜੋਸੇ ਲੂਈਸ ਦੀ ਪਤਨੀ ਵਰਗੀ, ਜਾਂ ਈਫੂਮੀਆ ਜਾਂ ਪੂਰਾ, ਜਾਂ ਅਡੋਲਾ ਜਾਂ ਅਡਾ ਲੇਡਾ। ਇਹ ਸਾਦਾ ਨਾਂ ਹਨ ਜਿਵੇਂ ਕਿ ਨਾਂ ਹੁੰਦੇ ਹਨ, ਇਹ ਉਹ ਨਾਂ ਹਨ, ਜੋ, ਜੇ ਫੁੱਲ ਖ਼ੁਦ ਚੁਣ ਸਕਦੇ ਹੁੰਦੇ, ਤਾਂ ਉਹਨਾਂ ਉਹ ਰੱਖਣੇ ਸਨ। ਉਹ ਆਪਣੇ ਨਾਵਾਂ ਨਾਲ ਕਢਾਈ ਕਰਦੀਆਂ ਨੇ, ਧਰਤੀ ਸੂਰਜ, ਪਾਣੀ ਤੇ ਬਸੰਤ ਰੁੱਤ ਦੇ ਪਵਿੱਤਰ ਰੰਗਾਂ ਨਾਲ।

ਇਹਨਾਂ ਕਢਾਈਆਂ ਨਾਲੋਂ ਵੱਧ ਸੁੰਦਰ ਹੋਰ ਕੋਈ ਚੀਜ਼ ਨਹੀਂ, ਆਪਣੀ ਪਵਿੱਤਰਤਾ ਲਈ ਪ੍ਰਸਿੱਧ, ਖ਼ੁਸ਼ੀ ਵਿੱਚ ਉਜਲੇ, ਖ਼ੁਸ਼ੀ ਜੋ ਦੁੱਧ ਨੂੰ ਪਾਰ ਕਰ ਜਾਂਦੀ ਹੈ।

ਫ਼ਖ਼ਰ ਨਾਲ ਮੈਂ ਆਈਸਲਾ ਨੇਗਰਾ ਦੇ ਕਢਾਈਕਾਰਾਂ ਨੂੰ ਪੇਸ਼ ਕਰਦਾ ਹਾਂ। ਉਹੀ ਦੱਸ ਸਕਦੇ ਨੇ ਕਿ ਇਸ ਥਾਂ ਦੀ ਮਿੱਟੀ ਵਿੱਚ ਮੇਰੀ ਕਵਿਤਾ ਦੀਆਂ ਜੜ੍ਹਾਂ ਕਿਓਂ ਡੂੰਘੀਆਂ ਗਈਆਂ ਹੋਈਆਂ ਨੇ।

ਇਹਨਾਂ ਔਰਤਾਂ ਦੇ ਮਿਹਨਤੀ ਹੱਥਾਂ ਦੀ ਇਹ ਹਰਮਨ ਪਿਆਰੀ ਕਲਾ ਹੀ ਦੱਸ ਦਿੰਦੀ ਹੈ ਕਿ ਕਿਵੇਂ ਇਥੇ ਹਰ ਚੀਜ਼ ਖਿੜ ਉਠਦੀ ਹੈ।

ਆਈਸਲਾ ਨੇਗਰਾ ਦੀ ਬਸੰਤ ਰੁੱਤ-ਇਹ ਤੇਰੇ ਨਾਂ!

## 4. ਫੀਦਲ, ਜਿਵੇਂ ਮੈਂ ਉਸ ਨੂੰ ਜ਼ਾਣਿਆਂ

ਹੁਣ ਜਦੋਂ ਸੋਵੀਅਤ ਲੋਕ ਖ਼ੁਦ ਫੀਦਲ ਨੂੰ ਮਿਲ ਤੇ ਉਸ ਦਾ ਕ੍ਰਿਸ਼ਮਾ ਅਨੁਭਵ ਕਰ ਚੁੱਕੇ ਹਨ, ਤਾਂ ਮੈਂ ਵੀ ਉਸ ਨੂੰ ਕਈ ਵਾਰ ਮਿਲਿਆ ਹਾਂ ਤੇ ਮੈਂ ਉਸ ਨਾਲ ਤੁਰੇ ਜਾਂਦਿਆਂ ਵੀ ਗੱਲਾਂ ਕੀਤੀਆਂ ਹਨ।

ਸਾਨੂੰ ਉਸ ਦਾ ਪੂਰਾ ਕੱਦ ਵੇਖਣਾ ਚਾਹੀਦਾ ਹੈ, ਉਹ ਬਹੁਤ ਲੰਮਾ ਹੈ। ਉਹ ਸਾਡੀਆਂ ਅੱਖਾਂ ਸਾਹਮਣੇ ਉੱਚਾ ਉੱਠਦਾ ਗਿਆ ਹੈ ਤੇ ਉਸ ਦੇ ਸਦਕਾ ਉਸ ਦੇ ਦੇਸ਼ ਦਾ ਵੀ ਮਹੱਤਵ ਵਧਿਆ ਹੈ। ਹੁਣ ਉਸ ਦਾ ਨਿੱਕਾ ਟਾਪੂ ਕਿਊਬਾ ਕਾਰੇਬੀਅਨ ਖਿੱਤੇ ਵਿਚ ਮਹੱਤਵਪੂਰਨ ਹਿੱਸਾ ਪਾ ਰਿਹਾ ਹੈ ਤੇ ਲੋਕਾਂ ਲਈ ਇਸ ਦੇ ਵੱਡੇ ਅਰਥ ਹਨ।

ਕਾਰੇਬੀਆ ਸਾਗਰ ਨੇ ਕ੍ਰਾਂਤੀਕਾਰੀ ਘਟਨਾਵਾਂ ਤੱਕੀਆਂ ਹਨ, ਉਸ ਸਮੁੰਦਰ ਵਿਚ ਦੋ ਵਿਰੋਧੀ ਵਿਚਾਰਧਾਰਾਵਾਂ, ਦੋ ਸਮੁੰਦਰੀ ਜਹਾਜ਼ਾਂ ਵਾਂਗ ਭਿੜੀਆਂ ਹਨ, ਅਰਥਾਤ ਦੇਸ਼-ਭਗਤਾਂ ਦੀ ਆਪਣੇ ਦੇਸ਼ ਨੂੰ ਸਵਤੰਤਰ ਕਰਾਉਣ ਦੀ ਤਾਂਘ ਅਤੇ ਇਸ ਨੂੰ ਖ਼ੁਸ਼ ਤੇ ਸੁੰਦਰ ਬਣਾਉਣ ਦੀ ਇੱਛਾ ਅਤੇ ਉਹਨਾਂ ਲੋਕਾਂ ਦੀਆਂ ਸਾਜ਼ਸ਼ਾਂ ਜਿਹੜੇ ਵੇਲਾ ਵਿਹਾ ਚੁੱਕੇ ਰਾਜ ਨੂੰ ਬਚਾਈ ਰੱਖਣਾ ਚਾਹੁੰਦੇ ਸਨ।

ਦੁਸ਼ਮਣ ਦਾ ਵਰਨਣ ਕਰਨਾ ਮੁਸ਼ਕਿਲ ਹੈ, ਉਸਦਾ ਚਿਹਰਾ ਪੀਲੀ ਅਖ਼ਬਾਰ ਵਰਗਾ ਹੈ, ਸ਼ਕਤੀਸ਼ਾਲੀ ਤੇ ਦੂਸ਼ਣਾਂ-ਭਰੇ ਰੇਡੀਓ ਬਰਾਡਕਾਸਟਿੰਗ ਸਟੇਸ਼ਨ ਵਰਗਾ, ਤੇ ਇਸ ਦੇ ਨਿਊਕਲਾਈ ਦੰਦ ਹਨ। ਉਸ ਨੇ ਪੈਂਟਾਗਨ ਦੀ ਵਰਦੀ ਪਾਈ ਹੋਈ ਹੈ ਤੇ ਉਸ ਦੀਆਂ ਉਂਗਲਾਂ ਤੇ ਪੱਬ ਸ਼ੇਰ ਦੇ ਪੰਜੇ ਵਰਗੇ ਹਨ। ਅਸੀਂ ਲਾਤੀਨੀ ਅਮਰੀਕਾ ਦੇ ਲੋਕ ਆਪਣੇ ਤਜਰਬੇ ਤੋਂ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ।

ਫੀਦਲ ਦਾ ਆਪਣਾ 'ਆਜ਼ਾਦੀ ਦਾ ਟਾਪੂ' ਹੀ ਉਸ ਦਾ ਸਮਰਥਨ ਨਹੀਂ ਕਰਦਾ, ਸਗੋਂ ਸਾਰਾ ਸੰਸਾਰ ਹੀ ਕਰਦਾ ਹੈ। ਉਹ ਐਸਾ ਮਨੁੱਖ ਹੈ. ਜਿਹੜਾ ਭਰੋਸੇ ਨਾਲ ਪੈਰ ਪੁੱਟਦਾ ਹੈ। ਉਹ ਨਿਰੰਤਰ ਯਾਤਰੀ ਹੈ।

ਕਿਊਬਾ ਦਾ ਟਾਪੂ ਫੀਦਲ ਦੇ ਹਿਰਦੇ ਵਿਚ ਹੈ। ਫੀਦਲ ਦੇ ਬਿੰਬ ਵਿਚ ਸਮੇਂ ਤੋਂ ਪਹਿਲਾਂ ਟਾਪੂ ਬੇ-ਚਿਹਰਾ ਸੀ। ਜੀਵਨ, ਜਜ਼ਬੇ. ਦੁੱਖਾਂ ਤੇ ਸੰਘਰਸ਼ ਦੇ ਬੇਮਿਸਾਲ ਉਭਾਰ ਨੇ ਕਿਊਬਾ ਦੇ ਹਿਰਦੇ ਨੂੰ ਸੰਵੇਦਨਸ਼ੀਲ, ਰਹਿਮ ਦਿਲ ਤੇ ਚੁਸਤ ਬਣਾ ਦਿੱਤਾ ਹੈ।

ਇਸ ਦਾ ਦਿਲ ਹੌਸਲੇ ਤੇ ਦਲੇਰੀ ਭਰੇ ਕਾਰਨਾਮਿਆਂ ਨਾਲ ਭਰ ਗਿਆ ਹੈ ਅਤੇ ਇਸ ਵਿਚ ਅਸਾਧਾਰਨ ਹਾਂ-ਪੱਖੀ ਤਬਦੀਲੀਆਂ ਵਾਪਰੀਆਂ ਹਨ।

ਸਮੁੱਚੇ ਲਾਤੀਨੀ ਅਮਰੀਕੀ ਮਹਾਂਦੀਪ ਨੇ ਆਪਣੀਆਂ ਨਾੜੀਆਂ ਵਿਚ ਨਵੇਂ ਲਹੂ ਦਾ ਵਹਾ ਅਨੁਭਵ ਕੀਤਾ ਸੀ, ਤਾਜ਼ਗੀ, ਹੌਸਲੇ ਤੇ ਸ਼ਕਤੀ ਦੀਆਂ ਲਹਿਰਾਂ ਨੇ ਇਸ ਦੀ ਮਹਾਨ ਆਤਮਾ ਨੂੰ ਹਲੂਣ ਦਿੱਤਾ ਤੇ ਟਾਪੂ ਇਸ ਦਾ ਦਿਲ ਬਣ ਗਿਆ ਹੈ।

ਹੁਣ ਤੁਸੀਂ ਵੇਖ ਸਕਦੇ ਹੋ ਕਿਉਂ ਅਸੀਂ ਫੀਦਲ ਤੇ ਏਨਾ ਮਾਣ ਕਰਦੇ ਹਾਂ ਤੇ ਕਿਉਂ ਉਸ ਨੂੰ ਏਨਾ ਪਿਆਰ ਕਰਦੇ ਤੇ ਉਸ ਦੀ ਰਾਖੀ ਕਰਦੇ ਹਾਂ।

ਏਸੇ ਕਾਰਨ ਮੈਂ ਸਪੇਨੀ ਭਾਸ਼ਾ ਵਿਚ ਉਸ ਦੀ ਮਹਿਮਾ ਗਾਈ ਸੀ, ਭਾਸ਼ਾ ਜਿਹੜੀ ਕਦੇ ਵੀਣਾ ਵਾਂਗ ਸੁਰਾਂ ਕੱਢਦੀ ਹੈ ਤੇ ਕਦੇ ਗਰਜ ਵਾਂਗ। ਇਹੀ ਕਾਰਨ ਹੈ ਕਿ ਜਦੋਂ ਮੈਂ ਫੀਦਲ ਨੂੰ ਇਕ ਰੈਸਟੋਰੈਂਟ ਵਿਚ ਤੱਕਿਆ ਤਾਂ ਮੈਂ, ਇਕ ਬੋਤਲ ਕੱਢੀ, ਸ਼ਰਾਬ ਦਾ ਗਲਾਸ ਭਰਿਆ ਤੇ 'ਸੂਰਮੇ ਦੀ ਵਾਰ' ਨਾਲ ਉਸ ਨੂੰ ਸੰਬੋਧਨ ਕੀਤਾ।

ਮੈਂ ਫੀਦਲ ਨੂੰ ਜਿਵੇਂ ਤੱਕਿਆ ਹੈ, ਵਰਨਣ ਕਰ ਦਿੱਤਾ ਹੈ। ਹੋ ਸਕਦਾ ਹੈ ਉਹ ਮਾਸਕੋ ਦੀਆਂ ਗਲੀਆਂ ਵਿਚ ਵੱਖਰਾ ਵਿਖਾਈ ਦਿੰਦਾ ਹੋਵੇ। ਪਰ ਉਹ ਹਾਲੀ ਵੀ ਤੁਹਾਡੀਆਂ ਅੱਖਾਂ ਸਾਹਮਣੇ ਖਲੋਤਾ ਹੈ, ਭਾਵੇਂ ਕਿ ਉਹ ਜਹਾਜ਼ ਵਿਚ ਬੈਠ, ਆਪਣੇ ਦੇਸ਼ ਵਾਪਸ ਪਰਤ ਗਿਆ ਹੋਵੇ, ਫੀਦਲ ਅਭੁਲ ਹੈ ਆਪਣੇ ਕੰਮਾਂ, ਇਨਸਾਫ ਦੀ ਪਛਾਣ ਤੇ ਉਸ ਦੋਸਤੀ ਕਾਰਨ ਜਿਹੜੀ ਉਸ ਵਿਚ ਭਰੀ ਹੋਈ ਹੈ। ਉਹ ਅਜਿੱਤ ਯੋਧਾ ਤੇ ਸੱਚਾ ਕੌਮੀ ਨਾਇਕ ਹੈ।

## ਹੇ ਧਰਤੀ

ਹੇ ਧਰਤੀ,
ਮੈਨੂੰ ਆਪਣੇ ਆਦਿ ਕਾਲੀਨ ਤੁਹਫੇ
ਵਾਪਸ ਕਰ ਦੇ।
ਚੁੱਪ ਦੇ ਉਹ ਮੀਨਾਰ ਜੋ
ਆਪਣੀਆਂ ਜੜ੍ਹਾਂ ਦੀ ਗੌਰਵਤਾ
ਵਿਚ ਉੱਚੇ ਹੋਏ ਸਨ।

ਮੈਂ ਉਸ ਹੋਂਦ ਵੱਲ ਪਰਤਣਾ ਚਾਹੁੰਦਾ ਹਾਂ
ਜੋ ਮੈਂ ਨਹੀਂ ਸੀ ਹੁੰਦਾ
ਇਹਨਾਂ ਡੂੰਘਾਣਾਂ ਤੋਂ ਵਾਪਸ ਪਰਤਣਾ

ਸਿੱਖਣ ਲਈ
ਤਾਕਿ ਮੈਂ ਸਭ ਕੁਦਰਤੀ ਚੀਜ਼ਾਂ ਦੇ ਦਰਮਿਆਨ
ਜੀਉਂਦਾ ਰਹਾਂ ਜਾ ਨਾ ਰਹਾਂ।

ਮੈਨੂੰ ਇਕ ਹੋਰ ਪੱਥਰ ਹੋ ਜਾਣ ਬਾਰੇ ਵੀ
ਕੋਈ ਚਿੰਤਾ ਨਹੀਂ,
ਕਾਲਾ ਪੱਥਰ,
ਪਵਿੱਤਰ ਪੱਥਰ
ਜੋ ਦਰਿਆ ਰੋੜ੍ਹ ਕੇ ਲੈ ਜਾਂਦਾ ਹੈ।



# 5. ਕਵਿਤਾ ਅਤੇ ਅਸਪਸ਼ਟਤਾ

(ਹੇਠਾਂ ਅਸੀਂ ਚਿੱਲੀ ਦੇ ਪ੍ਰਸਿੱਧ ਕਵੀ ਪਾਬਲੋ ਨੇਰੂਦਾ ਦੇ ਇਕ ਭਾਸ਼ਨ ਦਾ ਕੁਝ ਹਿੱਸਾ ਦੇ ਰਹੇ ਹਾਂ ਜਿਹੜਾ ਉਹਨਾਂ ਚਿੱਲੀ ਦੇ ਸਨਤਿਆਗੋ ਨਾਮੀ ਸ਼ਹਿਰ ਵਿਚ ਹੋਈ ਦੱਖਣੀ ਅਮਰੀਕੀ ਕਲਚਰਲ ਕਾਂਗਰਸ ਵਿਚ ਦਿੱਤਾ-ਸ.)

"ਇਹ ਗੱਲ ਭਾਵੇਂ ਕਿੱਡੀ ਓਪਰੀ ਕਿਉਂ ਨਾ ਲੱਗੇ ਪਰ ਫਿਰ ਵੀ ਕਿਸੇ ਕੌਮ ਦਾ ਸਭ ਤੋਂ ਵੱਡਾ ਸਬੂਤ ਉਸ ਦੀ ਆਪਣੀ ਕਵਿਤਾ ਹੈ—ਉਸ ਕੌਮ ਵਿਚ ਕਵਿਤਾ ਦੀ ਹੋਂਦ ਜਾਂ ਅਣਹੋਂਦ। ਦੋਵਾਂ ਦੀ ਆਪਣੀ ਆਪਣੀ ਕਹਾਣੀ ਹੁੰਦੀ ਹੈ। ਖਿੜੇ ਹੋਏ ਗੁਲਾਬ ਕਿਹੋ ਜਿਹੇ ਹਨ, ਨਰਗਿਸ ਦਾ ਫੁਲ ਕਿਹੋ ਜਿਹਾ ਹੈ, ਕਿਸੇ ਰੁੱਖ ਦੇ ਫਲ ਕਿਹੋ ਜਿਹੇ ਹਨ, ਓਸ ਨਾਲ ਲੱਗੀਆਂ ਸੇਬ ਜਾਂ ਖੁਰਮਾਨੀਆਂ ਕਿਹੋ ਜਹੀਆਂ ਹਨ, ਇਸ ਨਾਲ ਕਿਸੇ ਪੌਦੇ ਜਾਂ ਰੁਖ ਦੀ ਪਰਖ ਹੁੰਦੀ ਹੈ। ਇਹ ਕੋਈ ਨਹੀਂ ਵੇਖਦਾ ਕਿ ਓਹਦਾ ਤਣਾਂ ਕਿਤਨਾ ਖੂਬਸੂਰਤ ਹੈ ਜਾਂ ਓਹਦੀਆਂ ਟਾਹਣੀਆਂ ਜਾਂ ਪੱਤੀਆਂ ਕਿੰਨੀਆਂ ਸੰਘਣੀਆਂ ਹਨ। ਕਿਸੇ ਦੇਸ਼ ਨੂੰ ਪੂਰਨ ਅਤੇ ਮਹਾਨ ਦੀ ਪਦਵੀ ਤਦ ਤੱਕ ਨਹੀਂ ਦੇਣੀ ਚਾਹੀਦੀ ਜਦ ਤੀਕ ਕਿ ਉਹ ਆਪਣੇ ਆਦਰਸ਼ ਅਤੇ ਉਦੇਸ਼ ਨੂੰ ਸਰੇਸ਼ਟ ਅਤੇ ਮੌਲਿਕ ਕਵਿਤਾ ਰਾਹੀਂ ਬਿਆਨ ਨਹੀਂ ਕਰ ਸਕਦਾ।"

ਵਾਲਟ ਵ੍ਹਿਟਮੈਨ ਦੇ ਉਪਰਲੇ ਸ਼ਬਦਾਂ ਨਾਲ ਮੈਂ ਕਵਿਤਾ ਬਾਰੇ ਆਪਣੇ ਵਿਚਾਰ ਸ਼ੁਰੂ ਕਰਾਂਗਾ। ਇਹਨਾਂ ਸ਼ਬਦਾਂ ਵਿਚ ਇਕ ਸਚਾਈ ਦੀ ਗੂੰਜ ਹੈ। ਖਾਣਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਅਤੇ ਇੰਜੀਨੀਅਰ, ਕਿਸਾਨ ਅਤੇ ਮਹਾਗੀਰ, ਛਾਪੇਮਾਰ ਬਹਾਦਰ ਗੁਰੀਲਾ ਸਿਪਾਹੀ, ਇਹ ਸਾਰੇ ਸਾਡੇ ਮਹਾਂਦੀਪ ਵਿਚ ਆਪਣੇ ਆਪਣੇ ਕੰਮ ਲਗੇ ਹੋਏ ਹਨ, ਅਤੇ ਓਹਦੀਆਂ ਡੂੰਘਾਣਾ ਨੂੰ ਨਾਮ ਰਹੇ ਹਨ; ਪਰ ਇਸ ਮਹਾਂਦੀਪ ਦੇ ਨਕਸ਼ ਅਤੇ ਨੁਹਾਰ ਓਹੀ ਹੋਵੇਗੀ ਜਿਹੜੀ ਅਸੀਂ ਕਵੀ ਲੋਕ ਇਹਨੂੰ ਦਿਆਂਗੇ।

ਅਸੀਂ ਆਪਣੇ ਦੇਸ਼ ਦੀਆਂ ਡੂੰਘਾਣਾਂ ਨੂੰ ਨਾਪ ਰਹੇ ਹਾਂ, ਓਹਦੀ ਖੋਜ ਕਰ ਰਹੇ ਹਾਂ, ਅਤੇ ਅਮਰੀਕਾ (ਦੱਖਣੀ) ਦੀ ਇਕ ਮਹਾਨ ਮੂਰਤੀ ਦਾ ਨਿਰਮਾਣ ਕਰ ਰਹੇ ਹਾਂ। ਸਾਡੀ ਸੱਧਰ ਹੈ ਕਿ ਲਹੂ ਅਤੇ ਬਲੀਦਾਨ ਦੀਆਂ ਛਿੱਟਾਂ ਅਤੇ ਦਾਗ਼ ਜੁਗਾਂ ਜੁਗਾਂ ਤੋਂ ਜਿਹੜੇ ਇਸ ਤੇ ਪਾਏ ਗਏ ਹਨ, ਓਹਨਾਂ ਨੂੰ ਅਸੀਂ ਧੋ ਦੇਵੀਏ। ਅਸੀਂ ਚਾਹੁੰਦੇ ਹਾਂ ਕਿ ਇਸ ਦਾ ਰੂਪ ਪ੍ਰਸੰਨਤਾ ਅਤੇ ਪ੍ਰਕਾਸ਼ ਨਾਲ ਭਰਪੂਰ ਮਹਾਂਸਾਗਰਾਂ ਤੋਂ ਉੱਤੇ ਉੱਠਕੇ ਚਮਕੇ। ਅਸੀਂ ਓਹਦੀਆਂ ਅੱਖਾਂ ਨੂੰ ਅਜਿਹਾ ਭਾਵ ਅਤੇ ਆਸ਼ਾ ਦੇਣਾ ਚਾਹੁੰਦੇ ਹਾਂ ਜਿਹੜਾ ਕਦੀ ਭੁਲਾਇਆ ਨਾ ਜਾ ਸਕੇ, ਅਸੀਂ ਇਹਦੀ ਬਾਣੀ ਨੂੰ ਵਧੀਆ ਤੋਂ ਵਧੀਆ ਸ਼ਬਦ ਦੇਣਾ ਚਾਹੁੰਦੇ ਹਾਂ।

ਹੁਣ ਮੈਂ ਤੁਹਾਡੇ ਨਾਲ ਆਪਣੇ ਅਨੁਭਵ ਬਾਰੇ ਗੱਲਾਂ ਕਰਾਂਗਾ। ਤੁਹਾਡੇ ਵਿਚੋਂ ਕਈ ਲੋਕੀਂ ਜਾਣਦੇ ਹੋਣਗੇ ਕਿ ਮੇਰੀ ਸਭ ਤੋਂ ਨਵੀਂ ਕਿਤਾਬ ਕੈਂਟੋ ਜਨਰਲ ਦਾ ਬਹੁਤਾ ਹਿੱਸਾ ਜ਼ੁਲਮ ਅਤੇ ਕਠਿਨਾਈਆਂ ਵਿਚ ਲਿਖਿਆ ਗਿਆ ਸੀ। ਉਸ ਵੇਲੇ ਮੈਂ ਜੇਲ੍ਹ ਵਿਚ ਨਹੀਂ ਸਾਂ, ਫਿਰ ਵੀ ਮੇਰੇ ਲਈ ਲਿਖਣਾ ਬਹੁਤ ਮੁਸ਼ਕਿਲ ਹੋ ਗਿਆ ਸੀ। ਉਸ ਵੇਲੇ ਲੱਗਭੱਗ ਸਾਰਿਆਂ ਲੋਕਾਂ ਨਾਲ ਮੇਰਾ ਸਰੀਰਕ ਸਬੰਧ ਟੁੱਟ ਚੁੱਕਿਆ ਸੀ। ਚਿੱਲੀ ਨਿਵਾਸੀਆਂ ਲਈ ਓਹ ਦਿਨ ਬੜੇ ਹੀ ਦੁੱਖਾਂ ਅਤੇ ਮੁਸ਼ਕਲਾਂ ਭਰੇ ਦਿਨ ਸਨ, ਜਿਹਨਾਂ ਨੂੰ ਯਾਦ ਕਰਨ ਦੀ ਕੋਈ ਵਿਸ਼ੇਸ਼ ਚਾਹ ਮੇਰੇ ਦਿਲ ਵਿਚ ਨਹੀਂ ਹੈ। ਓਹਨਾਂ ਦਿਨਾਂ ਵਿਚ ਮੈਂ ਵੇਖਿਆ ਕਿ ਕਵਿਤਾ ਲਿਖਣ ਦਾ ਮਤਲਬ ਸੀ ਧਰਤੀ ਥੱਲੇ ਇਕ ਸੁਰੰਗ ਪੁੱਟਦੇ ਹੋਏ ਆਪਣੀਆਂ ਇਛਾਵਾਂ ਵੱਲ ਵਧਣਾ ਜਾਂ ਇਉਂ ਆਖੋ ਕਿ ਹਨੇਰੇ ਵਲੋਂ ਰੌਸ਼ਨੀ ਵੱਲ ਵਧਣਾ।

ਇਸ ਤਰ੍ਹਾਂ ਮੈਂ ਆਪਣੀ ਲੰਮੀ ਕਿਤਾਬ ਪੂਰੀ ਕੀਤੀ। ਉਹਨੀਂ ਦਿਨੀ ਮੈਨੂੰ ਆਪਣੇ ਆਪ ਵਿਚ ਕਈ ਔਖਿਆਈਆਂ ਦਾ ਸਾਹਮਣਾ ਕਰਨਾ ਪਿਆ। ਪਿਛਲੀਂ ਦਿਨੀਂ ਕਵਿਤਾ ਦੀ ਸਭ ਤੋਂ ਵੱਡੀ ਸਮੱਸਿਆ—ਜਿਹੜੀ ਕਿ ਮੇਰੀ ਆਪਣੀ ਕਵਿਤਾ ਤੇ ਵੀ ਲਾਗੂ ਹੁੰਦੀ ਹੈ—ਸਪੱਸ਼ਟਤਾ ਅਤੇ ਅਸਪੱਸ਼ਟਤਾ ਦੀ ਰਹੀ ਹੈ। ਮੇਰਾ ਵਿਚਾਰ ਹੈ ਕਿ ਅਸੀਂ ਧਰਤੀ ਦੇ ਉਸ ਹਿੱਸੇ ਲਈ ਲਿਖ ਰਹੇ ਹਾਂ ਜਿੱਥੇ ਚੀਜ਼ਾਂ ਅਜੇ ਆਪਣੇ ਵਿਕਾਸ ਦੇ ਪੰਧ ਤੇ ਹਨ, ਅਤੇ ਜਿਥੇ ਅਸੀਂ ਸਾਰੇ ਕਿਸੇ ਥਾਂ ਸਿਰ ਪੁੱਜਣ ਅਤੇ ਕੁਝ ਕਰਨ ਲਈ ਉਤਸੁਕ ਹਾਂ। ਸਾਡੇ ਆਪਣੇ ਲੋਕੀਂ ਅਜੇ ਵਪਾਰ, ਕਲਾ, ਦਸਤਕਾਰੀ ਸਿੱਖ ਰਹੇ ਹਨ, ਜਾਂ ਇਉ ਕਹੋ ਕਿ ਓਹਨਾਂ ਨੂੰ ਫਿਰ ਤੋਂ ਅਪਣਾ ਰਹੇ ਹਨ। ਸਪੇਨ ਦੀ ਜਿੱਤ ਨਾਲ ਸਾਡੇ ਪੁਰਾਣੇ ਸੰਗੀਤਕਾਰਾਂ,

ਸ਼ਿਲਪਕਾਰਾਂ ਅਤੇ ਕਲਾਕਾਰਾਂ ਦਾ ਲਗਭਗ ਖਾਤਮਾ ਹੀ ਹੋ ਗਿਆ ਸੀ। ਸਾਨੂੰ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਰੇਲਾਂ ਦੀ ਲੋੜ ਹੈ। ਸਾਡੇ ਲੋਕੀ ਸਿੱਧੇ ਸਾਦੇ ਹਨ, ਜਿਹੜੇ ਅਜੇ ਨਿਰਮਾਣ ਕਰਨਾ ਅਤੇ ਪੜ੍ਹਨਾ ਸਿਖ ਹੀ ਰਹੇ ਹਨ। ਅਸੀਂ ਇਹੋ ਜਿਹੇ ਲੋਕਾਂ ਲਈ ਲਿਖ ਰਹੇ ਹਾਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਯੂਰਪ ਦੇ ਇਕ ਦੇਸ਼ ਵਿਚ ਕਿਵੇਂ ਮੇਰੀਆਂ ਕੁਝ ਲਾਈਨਾਂ ਦੇ ਅਨੁਵਾਦ ਵੇਲੇ ਅਨੁਵਾਦਕਾਂ ਨੂੰ ਔਖਿਆਈਆਂ ਦਾ ਸਾਹਮਣਾ ਕਰਨਾ ਪਿਆ।

ਉਹ ਮੇਰੀ 'ਰੇਲ ਵਈਆਂ ਨੂੰ ਜਾਗਣ ਦਿਓ' ਕਵਿਤਾ ਦਾ ਇਕ ਟੁਕੜਾ ਹੈ। ਲਾਈਨਾਂ ਇਸ ਤਰ੍ਹਾਂ ਹਨ—

"ਪਰ ਮੈਂ ਆਪਣੇ ਨਿਕੇ ਜਿਹੇ ਠੰਡੇ ਦੇਸ਼ ਦੀਆਂ
ਜੜ੍ਹਾਂ ਨੂੰ ਵੀ ਪਿਆਰ ਕਰਦਾ ਹਾਂ
ਜੇ ਮੈਨੂੰ ਹਜ਼ਾਰ ਵਾਰ ਮਰਨਾ ਪਵੇ
ਤਾਂ ਮੈਂ ਏਥੇ ਹੀ ਮਰਾਂਗਾ,
ਜੇ ਮੈਨੂੰ ਹਜ਼ਾਰ ਵਾਰੀਂ ਜੀਉਣਾ ਮਿਲੇ
ਤਾਂ ਮੈਂ ਏਥੇ ਹੀ ਜਨਮਾਂਗਾ
ਓਹਨਾਂ ਉੱਚੇ ਤਾੜ ਦੇ ਰੁੱਖਾਂ ਦੇ ਕੋਲ
ਓਹਨਾਂ ਦੱਖਣੀ ਹਵਾਵਾਂ ਦੇ ਝੋਂਕਿਆਂ ਵਿਚਕਾਰ
ਉਹਨਾਂ ਹੁਣੇ ਹੁਣੇ ਨਵੀਆਂ ਖਰੀਦੀਆਂ ਹੋਈਆਂ
ਗਿਰਜਾ ਘਰਾਂ ਦੀਆਂ ਘੜੀਆਂ ਅਤੇ ਘੰਟੀਆਂ ਦੇ ਨੇੜੇ ......

ਅਨੁਵਾਦਕ 'ਨਵੀਆਂ ਖਰੀਦੀਆਂ ਹੋਈਆਂ ਘੰਟੀਆਂ ਦੇ ਮੁਹਾਵਰੇ ਨੂੰ ਨਾ ਸਮਝ ਸਕਿਆ। ਮੈਂ ਦੱਖਣੀ ਚਿੱਲੀ ਵਿਚ ਨਵੀਆਂ ਘੰਟੀਆਂ ਵਾਲੇ ਨਵੇਂ ਗਿਰਜਿਆਂ ਦੇ ਨਾਲ ਨਵੇਂ ਵੱਸੇ ਹੋਏ ਸ਼ਹਿਰਾਂ ਵੱਲ ਇਸ਼ਾਰਾ ਕਰ ਰਿਹਾ ਸਾਂ। ਮੇਰੇ ਅਨੁਵਾਦਕਾਂ ਨੇ ਸਪੇਨ ਦੇ ਲੋਕਾਂ ਨੂੰ ਇਸ ਮੁਸ਼ਕਿਲ ਨੂੰ ਸੁਲਝਾਣ ਲਈ ਕਿਹਾ, ਪਰ ਉਹ ਵੀ ਅਸਮਰਥ ਰਹੇ। ਇਹਦਾ ਕਾਰਨ ਸਾਫ ਹੈ। ਸਪੇਨ, ਇਟਲੀ ਅਤੇ ਪੋਲੈਂਡ ਵਿਚ ਗਿਰਜਾ ਘਰਾਂ ਦੀਆਂ ਘੰਟੀਆਂ ਜੁਗਾਂ ਪਹਿਲਾਂ ਖਰੀਦ ਲਈਆਂ ਗਈਆਂ ਸਨ।

ਅਸੀਂ ਸਿੱਧੇ ਸਾਦੇ ਲੋਕਾਂ ਲਈ ਲਿਖ ਰਹੇ ਹਾਂ ਜਿਹੜੇ ਗਿਰਜਾ-ਘਰਾਂ ਦੀਆਂ ਘੰਟੀਆਂ ਨੂੰ ਹੁਣ ਖਰੀਦ ਰਹੇ ਹਨ। ਅਸੀਂ ਇਹੋ ਜਿਹੇ ਸਿੱਧੇ ਸਾਦੇ ਲੋਕਾਂ ਲਈ ਲਿਖ ਰਹੇ ਹਾਂ, ਜਿਹਨਾਂ ਨੂੰ ਪੜ੍ਹਨਾ ਵੀ ਨਹੀਂ ਆਉਂਦਾ। ਪਰ ਕਵਿਤਾ ਧਰਤੀ ਉੱਤੇ ਉਸ ਸਮੇਂ ਵੀ ਸੀ ਜਦੋਂ ਲੋਕੀਂ ਲਿਖਣਾ ਅਤੇ ਛਾਪਣਾ ਨਹੀਂ ਸਨ ਜਾਣਦੇ। ਇਸ ਤਰ੍ਹਾਂ ਕਵਿਤਾ ਰੋਟੀ ਵਾਂਗ ਸੀ, ਜਿਸ ਦਾ ਉਪਯੋਗ, ਵਿਦਵਾਨ ਅਤੇ ਕਿਸਾਨ ਸਾਰਿਆਂ ਲਈ, ਦੇਸ਼ ਦੇ ਖੁੱਲ੍ਹੇ ਵਿਹੜੇ ਵਿਚ ਖਿੰਡਰੇ ਹੋਏ ਪਰਿਵ੍ਹਾਰ ਦੇ ਸਾਰੇ ਲੋਕਾਂ ਲਈ ਇਕੋ ਜਿਹਾ ਹੋਣਾ ਚਾਹੀਦਾ ਹੈ।

ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਸੁਖੱਲਾ ਅਤੇ ਸਪੱਸ਼ਟ ਲਿਖਣਾ ਮੇਰੇ ਲਈ ਮੁਸ਼ਕਲ ਰਿਹਾ ਹੈ। ਜ਼ੁਲਮ ਦੇ ਉਹਨਾਂ ਦਿਨਾਂ ਵਿਚ ਜਦੋਂ ਮੈਂ ਕਿਸੇ ਨਾਲ ਵਿਚਾਰ ਵਟਾਂਦਰਾ ਨਹੀਂ ਸਾਂ ਕਰ ਸਕਦਾ, ਉਸ ਵਕਤ ਮੈਨੂੰ ਇਹ ਅਨੁਭਵ ਹੋਇਆ ਕਿ ਮੈਂ ਇਕੱਲਾ ਹਾਂ। ਪਰ ਇਕ ਗੱਲ ਨੂੰ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ ਉਹਨਾਂ ਏਕਾਂਤ ਦਿਨਾਂ ਵਿਚ ਮੈਂ ਕਿਸੇ ਨਵੀਂ ਕਵਿਤਾ ਦੀ ਰਚਨਾ ਨਾ ਕੀਤੀ। ਕੁਝ ਦਿਨ ਪਹਿਲਾਂ ਉਰਗਵੇ ਦੇ ਇਕ ਨੌਜੁਆਨ ਆਲੋਚਕ ਨੇ—ਮੈਨੂੰ ਅਫ਼ਸੋਸ ਹੈ ਕਿ ਉਹ ਸਾਡੇ ਵਿਚਕਾਰ ਨਹੀਂ ਹੈ—ਕਿਹਾ ਸੀ, ਕਿ ਮੇਰੀ ਕਵਿਤਾ ਇਕ ਵੇਨੀਜੁਏਲਾ ਦੇ ਕਵੀ ਦੀ ਕਵਿਤਾ ਨਾਲ ਬਹੁਤ ਮਿਲਦੀ ਜੁਲਦੀ ਹੈ। ਉਸ ਕਵੀ ਦਾ ਨਾਂ ਏਂਡਰੋ ਬੇਲੋ ਹੈ। ਹਾਂ, ਏਂਡਰੋ ਬੇਲੋ ਜਿਸ ਦਾ ਮਹਾਨ ਨਾਂ ਸਾਰ ਮੋਂਟੇ ਦੇ ਨਾਂ ਨਾਲ ਇਹਨਾਂ ਕੰਧਾਂ ਨੂੰ ਸੁਸ਼ੋਭਿਤ ਕਰ ਰਿਹਾ ਹੈ। ਉਸੇ ਏਂਡਰੋ ਬੇਲੋ ਨੇ ਮੇਰੇ ਤੋਂ ਬਹੁਤ ਪਹਿਲਾਂ ਮੇਰੀ ਕਿਤਾਬ 'ਕੇਂਟੋ ਜਨਰਲ' ਲਿਖਣੀ ਸ਼ੁਰੂ ਕੀਤੀ ਸੀ। ਤੇ ਇਹੋ ਜਿਹੇ ਹੋਰ ਵੀ ਬਹੁਤ ਲੇਖਕ ਹਨ।

ਆਪਣੇ ਇਸ ਮਹਾਂਦੀਪ ਨੂੰ, ਉਸਦੀ ਸੁੰਦਰਤਾ ਨੂੰ ਆਪਣੀ ਪਹੁੰਚ ਵਿਚ ਲਿਆਣਾ—ਇਹ ਸੀ ਮੇਰਾ ਉਦੇਸ਼। ਇਕ ਕਵੀ ਹੋਣ ਦੀ ਹੈਸੀਅਤ ਵਿਚ ਸੁਖੱਲੀ ਬੋਲੀ ਵਿਚ ਬੋਲਣਾ ਮੇਰਾ ਅਨੇਕ ਫਰਜ਼ਾਂ ਵਿਚੋਂ ਇਕ ਫਰਜ ਸੀ। ਸਾਡੇ ਰਾਸ਼ਟਰੀ ਵਿਚਾਰਕਾਂ ਵਿਚੋਂ ਜਿਹਨਾਂ ਵਿਚ ਬੇਲੋ ਵਰਗੇ ਤੇਜਸਵੀ



ਉਸਤਾਦ ਸਨ, ਜਿਹੜੇ ਕਦੇ ਵੀ ਅਵਸਰਵਾਦੀ ਅਤੇ ਡਰਪੋਕ ਨਹੀਂ ਸਨ. ਰੋਬਿਨ ਡੇਰੀਓ ਸੀ, ਜਿਹੜਾ ਆਪਣੀ ਬੇਮਿਸਾਲ ਬੋਲੀ ਦੇ ਵਹਿਣ ਲਈ ਮਸ਼ਹੂਰ ਸੀ—ਉਹਨਾਂ ਸਾਰਿਆਂ ਨੇ ਸੁਖੱਲੇ ਪਨ ਦਾ ਇਹ ਰਾਹ ਵਿਖਾਇਆ। ਓਹਨਾਂ ਇਸ ਮਹਾਂਦੀਪ ਦੇ ਨਿਰਮਾਣ ਵੱਲ ਇਸ਼ਾਰਾ ਕੀਤਾ ਸੀ। ਜਿਸ ਲਈ ਅਸੀਂ ਸਾਰੇ ਇਥੇ ਇਕੱਠੇ ਹੋਏ ਹਾਂ।

ਮੈਂ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਸਾਡੇ ਕਵੀਆਂ ਲਈ 'ਸਪੱਸ਼ਟਤਾ' ਅਤੇ ਅਮਰੀਕਾ (ਦੱਖਣੀ) ਇਹਨਾਂ ਦੋਵਾਂ ਦਾ ਇੱਕੋ ਮਤਲਬ ਹੋਣਾ ਚਾਹੀਦਾ ਹੈ।

ਅਸਪਸ਼ਟਤਾ ਨੂੰ ਛੱਡਣ ਲਈ ਮੈਨੂੰ ਬੜੀ ਮਿਹਨਤ ਕਰਨੀ ਪਈ ਹੈ, ਕਿਉਂਕਿ ਬੋਲੀ ਦਾ ਅਸਪਸ਼ਟ ਅਤੇ ਔਖਾ ਹੋਣਾ ਸਾਡੇ ਇਕ ਸਾਹਿਤਕ ਤਬਕੇ ਦੀ ਵਿਸ਼ੇਸ਼ ਆਦਤ ਬਣ ਗਈ ਹੈ ਅਤੇ ਇਸ ਤਬਕੇ ਦੇ ਪੱਖਪਾਤੀਆਂ ਨੇ ਲੋਕਾਂ ਦੀ ਸਿੱਧੀ ਸਾਦੀ ਬੋਲੀ ਵਿਚ ਲਿਖੇ ਗੀਤਾਂ ਦੀ ਸਾਦਗੀ ਨੂੰ ਮਾਮੂਲੀ ਅਤੇ ਹੋਛੀ-ਘਟੀਆ ਪੱਧਰ ਦੀ ਕਹਿਕੇ ਹਮੇਸ਼ਾ ਤ੍ਰਿਸਕਾਰ ਕੀਤਾ ਹੈ। ਅੱਜ ਸਾਡੇ ਵਿਚਕਾਰ ਮਾਰਟਿਨ ਫੇਰੋ ਦਾ ਇਕ ਵੰਸ਼ਜ ਹੈ—ਸਾਧਾਰਨ ਤਬਕੇ ਦੀ ਇਕ ਮਹਾਨ ਸ਼ਖਸੀਅਤ, ਇਕ ਲੋਕ ਕਵੀ, ਸਪੱਸ਼ਟ ਅਤੇ ਗਿਆਨਵਾਨ। ਉਸਦਾ ਨਾਂ ਨਿਕੋਲਸ ਗਿਊਲੇਨ ਹੈ। ਉਹ ਸਾਨੂੰ ਬਹੁਤ ਕੁਝ ਸਿਖਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਅੱਜ ਅਮਰੀਕਾ (ਲੈਟਿਨ) ਵਿਚ ਅਧਾਰਹੀਨਤਾ ਬੇਮੂਲਤਾ ਅਤੇ ਅਵਾਸਤਵਿਕਤਾ ਦੇ ਨਿਸ਼ਾਨਾਂ ਨਾਲ ਕਵਿਤਾ ਵਿਚ ਇਕ ਜ਼ਾਤੀ ਵਡਿੱਤਣ ਦੀ ਭਾਵਨਾ ਅਤੇ ਆਪਣੇ ਆਪਨੂੰ ਉੱਚਾ ਵਿਖਾਣ ਦੀ ਇਛਾ ਮਿਲਦੀ ਹੈ, ਜਿਹੜੀ ਸਾਨੂੰ ਅਸਪਸ਼ਟ ਬਣਾ ਦੇਂਦੀ ਹੈ। ਇਹ ਕਮਜ਼ੋਰੀ ਉਸ ਦੂਰੀ ਦਾ ਨਤੀਜਾ ਹੈ ਜਿਹੜਾ ਸਾਨੂੰ ਸੰਮਤੀ ਮੁਲਕਾ ਦੀ ਸ਼ਾਨੋ ਸ਼ੌਕਤ ਅਤੇ ਧਰਤੀ ਨਾਲ ਬੱਧੇ ਲੋਕਾਂ ਦੇ ਹਨੇਰੇ ਜੀਵਨ ਵਿਚ ਵੇਖਣ ਨੂੰ ਮਿਲਦਾ ਹੈ। ਇਹ ਦੂਰੀ ਕਵਿਤਾ ਵਿਚ ਆ ਗਈ ਹੈ। ਇਹ ਦਿਮਾਗਾਂ ਤੇ ਫੋਕੇ ਸ਼ਿਸਟਾਚਾਰ ਦਾ ਅਸਰ ਹੈ ਜਿਸ ਨਾਲ ਦਿਮਾਗ ਕਿਸੇ ਤਰ੍ਹਾਂ ਆਪਣੇ ਸ਼ਹਾਨਾਂ ਬਨਾਵਟੀ ਠਾਠਬਾਠ ਅਤੇ ਸੱਜਧੱਜ ਕਾਇਮ ਰੱਖ ਸਕੇ।

ਇਸ ਤਰ੍ਹਾਂ ਅਸੀਂ ਸਪੱਸ਼ਟਤਾ ਦੇ ਆਧਾਰ ਤੇ ਹੀ ਇਕ ਦੂਜੇ ਨੂੰ ਸਮਝ ਸਕਦੇ ਹਾਂ ਅਤੇ ਆਪਣੇ ਭਾਵਾਂ ਨੂੰ ਆਪਣੇ ਲੋਕਾਂ ਤੱਕ ਪੁਚਾ ਸਕਦੇ ਹਾਂ। ਕਵਿਤਾ ਵਿਚ ਅਸਪੱਸ਼ਟਤਾ ਪੁਰਾਣੇ ਸੰਮਤਵਾਦ ਦੀ ਹੀ ਰਹਿੰਦ ਖੂੰਦ ਹੈ।

ਜ਼ੁਲਮ ਦੇ ਉਹਨਾਂ ਭਿਆਨਕ ਦਿਨਾਂ ਵਿਚ ਮੈਂ ਆਪਣੀ ਅਸਪਸ਼ਟਤਾ ਦੇ ਖਿਲਾਫ, ਅਤੇ ਜਿਉਂ ਜਿਉਂ ਮੇਰੀ ਕਿਤਾਬ ਆਪਣਾ ਰੂਪ ਲੈਂਦੀ ਗਈ, ਤਿਉਂ ਤਿਉਂ ਮੈਂ ਆਪਣੀ ਅਸਪੱਸ਼ਟਤਾ ਦੇ ਖਿਲਾਫ ਘੋਲ ਕੀਤਾ। ਪਰ ਮੈਨੂੰ ਉਸ ਘੋਲ ਵਿਚ ਸਫਲਤਾ ਮਿਲੀ ਹੈ, ਮੈਂ ਇਹ ਨਹੀਂ ਕਹਿ ਸਕਦਾ। ਮੈਂ ਆਪਣੀ ਕਵਿਤਾ ਵਿਚ ਨਿਤ ਦਿਨ ਜ਼ਿਆਦਾ ਸੁਖੱਲਾ ਅਤੇ ਸਪੱਸ਼ਟ ਹੋਣ ਦਾ ਨਿਸ਼ਚਾ ਕੀਤਾ। ਆਪਣੇ ਅਮਰੀਕਾ (ਦੱਖਣੀ) ਦੀ ਵਿਸ਼ਾਲਤਾ ਨੂੰ ਅਪਨਾਣ ਦਾ ਨਿਸ਼ਚਾ ਕੀਤਾ। ਆਪਣੀ ਇਸ ਕੋਸ਼ਿਸ਼ ਵਿਚ ਨਾ ਤਾਂ ਮੈਂ ਆਪਣੇ ਬਹਾਦਰ ਲੋਕਾਂ ਦੇ ਸ਼ਾਨਦਾਰ ਕੰਮਾਂ ਨੂੰ ਭੁਲਾਂਗਾ ਅਤੇ ਨਾ ਹੀ ਉਹਨਾਂ ਜ਼ਾਲਿਮਾਂ ਵੱਲੋਂ ਅੱਖਾਂ ਬੰਦ ਕਰਾਂਗਾ ਜਿਹਨਾਂ ਲਹੂ ਵਗਾ ਵਗਾਕੇ ਸਾਡੀ ਧਰਤੀ ਨੂੰ ਕਲੰਕਤ ਕੀਤਾ ਹੈ। ਪਹਿਲੇ ਇਸ ਬਾਰੇ ਮੈਂ ਦਿਮਾਗੀ ਤੌਰ ਤੇ ਸਾਫ ਨਹੀਂ ਸਾਂ ਕਿ ਜਿਹਨਾਂ ਲੋਕਾਂ ਨੇ ਸਾਡੀ ਧਰਤੀ ਨੂੰ ਇਹ ਰੂਪ ਦਿੱਤਾ ਹੈ ਉਹਨਾਂ ਜ਼ਾਲਿਮਾਂ ਦਾ ਨਾਂ ਆਪਣੇ ਬਹਾਦਰ ਲੋਕਾਂ ਦੇ ਨਾਂ ਨਾਲ ਲਵਾਂ ਕਿ ਨਾ। ਫਿਰ ਮੈਂ ਨਿਸ਼ਚਾ ਕੀਤਾ ਕਿ ਮੈਨੂੰ ਦੋਵਾਂ ਦਾ ਨਾਂ ਨਾਲ ਨਾਲ ਲੈਣਾ ਚਾਹੀਦਾ ਹੈ ਤੇ ਇਹੀ ਮੈਂ ਕੀਤਾ ਵੀ। ਪਰ ਮੈਂ ਆਪਣੀ ਕਿਤਾਬ ਵਿਚ ਆਪਣੇ ਬਹਾਦਰ ਲੋਕਾਂ ਅਤੇ ਜ਼ਾਲਿਮਾਂ ਦਾ ਜ਼ਿਕਰ ਪੂਰੀ ਤਰ੍ਹਾਂ ਨਹੀਂ ਕਰ ਸਕਿਆ, ਇਹ ਮੈਨੂੰ ਮਹਿਸੂਸ ਹੁੰਦਾ ਹੈ।

ਇਸ ਤਰ੍ਹਾਂ ਮੈਂ ਆਪਣੇ ਆਪਨੂੰ ਕਵਿਤਾ ਦੇ ਮੈਦਾਨ ਵਿਚ ਕੰਮ ਕਰਦੇ ਵੇਖਿਆ। ਸ਼ੁਰੂ ਸ਼ੁਰੂ ਵਿਚ ਇਹ ਕੰਮ ਬੜਾ ਰੁੱਖਾ ਲਗਦਾ ਸੀ। ਪਰ ਛੇਤੀ ਹੀ ਮੈਂ ਵੇਖਿਆ ਕਿ ਕਵਿਤਾ ਦੇ ਖੇਤਰ ਵਿਚ ਸਭ ਕੋਈ ਅਤੇ ਸਭ ਕੁਝ ਆ ਜਾਂਦਾ ਹੈ। ਸੱਚਾਈ ਨਾਲ ਸਬੰਧ ਰੱਖਦੀ ਕੋਈ ਵੀ ਚੀਜ਼ ਇਹੋ ਜਿਹੀ ਨਹੀਂ ਜਿਸ ਤੇ ਕਵਿਤਾ ਨਾ ਲਿਖੀ ਜਾ ਸਕੇ। ਸਾਨੂੰ ਆਪਣੀ ਜਨਤਾ ਦੇ ਨਿੱਕੇ ਨਿੱਕੇ ਕੰਮਾਂ ਨੂੰ ਵੀ ਚਾਨਣੇ ਵਿਚ ਲਿਆਣਾ ਚਾਹੀਦਾ ਹੈ। ਤੇ ਅਸੀਂ ਹੀ ਉਹ ਲੋਕ ਹਾਂ ਜਿਹੜੇ ਇਸ ਕੰਮ ਨੂੰ ਪੂਰਾ ਕਰ ਸਕਦੇ ਹਾਂ। ਅਸਾਂ ਆਪਣੇ ਫੁੱਲਾਂ ਅਤੇ ਦਰੱਖਤਾਂ ਦੇ ਗੀਤ ਗਾਣੇ ਹਨ। ਸਾਨੂੰ ਕਵੀਆਂ ਨੂੰ, ਆਪਣੇ ਜਵਾਲਾ ਮੁਖੀਆਂ

ਅਤੇ ਨਦੀਆ ਨੂੰ ਜੋ ਅੱਜ ਤੱਕ ਕੋਰਸ ਦੀਆਂ ਕਿਤਾਬਾ ਵਿਚ ਰੇਤ ਵਾਂਗੂ ਖੁਸ਼ਕ ਅਤੇ ਰੁੱਖ ਸਫੇ ਰਹੇ ਹਨ, ਦੁਨੀਆਂ ਅਗੇ ਬਿਆਨਣਾ ਹੈ। ਅੱਜ ਸੁਆਲ ਸਿਰਫ ਆਪਣੀ ਤਹਿਜ਼ੀਬ ਦੀ ਰੱਖਿਆ ਦਾ ਹੀ ਨਹੀਂ, ਸੁਆਲ ਹੈ ਆਪਣੀ ਪੂਰੀ ਤਾਕਤ ਨਾਲ ਉਸਨੂੰ ਚੜ੍ਹਦੀ ਕਲਾ ਵਿਚ ਲਿਆਣ ਅਤੇ ਸੰਵਾਰਨ ਦਾ।

ਆਪਣੀ ਰਾਸ਼ਟਰੀ ਪ੍ਰੰਪਰਾ ਦੇ ਅਨੁਸਾਰ ਸਾਡਾ ਇਕ ਫਰਜ਼ ਹੈ ਅਤੇ ਸਾਨੂੰ ਇਹੋ ਜਿਹੇ ਰਾਹ ਢੂੰਡਣੇ ਚਾਹੀਦੇ ਹਨ ਜਿਸ ਨਾਲ ਅਸੀਂ ਆਪਣੇ ਵਿਚਾਰ ਸਾਰਿਆਂ ਲੋਕਾਂ ਤੱਕ ਪੁਚਾ ਸਕੀਏ। ਇਸ ਦੇ ਨਾਲ ਨਾਲ ਵਿਸ਼ਵ ਸ਼ਾਂਤੀ ਲਈ ਘੋਲ ਵਿਚ ਆਪਣਾ ਹਿੱਸਾ ਪਾਣਾ ਸਾਡਾ ਸਭ ਤੋਂ ਵੱਡਾ ਕੰਮ ਹੈ। ਤਹਿਜ਼ੀਬ ਦੀ ਘਾਟ ਹੀ ਲੜਾਈ ਹੈ ਅਤੇ ਅਮਨ ਹੀ ਤਹਿਜ਼ੀਬ ਹੈ।

ਅੱਜ ਦੀ ਹਾਲਤ ਵਿਚ ਤਹਿਜ਼ੀਬ ਦੇ ਅਰਥਾਂ ਨੂੰ ਗਲਤ ਰੰਗਣ ਵਿਚ ਰੰਗੇ ਜਾਣ ਤੋਂ ਬਚਾਣਾ ਹੀ ਸਾਡਾ ਕੰਮ ਨਹੀਂ, ਸਗੋਂ ਅੱਜ ਤਾਂ ਸਾਨੂੰ ਆਪਣੀ ਤਹਿਜ਼ੀਬ ਨੂੰ ਸਿਰਿਓਂ ਹੀ ਨਸ਼ਟ ਹੋਣ ਤੋਂ ਬਚਾਣਾ ਹੈ।

ਮੈਂ ਜਾਣਦਾ ਹਾਂ, ਬਹੁਤ ਸਾਰੇ ਬੁਧੀਜੀਵੀ ਸਾਡੀ ਇਸ ਕਾਂਗਰਸ ਦੇ ਖਿਲਾਫ ਕੀਤੇ ਗਏ ਪ੍ਰਚਾਰ ਤੋਂ ਪ੍ਰਭਾਵਿਤ ਹਨ, ਜਾਂ ਉਹ ਈਮਾਨਦਾਰੀ ਨਾਲ ਅਨੁਭਵ ਕਰਦੇ ਹਨ ਕਿ ਸਾਡਾ ਆਦਰਸ਼ (ਵਿਸ਼ਵ ਸ਼ਾਂਤੀ ਦਾ ਆਦਰਸ਼-ਸ.) ਲੋਕ ਹਿਤਕਾਰੀ ਨਹੀਂ।

ਏਹੋ ਜਿਹੇ ਲੋਕੀ ਸਾਡੀਆਂ ਗੱਲਾਂ ਸੁਣਨ ਜਾਂ ਸਾਡੇ ਨਾਲ ਬਹਿਸ ਕਰਨ ਇਥੇ ਨਹੀਂ ਆਏ, ਮੈਨੂੰ ਇਸਦਾ ਦੁੱਖ ਹੈ। ਇਸ ਵਿਚ ਸਾਡਾ ਨੁਕਸਾਨ ਹੈ, ਪਰ ਸਾਡੇ ਨਾਲੋਂ ਵੀ ਜ਼ਿਆਦਾ ਨੁਕਸਾਨ ਉਹਨਾਂ ਦਾ ਹੈ ਜੋ ਇਥੇ ਨਹੀਂ ਆਏ। ਸ਼ੈਦ ਓਹ ਲੋਕੀਂ ਵੀ ਆਪਣਾ ਵਿਰੋਧ ਮੀਟਿੰਗਾਂ ਵਿਚ ਪ੍ਰਗਟ ਕਰਨਾ ਪਸੰਦ ਕਰਨ ਜਿਸ ਨਾਲ ਸਾਨੂੰ ਫਾਇਦਾ ਹੈ।

ਮੇਰਾ ਵਿਸ਼ਵਾਸ ਹੈ ਕਿ ਹਰ ਮਨੁੱਖ ਵਿਚ ਅਤੇ ਮਨੁੱਖਾਂ ਦੇ ਹਰ ਗੁੱਟ ਵਿਚ ਪੁਰਾਣੇ, ਅਤੇ ਆਉਣ ਵਾਲੇ ਭਵਿੱਖ ਨੂੰ ਲੈ ਕੇ ਘੋਲ ਚਲਦਾ ਰਹਿੰਦਾ ਹੈ। ਮੈਂ ਈਮਾਨਦਾਰੀ ਨਾਲ ਯਕੀਨ ਕਰਦਾ ਹਾਂ ਕਿ ਉਹ ਵਿਰੋਧੀ ਗੁੱਟ, ਕਿਸੇ ਨਾ ਕਿਸੇ ਰੂਪ ਵਿਚ ਕਿਸੇ ਪੁਰਾਣੀ ਘਿਰਣਾ, ਫੁੱਟ ਅਤੇ ਅਗਿਆਨ ਨਾਲ ਬੱਧੇ ਹੋਏ ਹਨ। ਉਹਨਾਂ ਦੇ ਅੰਦਰ ਦਾ ਇਹ ਪੁਰਾਣਾਪਨ ਆਪਣੀ ਹੋਂਦ ਲਈ ਘੋਲ ਕਰਦਾ ਰਹੇਗਾ।

ਮੈਂ ਆਣ ਵਾਲੇ ਕੱਲ੍ਹ ਦੀ ਮਹਾਨਤਾ ਵਿਚ ਵਿਸ਼ਵਾਸ ਕਰਦਾ ਹਾਂ। ਮੈਨੂੰ ਮਨੁੱਖ ਵਿਚ ਭਰੋਸਾ ਹੈ, ਮਨੁੱਖਾਂ ਵਿਚ ਭਰੋਸਾ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਅੱਜ ਅਮਰੀਕਾ ਦੇ ਹਰ ਕੋਨੇ ਵਿਚ ਦਮਨ ਅਤੇ ਬਦਅਮਨੀ ਹੈ ਅਤੇ ਹਰ ਕੋਨੇ ਵਿਚ ਹਿੰਸਾ ਦੇ ਕੰਮ ਹੋ ਰਹੇ ਹਨ। ਮੈਂ ਜਾਣਦਾ ਹਾਂ ਕਿ ਜਦ ਅਸਾਡੇ ਸ਼ਹੀਦਾਂ ਦਾ ਸੱਚਾ ਇਤਿਹਾਸ ਲਿਖਿਆ ਜਾਵੇਗਾ ਅਤੇ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹੇ ਜਾਣਗੇ ਤਾਂ ਸਾਨੂੰ ਨਾ ਜਾਣੇ ਕਿਤਨੀਆਂ ਭਿਆਨਕ ਗੱਲਾਂ ਦਾ ਪਤਾ ਲਗੇਗਾ।

ਪਰ ਮੈਂ ਇਹ ਵੀ ਜਾਣਦਾ ਹਾਂ ਕਿ ਇਹ ਸਭ ਕੁਝ ਇਕ ਦਿਹਾੜੇ ਬੀਤੀ ਕਹਾਣੀ ਮਾਤਰ ਰਹਿ ਜਾਵੇਗਾ।

ਮੈਨੂੰ ਆਣ ਵਾਲੇ ਸਮੇਂ ਵਿਚ ਵਿਸ਼ਵਾਸ ਹੈ। ਸਾਡੀਆਂ ਅੱਖਾਂ ਸਾਹਵੇਂ ਉਹਦਾ ਨਿਰਮਾਣ ਹੋ ਰਿਹਾ ਹੈ। ਭਵਿੱਖ ਦੇ ਸਹਿਯੋਗ ਭਰੇ ਭਾਈਚਾਰੇ ਦਾ ਰੂਪ ਨਿਖਰ ਰਿਹਾ ਹੈ—ਆਪਸੀ ਭਾਈਚਾਰਾ, ਅਮਨ ਦਾ ਨਵਜੰਮਿਆ ਬੱਚਾ, ਮਨੁੱਖੀ ਅੰਗੂਰੀ ਵੇਲਾਂ ਦਾ ਮਹਾਨ ਬਾਗ।

...ਕੁਝ ਵਰ੍ਹੇ ਪਹਿਲਾਂ ਮੈਨੂੰ ਘੋੜੇ ਤੇ ਸਵਾਰ ਹੋ ਕੇ ਚੋਰੀ ਛਿਪੀਂ ਚਿੱਲੀ ਦੀ ਸਰਹੱਦ ਪਾਰ ਕਰਨੀ ਪਈ ਸੀ। ਉਸ ਵੇਲੇ ਇਥੇ ਜ਼ੁਲਮ ਜੋਰਾਂ ਤੇ ਸੀ ਅਤੇ ਜਨਤਾ ਦੇ ਵਿਰੁੱਧ ਝੂਠ ਅਤੇ ਫਰੇਬ ਸਰਕਾਰੀ ਹਥਿਆਰ ਸਨ। ਉਸ ਵੇਲੇ ਮੈਨੂੰ ਹਰ ਜਗ੍ਹਾ ਦੋਸਤੀ ਅਤੇ ਭਾਈਚਾਰੇ ਦਾ ਸਹਿਯੋਗ ਮਿਲਿਆ ਸੀ। ਤੇ ਅੱਜ ਮੈਂ ਚਿੱਲੀ ਦੇ ਵਿਚੋਂ ਵਿਚ ਇਸ ਮਹਾਂਦੀਪ ਦੇ ਪ੍ਰਤੀਨਿਧੀਆਂ ਦੇ ਸਾਹਮਣੇ ਭਾਸ਼ਨ ਦੇ ਰਿਹਾ ਹਾਂ।

ਇਹ ਕੋਈ ਜਾਦੂ ਨਹੀਂ ਹੈ। ਇਹ ਹਰ ਪਲ ਅੱਗੇ ਵਧ ਰਿਹਾ ਸਮਾਂ ਹੈ। ਮਨੁੱਖ ਨੂੰ ਇਹ ਵਿਸ਼ਵਾਸ ਦੇਂਦਾ ਹੈ। ਮਨੁੱਖ ਦਾ ਮਨੁੱਖ ਵਿਚ ਜ਼ਿਆਦਾ ਵਿਸ਼ਵਾਸ ਹੀ ਸਾਨੂੰ ਇਕ ਥਾਵੇਂ ਖੜਾ ਕਰਦਾ ਹੈ।

ਅੱਜ ਤੋਂ ਕਵੀਆਂ ਦੀ ਆਵਾਜ਼, ਮੇਰੇ ਭਰਾਵਾਂ ਦਾ ਵਿਸ਼ਵਗਾਨ ਉਸ ਰੋਸ਼ਨੀ ਵਿਚ ਮਿਲ ਜਾਏਗਾ, ਜਿਹੜੀ ਧਰਤੀ ਨੂੰ ਜਗਮਗਾਹਟ ਦੇਣ ਵਾਲੀ ਹੈ। ਆਣ ਵਾਲਾ ਸਮਾਂ ਆਪਣੀਆਂ ਅਨੇਕ ਸੁਗਾਤਾਂ ਦੇ ਨਾਲ ਨਾਲ ਇਹ ਤਿੰਨ ਸੁਗਾਤਾਂ ਵੀ, ਜਿਨ੍ਹਾਂ ਲਈ ਹਰ ਕੋਈ ਤਾਂਘ ਰਿਹਾ ਹੈ, ਲਿਆਏਗਾ। ਇਹ ਤਿੰਨ ਸੁਗਾਤਾਂ ਹਨ—ਰੋਟੀ, ਨਿਆਂ ਅਤੇ ਕਵਿਤਾ। * * *





## 1. ਲੋਰਕਾ ਦੀ ਮੌਤ

ਬਿਲਕੁਲ ਹੁਣੇ, ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਸਪੇਨ ਕਈ ਸਾਲਾਂ ਪਿੱਛੋਂ ਸਫਲ ਬਗਾਵਤ ਦਾ ਜਸ਼ਨ ਸਰਕਾਰੀ ਤੌਰ ਤੇ ਮਨਾ ਰਿਹਾ ਹੈ। ਮੈਡਰਿਡ ਵਿੱਚ, ਇਸ ਘੜੀ, ਨੀਲੀ ਤੇ ਸੁਨਹਿਰੀ ਵਰਦੀ ਪਾਈ, ਮੂਰਿਸ਼ ਸੁਰੱਖਿਆ ਗਾਰਡਾਂ ਨਾਲ ਘਿਰਿਆਂ ਤੇ ਲਾਗੇ ਅਮਰੀਕਾ, ਇੰਗਲੈਂਡ ਤੇ ਕਈ ਹੋਰ ਦੇਸ਼ਾਂ ਦੇ ਸਫੀਰਾਂ ਸਮੇਤ, ਫੌਜਾਂ ਦਾ ਵੱਡਾ ਕਮਾਂਡਰ, ਆਪਣੀਆਂ ਸੈਨਾਵਾਂ ਦਾ ਨਿਰੀਖਣ ਕਰ ਰਿਹਾ ਹੈ। ਫੌਜਾਂ ਵਿੱਚ ਬਹੁਤੇ ਉਹ ਮੁੰਡੇ ਹਨ, ਜਿਹਨਾਂ ਉਹ ਜੰਗ ਨਹੀਂ ਤੱਕੀ।

ਪਰ ਮੈਂ ਜੰਗ ਤੱਕੀ ਹੈ। ਦਸ ਲੱਖ ਸਪੇਨ-ਵਾਸੀ ਮਾਰੇ ਗਏ ਸੀ। ਦਸ ਲੱਖ ਜਲਾਵਤਨ ਹੋਏ। ਇੰਝ ਲੱਗਦਾ ਸੀ ਕਿ ਜਿਵੇਂ ਮਨੁੱਖਤਾ ਦੀ ਚੇਤਨਾ ਚੋਂ ਉਹ ਲਹੂ-ਰੰਗਿਆ ਕੰਡਾ ਕਦੇ ਵੀ ਪੁੱਟਿਆ ਨਹੀਂ ਜਾਵੇਗਾ। ਪਰ ਹਾਲੀ ਵੀ, ਸ਼ਾਇਦ ਉਹ ਮੁੰਡੇ ਜਿਹੜੇ ਮੂਰਿਸ਼ ਗਾਰਡਾਂ ਏ ਲਾਗੋਂ ਦੀ ਪੜਤਾਲ ਲਈ ਲੰਘ ਰਹੇ ਹਨ, ਉਸ ਭਿਆਨਕ ਜੰਗ ਦੇ ਇਤਿਹਾਸ ਦੇ ਸੱਚ ਨੂੰ ਨਹੀਂ ਜਾਣਦੇ।

ਮੇਰੇ ਲਈ ਇਹ ਜੰਗ 19 ਜੁਲਾਈ 1936 ਨੂੰ ਆਰੰਭ ਹੋਈ ਸੀ। ਇਕ ਜੁਗਤੀ ਤੇ ਨਿਘਾ ਚਿੱਲੀ-ਵਾਸੀ, ਬਾਬੀ ਡੈਗਲੇਨ, ਮੈਡਰਿਡ ਦੇ ਵੱਡੇ 'ਸਿਰਕੋ ਪਰਾਈਸ' ਅਖਾੜੇ ਵਿੱਚ ਪਹਿਲਵਾਨੀ ਦੇ ਵਿਕਾਸ ਦਾ ਸ਼ੌਕੀ ਸੀ। ਮੈਂ ਇਸ 'ਖੇਡ' ਦੀ ਗੰਭੀਰਤਾ ਬਾਰੇ ਆਪਣੇ ਸ਼ੰਕੇ ਪ੍ਰਗਟ ਕੀਤੇ ਸਨ, ਪਰ ਉਸ ਸੱਜਣ ਨੇ ਮੈਨੂੰ ਮਨਾ ਲਿਆ ਕਿ ਮੈਂ ਉਸ ਸ਼ਾਮ ਗਾਰਸ਼ੀਆਂ ਲੋਰਕਾ ਦੇ ਨਾਲ ਇਸ ਮੇਲੇ ਦੀ ਭਰੋਸੇਯੋਗਤਾ ਨੂੰ ਵੇਖਣ ਲਈ ਜਾਵਾਂ। ਮੈਂ ਗਾਰਸ਼ੀਆ ਲੋਰਕਾ ਨਾਲ ਇਸ ਬਾਰੇ ਗੱਲ ਕੀਤੀ ਤੇ ਅਸੀਂ ਕਿਸ ਵੇਲੇ ਉੱਥੇ ਮਿਲਣ ਲਈ ਸਹਿਮਤ ਹੋ ਗਏ। ਅਸਾਂ ਐਬੇਸੀਨੀ ਜੱਲਾਦ 'ਟਰਾਗਲੋਦਿਓਤੇ' ਅਤੇ ਦੁਸ਼ਟ 'ਓਰੰਗੂਤਾਨ' ਦਾ ਨਿਰਦਈ ਮੁਕਾਬਲਾ ਵੇਖ ਕੇ ਆਨੰਦ ਲੈਣਾ ਸੀ।

ਫੈਡਰੀਕੋ ਨਾ ਆਇਆ। ਉਸ ਸਮੇਂ ਉਹ ਪਹਿਲਾਂ ਹੀ ਮੌਤ ਦੇ ਮੂੰਹ ਵਿੱਚ ਪੈਣ ਲਈ ਤੁਰ ਪਿਆ ਸੀ। ਅਸੀਂ ਮੁੜ ਇੱਕ ਦੂਜੇ ਨੂੰ ਨਹੀਂ ਮਿਲੇ। ਉਸ ਦਾ ਇੱਕ ਹੋਰ ਜੱਲਾਦ ਨਾਲ ਸਮਾਂ ਨਿਸਚਿਤ ਹੋ ਚੁੱਕਾ ਸੀ। ਇੰਝ ਸਪੇਨ ਦੀ ਜੰਗ, ਜਿਸ ਨੇ ਮੇਰੀ ਕਵਿਤਾ ਨੂੰ ਬਦਲ ਦਿੱਤਾ, ਮੇਰੇ ਲਈ ਇਕ ਕਵੀ ਦੇ ਅਲੋਪ ਹੋਣ ਨਾਲ ਆਰੰਭ ਹੋਈ।

ਕੈਸਾ ਕਵੀ ਸੀ! ਮੈਂ ਕਦੇ ਵੀ, ਹੁਸਨ ਤੇ ਪ੍ਰਤਿਭਾ, ਖੰਭਾਂ ਤੇ ਉੱਡਦਾ ਹਿਰਦ੍ਹਾ, ਬਲੌਰੀ ਝਰਨਾ, ਇਸ ਤਰ੍ਹਾਂ ਇੱਕੋ ਮਨੁੱਖ ਵਿੱਚ ਇਕੱਠਾ ਹੋਇਆ ਨਹੀਂ ਤੱਕਿਆ। ਲੋਰਕਾ ਖਰਚੀਲਾ ਸੀ, ਉਸ ਵਿੱਚ ਚੁੰਬਕੀ ਖੁਸ਼ੀ ਸੀ, ਜਿਹੜੀ ਉਸ ਦੇ ਹਿਰਦੇ ਵਿੱਚ ਉਤਸ਼ਾਹ ਪੈਦਾ ਕਰਦੀ ਸੀ ਤੇ ਇੱਕ ਉਪਗ੍ਰਹਿ ਵਾਂਗ ਲਿਸ਼ਕਾਂ ਮਾਰਦੀ ਸੀ। ਖੁਲ੍ਹੇ ਹਿਰਦੇ ਵਾਲਾ ਮਜ਼ਾਕੀਆ, ਦੁਨਿਆਵੀ, ਪੇਂਡੂ, ਅਸਾਧਾਰਣ ਸੰਗੀਤਕ ਪ੍ਰਤਿਭਾ, ਸ਼ਾਨਦਾਰ ਨਕਲੀਆ, ਛੇਤੀ ਭੈ-ਭੀਤ ਹੋਣ ਵਾਲਾ, ਵਹਿਮੀ, ਤੇਜਸਵੀ ਤੇ ਪਵਿੱਤਰ, ਉਹ ਸਦੀਆਂ ਦੇ ਸਪੇਨ ਦਾ ਨਿਚੋੜ ਸੀ, ਉਸ ਦੀ ਹਰ-ਮਨ-ਪਿਆਰੀ ਪਰੰਪਰਾ। ਅਰਬੀ-ਅੰਦਾਲੂਸੀ ਜੜ੍ਹਾਂ ਵਾਲਾ, ਉਹ ਚੰਬੇਲੀ ਦੇ ਫੁੱਲ ਵਾਂਗ ਖਿੜਦਾ ਤੇ ਮਹਿਕਦਾ ਸੀ, ਜਿਸ ਨੇ ਉਸ ਸਪੇਨ ਦਾ ਆਰੰਭ ਕਰਨਾ ਸੀ, ਪਰ ਅਫਸੋਸ! ਉਹ ਸਭ ਕੁਝ ਸਦਾ ਲਈ ਖ਼ਤਮ ਹੋ ਗਿਆ।

ਲੋਰਕਾ ਦੇ ਰੂਪਕ- ਅਲੰਕਾਰ ਉੱਤੇ ਅਸਾਧਾਰਨ ਕਾਬੂ ਨੇ ਮੈਨੂੰ ਮੋਹਤ ਕਰ ਲਿਆ ਸੀ। ਉਹ ਜੋ ਕੁਝ ਵੀ ਲਿਖਦਾ ਸੀ, ਮੈਨੂੰ ਖਿੱਚ ਪਾਉਂਦਾ। ਆਪਣੇ ਵੱਲੋਂ ਉਹ ਮੈਨੂੰ ਕਈ ਵਾਰ ਮੇਰੀਆਂ ਸੱਜਰੀਆਂ ਕਵਿਤਾਵਾਂ ਸੁਣਾਉਣ ਲਈ ਆਖਦਾ ਸੀ ਤੇ ਸੁਣਾਉਂਦੇ ਹੋਏ, ਵਿਚੋਂ ਹੀ ਉਹ ਰੌਲਾ ਪਾ ਦਿੰਦਾ,

"ਠਹਿਰ, ਠਹਿਰ! ਮੈਂ ਆਪਣੇ ਆਪ ਨੂੰ ਤੈਥੋਂ ਪ੍ਰਭਾਵਤ ਹੋਣ ਦੀ ਆਗਿਆ ਦੇ ਰਿਹਾ ਹਾਂ।"

ਥੇਟਰ ਵਿੱਚ ਜਾਂ ਚੁੱਪ ਵਿੱਚ, ਭੀੜ ਵਿੱਚ ਜਾਂ ਨਿੱਕੀ ਟੋਲੀ ਵਿੱਚ, ਉਹ ਸੁਹਜ ਉਤਪੰਨ ਕਰ ਦਿੰਦਾ ਸੀ। ਮੈਂ ਅਜੇਹੇ ਕਿਸੇ ਹੋਰ ਬੰਦੇ ਨੂੰ ਨਹੀਂ ਜਾਣਦਾ, ਜਿਸ ਦੇ ਇਸ ਤਰ੍ਹਾਂ ਦੇ ਜਾਦੂਮਈ ਹੱਥ ਹੋਣ। ਮੇਰਾ ਅਜੇਹਾ ਕਈ ਹੋਰ ਭਰਾ-ਭਾਈ ਨਹੀਂ ਸੀ, ਜਿਹੜਾ ਹਾਸੇ ਨੂੰ ਇੰਝ ਪਿਆਰ ਕਰੇ। ਉਸ ਹੱਸਦਾ, ਗਾਉਂਦਾ, ਪਿਆਨੋ ਵਜਾਉਂਦਾ, ਟਪੂਸੀ ਮਾਰਦਾ, ਕਾਢਾਂ ਕੱਢਦਾ, ਰੌਸ਼ਨੀ ਵੰਡਦਾ ਸੀ। ਵਿਚਾਰਾ ਮਿੱਤਰ, ਉਸ ਕੋਲ ਸਾਰੇ ਹੀ ਕੁਦਰਤੀ ਗੁਣ ਸਨ, ਉਹ ਸੁਨਿਆਰਾ ਸੀ, ਮਹਾਨ ਕਵਿਤਾ ਦੇ ਸ਼ਹਿਦ-ਛੱਤੇ ਵਿੱਚ ਨਰ-ਮੱਖੀ। ਪਰ ਕਈ ਵਾਰੀ ਉਹ ਆਪਣੀ ਪ੍ਰਤਿਭਾ ਨੂੰ ਅਜਾਈਂ ਵੀ ਗਵਾ ਦਿੰਦਾ ਸੀ।

"ਸੁਣ" ਮੇਰੀ ਬਾਂਹ ਫੜ ਕੇ ਉਹ ਆਖਦਾ, "ਕੀ ਤੂੰ ਉਹ ਖਿੜਕੀ ਵੇਖ ਰਿਹਾ ਹੈਂ? ਕੀ ਤੂੰ ਸੋਚਦਾ ਨਹੀਂ ਕਿ ਇਹ "ਚੋਰਪਾਤੀਲਿਕ ਹੈ?

"ਤੇ ਇਸ ਸ਼ਬਦ ਦੇ ਅਰਥ ਕੀ ਹਨ ?"

"ਮੈਨੂੰ ਵੀ ਪਤਾ ਨਹੀਂ ਪਰ ਬੰਦੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕੀ ਚੀਜ਼ ਹੈ। ਨਹੀਂ ਤੇ ਤੁਸੀਂ ਖਤਮ ਜੇ। ਉਹ ਕੁੱਤੇ ਵੱਲ ਵੇਖੋ, ਉਹ ਅਸਲ ਵਿੱਚ ਚੋਰਪਾਤੀਲਿਕ ਹੈ।"

ਜਾਂ ਉਹ ਮੈਨੂੰ ਦੱਸਦਾ ਕਿ ਕਿਸੇ ਮੁੰਡਿਆਂ ਦੇ ਸਕੂਲ ਵਿਚ ਡਾਨ ਕਵਿੱਗਜ਼ਾਟ ਦੀ ਯਾਦ ਮਨਾਉਣ ਲਈ ਉਸ ਨੂੰ ਸੱਦਿਆ ਗਿਆ ਸੀ, ਤੇ ਜਦੋਂ ਉਹ ਕਲਾਸ ਦੇ ਕਮਰੇ ਵਿੱਚ ਵੜਿਆ ਤੇ ਮੁੱਖ-ਅਧਿਆਪਕਾ ਦੀ ਅਗਵਾਈ ਵਿੱਚ ਬੱਚੇ ਗਾਉਣ ਲੱਗੇ.

ਇਸ ਪੁਸਤਕ ਦੀ ਹਰ ਥਾਂ ਉਤੇ
ਪੂਜਾ ਹੁੰਦੀ, ਰਹਿਣੀ ਹੈ,
ਹਰ ਜੀਭਾ ਨੇ ਇਸ ਦੀ ਮਹਿਮਾ ਕਹਿਣੀ ਹੈ,

ਇੱਕ ਵਾਰ, ਉਸ ਦੀ ਮੌਤ ਦੇ ਕਈ ਵਰ੍ਹਿਆਂ ਬਾਅਦ ਮੈਂ ਲੋਰਕਾ ਬਾਰੇ ਇਕ ਭਾਸ਼ਣ ਦਿੱਤਾ, ਤੇ ਸਰੋਤਿਆਂ ਚੋਂ ਇਕ ਨੇ ਪੁੱਛਿਆ, "ਲੋਰਕਾ, ਬਾਰੇ ਆਪਣੇ ਗੀਤ ਵਿੱਚ ਤੁਸੀਂ ਇਹ ਕਿਓਂ ਕਹਿੰਦੇ ਹੋ ਕਿ ਉਹ ਉਹਦੇ ਲਈ ਹਸਪਤਾਲਾਂ ਨੂੰ ਵੀ ਰੰਗ ਕਰਦੇ ਹਨ ?"

"ਵੇਖੋ, ਮੇਰੇ ਮਿਤਰੋਂ" ਮੈਂ ਉੱਤਰ ਦਿੱਤਾ "ਕਿਸੇ ਕਵੀ ਨੂੰ ਇਸ ਤਰ੍ਹਾਂ ਦਾ ਪ੍ਰਸ਼ਨ ਪੁੱਛਣਾ ਤੀਵੀਂ ਨੂੰ ਉਸ ਦੀ ਉਮਰ ਪੁੱਛਣ ਵਾਂਗ ਹੈ। ਕਵਿਤਾ ਗਤੀਹੀਣ ਪਦਾਰਥ ਨਹੀਂ, ਸਗੋਂ ਇੱਕ ਵਗਦੀ ਹੋਈ ਜਲ-ਧਾਰਾ ਹੈ, ਜਿਹੜੀ ਕਈ ਵਾਰ ਰਚਨਾਕਾਰ ਦੇ ਹੱਥਾਂ ਚੋਂ ਵੀ ਤਿਲਕ ਤੁਰਦੀ ਹੈ। ਉਸ ਦਾ ਕੱਚਾ ਮਾਲ ਉਹਨਾਂ ਤੱਤਾ ਦਾ ਬਣਿਆ ਹੈ ਜਿਹੜੇ ਇਕੋ ਵੇਲੇ ਉਹਨਾਂ ਚੀਜ਼ਾਂ ਦੇ ਬਣੇ ਹੁੰਦੇ ਹਨ, ਜਿਹਨਾਂ ਦੀ ਹੋਂਦ ਹੁੰਦੀ ਵੀ ਹੈ ਤੇ ਨਹੀਂ ਵੀ ਹੁੰਦੀ। ਫਿਰ ਵੀ, ਮੈਂ ਤੁਹਾਨੂੰ ਇਸ ਦਾ ਈਮਾਨਦਾਰ ਉੱਤਰ ਦਿੰਦਾ ਹਾਂ। ਮੇਰੇ ਲਈ ਨੀਲਾ ਰੰਗ ਸਭ ਤੋਂ ਸੁੰਦਰ ਰੰਗ ਹੈ, ਇਹ ਪੁਲਾੜ ਦਾ ਇੰਝ ਸੁਝਾ ਦਿੰਦਾ ਹੈ, ਜਿਵੇਂ ਬੰਦਾ ਇਸ ਨੂੰ ਤੱਕਦਾ ਹੈ।

ਅਕਾਸ਼ ਦੇ ਗੁਬੰਦ ਵਾਂਗ, ਆਜ਼ਾਦੀ ਤੇ ਖੁਸ਼ੀ ਵੱਲ ਵਧਦਾ ਹੋਇਆ, ਫੈਡਰੀਕੋ ਦੀ ਹਾਜ਼ਰੀ, ਉਸ ਦਾ ਨਿੱਜੀ ਬਿੰਬ, ਆਪਣੇ ਆਸੇ ਪਾਸੇ ਖੁਸ਼ੀ ਦੀ ਰੌਂਅ ਭਰ ਦਿੰਦਾ ਸੀ। ਸ਼ਾਇਦ ਮੇਰੀ ਪੰਗਤੀ ਦਾ ਇਹ ਅਰਥ ਹੈ ਕਿ ਹਸਪਤਾਲ ਵੀ, ਹਸਪਤਾਲਾਂ ਦੀ ਉਦਾਸੀ ਵੀ ਉਸ ਦੇ ਜਾਦੂਮਈ ਪ੍ਰਭਾਵ ਸਦਕਾ ਬਦਲੀ ਜਾ ਸਕਦੀ ਹੈ, ਤੇ ਅਚਾਨਕ ਹੀ ਸੁੰਦਰ ਨੀਲੀਆਂ ਇਮਾਰਤਾਂ ਵਿੱਚ ਤਬਦੀਲ ਕੀਤੀ ਜਾ ਸਕਦੀ ਹੈ।"

ਫੈਡਰੀਕੋ ਨੂੰ ਆਪਣੀ ਮੌਤ ਦੀ ਅਗਾਂਉ-ਸੂਹ ਸੀ। ਇਕ ਵੇਰ, ਆਪਣੇ ਥੇਟਰ ਦੇ ਦੌਰੇ ਤੋਂ ਛੇਤੀ ਹੀ ਪਿਛੋਂ ਉਸ ਨੇ ਮੈਨੂੰ ਬੁਲਾਇਆ ਤੇ ਅਸਚਰਜ ਘਟਨਾ ਬਾਰੇ ਦੱਸਿਆ। ਉਹ 'ਲਾ ਬਾਗਕਾ' ਦੇ ਗਰੁੱਪ



ਨਾਲ 'ਕੈਸਤੀਲ ਵਿੱਚਲੇ ਇਕ ਦੂਰ-ਦੁਰਾਡੇ ਪਿੰਡ ਵਿੱਚ ਪਹੁੰਚਿਆਂ ਸੀ ਤੇ ਨਗਰ ਦੇ ਕੋਨੇ ਤੇ ਤੰਬੂ ਲਾ ਦਿੱਤੇ ਸੀ। ਆਪਣੇ ਦੌਰੇ ਤੋਂ ਬੜਾ ਥੱਕਿਆ ਹੋਣ ਕਰਕੇ, ਫੈਡਰੀਕੋ ਸੌਂ ਨਾ ਸਕਿਆ। ਉਹ ਸਰਘੀ ਵੇਲੇ ਉੱਠਿਆ ਤੇ ਘੁੰਮਣ ਲਈ ਇੱਕਲਾ ਹੀ ਨਿਕਲ ਤੁਰਿਆ।

ਠੰਢ ਸੀ, ਛੁਰੀ ਵਾਂਗ ਕਾਟਵੀਂ, ਜਿਹੜੀ ਕਿ ਕੈਸਤੀਲ ਬਾਹਰਲੇ ਯਾਤਰੀ ਲਈ ਜੁਮਾਂ ਰੱਖਦਾ ਹੈ। ਧੁੰਦ ਦੇ ਬੁੰਬਲ ਉੱਡਦੇ ਸੀ, ਜਿਹੜੇ ਹਰ ਚੀਜ਼ ਨੂੰ ਭਿਆਨਕ ਰੂਪ ਦੇ ਦਿੰਦੇ ਸੀ।

ਇੱਕ ਲੋਹੇ ਦਾ ਵੱਡਾ ਜੰਗਾਲ ਲੱਗਾ ਜੰਗਲਾ ਸੜ ਰਹੇ ਪੱਤਿਆਂ ਵਿੱਚ ਡਿੱਗੇ ਟੁੱਟੇ ਹੋਏ ਬੁੱਤ ਤੇ ਥਮਲੇ। ਉਹ ਇਕ ਪੁਰਾਈ ਜਾਗੀਰ ਦੇ ਗੇਟ ਲਾਗੇ ਰੁੱਕ ਗਿਆ, ਜਿਹੜਾ ਕਿਸੇ ਜਾਗੀਰਦਾਰ ਦੀ ਮਿਲਖ ਵਿਚਲੀ ਵੱਡੀ ਪਾਰਕ ਨੂੰ ਜਾਂਦਾ ਰਾਹ ਸੀ। ਇਸ ਦੀ ਉੱਜੜੀ ਦਸ਼ਾ, ਉਸ ਘੜੀ, ਤੇ ਠੰਡ ਨੇ ਇਕੱਲਤਾ ਨੂੰ ਹੋਰ ਵੀ ਚੀਰਵੀਂ ਬਣਾ ਦਿੱਤਾ ਸੀ। ਅਚਾਨਕ ਹੀ ਫੈਡਰੀਕੋ ਨੇ ਉਪਰਾਮਤਾ ਅਨੁਭਵ ਕੀਤੀ ਜਿਵੇਂ ਸਰਘੀ ਵਿਚੋਂ ਕੁਝ ਨਿਕਲਣ ਵਾਲਾ ਸੀ, ਕੁਝ ਵਾਪਰਨ ਲੱਗਾ ਸੀ। ਉਹ ਉੱਥੇ ਡਿੱਗੇ ਇੱਕ ਥੰਮ ਦੇ ਟੁੱਟੇ ਹੋਏ ਸਿਰੇ ਤੇ ਬੈਠ ਗਿਆ।

ਇੱਕ ਨਿੱਕਾ ਲੇਲਾ ਮਲਬੇ ਵਿਚਲੇ ਘਾਹ-ਬੂਟ ਨੂੰ ਚੁੱਗਣ ਲਈ, ਧੁੰਦ ਵਿਚੋਂ ਕਿਸੇ ਦੇਵਤੇ ਵਾਂਗ ਪ੍ਰਗਟ ਹੋਇਆ, ਇਕੱਲਤਾ ਨੂੰ ਮਨੁੱਖੀ ਰੂਪ ਦੇਣ ਲਈ, ਜਿਵੇਂ ਉਜਾੜ ਵਿੱਚ ਕੋਈ ਕੋਮਲ ਫੁੱਲ-ਪੱਤੀ ਡਿੱਗਦੀ ਹੈ।

ਹੁਣ ਕਵੀ ਇਕੱਲਾ ਨਹੀਂ ਸੀ ਅਨੁਭਵ ਕਰਦਾ। ਅਚਾਨਕ ਹੀ ਸੂਰਾਂ ਦਾ ਇਕ ਵੱਗ ਉਥੇ ਆ ਨਿਕਲਿਆ ਉਹ ਚਾਰ ਜਾਂ ਪੰਜ ਕਾਲੇ ਜਾਨਵਰ ਸਨ, ਅਰਧ-ਵਹਿਸ਼ੀ ਸੂਰ, ਜਿਹੜੇ ਬੇਹੱਦ ਭੁੱਖੇ ਸਨ ਤ਼ੇ ਉਹਨਾਂ ਦੀਆਂ ਸੁੰਡਾਂ ਪੱਥਰ ਵਰਗੀਆਂ ਸਨ। ਫਿਰ ਫੈਡਰੀਕੋ ਨੇ ਲਹੂ-ਰਿੜਕਵਾਂ ਦ੍ਰਿਸ਼ ਤੱਕਿਆ। ਸੂਰਾਂ ਨੇ ਲੇਲੇ ਤੇ ਹਮਲਾ ਕਰ ਦਿੱਤਾ ਤੇ ਕਵੀ ਦੀ ਬੇਹੱਦ ਹੈਰਾਨੀ ਲਈ ਇਸ ਨੂੰ ਟੁੱਕੜੇ ਟੁੱਕੜੇ ਕੀਤਾ ਤੇ ਹੜੱਪ ਕਰ ਗਏ।

ਇਸ ਇਕੱਲੇ-ਕਾਰੀ ਜਗ੍ਹਾ ਤੇ ਇਸ ਲਹੂ-ਭਰੇ ਦ੍ਰਿਸ਼ ਨੇ, ਫੈਡਰੀਕੋ ਨੂੰ ਝੱਟਪੱਟ ਆਪਣੀ ਕੰਪਨੀ ਨੂੰ ਤੁਰ ਪੈਣ ਲਈ ਪ੍ਰੇਰਿਆ। ਗ੍ਰਹਿ-ਯੁੱਧ ਦੇ ਤਿੰਨ-ਮਹੀਨੇ ਪਹਿਲਾਂ, ਜਦੋਂ ਮੈਨੂੰ ਉਸ ਨੇ ਇਹ ਲੂੰ-ਕੰਡੇ ਕਰਨ ਵਾਲੀ ਕਹਾਣੀ ਸੁਣਾਈ, ਫੈਡਰੀਕੋ ਹਾਲੀ ਵੀ ਇਸ ਦ੍ਰਿਸ਼ ਤੋਂ ਭੈ-ਭੀਤ ਸੀ। ਪਿਛੋਂ ਮੈਂ ਵਧੇਰੇ ਸਪੱਸ਼ਟਤਾ ਨਾਲ ਵੇਖਿਆ ਕਿ ਇਹ ਘਟਨਾ ਉਸ ਦੀ ਮੌਤ ਦੀ ਨਿਸ਼ਾਨੀ ਪ੍ਰਤੀਤ ਹੁੰਦੀ ਸੀ, ਨਾ ਮੰਨਣ ਵਾਲੇ ਦੁਖਾਂਤ ਦੀ ਅਗਾਂਊਂ ਸੂਚਨਾ।

ਲੋਰਕਾ ਨੂੰ ਸਿਰਫ ਗੋਲੀ ਹੀ ਨਹੀਂ ਮਾਰੀ ਗਈ, ਉਸ ਨੂੰ ਕਤਲ ਕੀਤਾ ਗਿਆ ਸੀ। ਇਹ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਉਹ ਕਿਸੇ ਦਿਨ ਉਸ ਨੂੰ ਮਾਰ ਦੇਣਗੇ। ਉਹ ਸਪੇਨੀ ਕਵੀਆਂ ਚੋਂ, ਸਭ ਤੋਂ ਵੱਧ ਚਾਹਿਆ ਤੇ ਪਿਆਰਿਆ ਜਾਂਦਾ ਸੀ। ਉਹ ਆਪਣੇ ਅਸਚਰਜ ਖੁਸ਼ ਸੁਭਾਅ ਕਾਰਨ ਬੱਚਿਆਂ ਵਰਗਾ ਲੱਗਦਾ ਸੀ, ਕੌਣ ਯਕੀਨ ਕਰੇਗਾ ਕਿ ਇਸ ਧਰਤੀ ਤੇ, ਉਸ ਦੇ ਆਪਣੇ 'ਗਰਾਨਾਡਾ' ਵਿੱਚ, ਅਜੇਹੇ ਦੈਂਤ ਸਨ, ਜਿਹੜੇ ਅਜੇਹਾ ਸੋਚਿਆ-ਨਾ-ਜਾਣ-ਵਾਲਾ ਜੁਰਮ ਕਰ ਸਕਦੇ ਸਨ।

ਮੇਰੇ ਲੰਮੇ ਸੰਘਰਸ਼ ਵਿੱਚ ਇਹ ਕਾਤਲਾਨਾ ਕਾਰਾ ਸਭ ਤੋਂ ਵੱਧ ਦੁਖਦਾਈ ਸੀ। ਸਪੇਨ ਸਦਾ ਹੀ ਤਲਵਾਰਾਂ ਵਾਹੁਣ ਵਾਲਿਆਂ ਦੀ ਯੁੱਧ-ਭੂਮੀ ਰਿਹਾ ਹੈ, ਜਿੱਥੇ ਬੇਹੱਦ ਲਹੂ ਵਗਿਆ ਹੈ, ਸਾਹਨਾਂ ਦੇ ਭੇੜ ਇਸ ਦੀ ਕੁਰਬਾਨੀ. ਬੇਕਿਰਕ ਸ਼ਾਨ, ਅਖਾੜੇ ਦੇ ਭਿਆਨਕ ਹੈਰਾਨੀ-ਭਰੇ ਦ੍ਰਿਸ਼. ਰੌਸ਼ਨੀ ਤੇ ਹਨੇਰੇ ਦੀ ਸਦੀਆਂ ਪਰਾਣੀ ਲੜਾਈ ਨੂੰ ਦਰਸਾਉਂਦੇ ਹਨ। *(ਜੀਵਨ ਯਾਦਾਂ ਵਿਚੋਂ)*

## 2. ਮੇਰੀ ਕਵਿਤਾ

ਮੇਰੀ ਕਵਿਤਾ ਤੇ ਮੇਰੀ ਜ਼ਿੰਦਗੀ ਨੇ ਇਕ ਅਮਰੀਕਨ ਦਰਿਆ ਵਾਂਗ ਵਿਕਾਸ ਕੀਤਾ ਹੈ, ਚਿੱਲੀ ਦੇ ਪਾਣੀ ਦਾ ਹੜ੍ਹ ਜਿਹੜਾ ਦੱਖਣੀ ਪਹਾੜਾਂ ਦੇ ਲੁਕੇ ਹੋਏ ਦਿਲ ਚੋਂ ਜਨਮਿਆ ਹੈ, ਤੇ ਜਿਹੜਾ ਨਿਰੰਤਰ ਆਪਣੀ ਧਾਰਾ ਦੇ ਵਹਿਣ ਨੂੰ ਸਮੁੰਦਰ ਵਲ ਵਹਾਈ ਜਾਂਦਾ ਹੈ। ਮੇਰੀ ਕਵਿਤਾ ਆਪਣੇ ਵਹਿਣ ਦੇ ਨਾਲ ਜੋ ਵੀ ਲਿਜਾ ਸਕਦੀ ਹੈ, ਉਸ ਨੂੰ ਇਹਨੇ ਰੱਦ ਨਹੀਂ ਕੀਤਾ, ਇਸ ਨੇ ਉਤਸ਼ਾਹ ਨੂੰ ਪ੍ਰਵਾਨ ਕੀਤਾ, ਰਹੱਸ ਨੂੰ ਖੋਲ੍ਹਿਆ ਤੇ ਲੋਕਾਂ ਦੇ ਦਿਲਾਂ ਵੱਲ ਜਾਂਦੇ ਰਾਹ ਲਈ ਕੰਮ ਕੀਤਾ।

ਪਿਆਰ ਕਰਨ ਤੇ ਗੀਤ ਗਾਉਣ ਲਈ ਮੈਨੂੰ ਕਸ਼ਟ ਝੱਲਣਾ ਤੇ ਸੰਘਰਸ਼ ਕਰਨਾ ਪਿਆ। ਮੈਨੂੰ ਜਿੱਤਾਂ ਤੇ ਹਾਰਾਂ ਦਾ ਸੰਸਾਰਕ ਹਿੱਸਾ ਮਿਲਿਆ, ਮੈਂ ਰੋਟੀ ਤੇ ਲਹੂ ਦਾ ਸੁਆਦ ਚੱਖਿਆ, ਇਸ ਤੋਂ ਵੱਧ ਕਵੀ ਹੋਰ ਕੀ ਚਾਹੁੰਦਾ ਹੈ ? ਸਾਰੀਆਂ ਚੋਣਾਂ, ਅੱਥਰੂ, ਚੁੰਮਣ, ਇਕੱਲਤਾ, ਤੇ ਮਨੁੱਖ ਦਾ ਭਰਾਤਰੀ ਭਾਵ ਮੇਰੀ ਕਵਿਤਾ ਵਿਚ ਜੀਉਂਦੇ ਤੇ ਇਸ ਦਾ ਜ਼ਰੂਰੀ ਅੰਗ ਬਣ ਗਏ ਹਨ, ਕਿਉਂਕਿ ਮੈਂ ਆਪਣੀ ਕਵਿਤਾ ਨੂੰ ਜੀਵਿਆ ਹੈ ਤੇ ਇਸ ਨੇ ਉਸ ਸਭ ਕੁਝ ਦੀ ਪਾਲਣਾ ਕੀਤੀ ਹੈ ਜਿਸ ਦੀ ਮੈਂ ਭਾਲ ਕਰਦਾ ਰਿਹਾ ਹਾਂ। ਤੇ ਜੇ ਮੈਨੂੰ ਬਹੁਤੇ ਪੁਰਸਕਾਰ ਮਿਲੇ ਹਨ, ਤਿੱਤਲੀਆਂ ਵਾਂਗ ਤਾਰੀਆਂ ਲਾਉਂਦੇ, ਫੁੱਲਾਂ ਦੀ ਧੂੜ ਵਾਂਗ ਨਾਜ਼ਕ, ਪਰ ਮੈਨੂੰ ਇਸ ਤੋਂ ਵੀ ਵੱਡਾ ਪੁਰਸਕਾਰ ਮਿਲਿਆ ਹੈ, ਜਿਸ ਨੂੰ ਕਈ ਬੰਦੇ ਟਿੱਚ ਸਮਝਣਗੇ, ਪਰ ਬਹੁਤੇ ਇਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਮੈਂ ਸ਼ਿਲਪ ਸਿਖਿਆਰਥੀ ਦੀ ਬੜੀ ਮੁਸ਼ਕਲ ਟਰੇਨਿੰਗ ਤੇ ਲੰਮੀ ਭਾਲ ਚੋਂ ਲੰਘਿਆ ਹਾਂ, ਤੇ ਨਾਲ ਹੀ ਲਿਖੇ ਸ਼ਬਦ ਦੇ ਗੋਰਖਧੰਦੇ ਚੋਂ ਲੋਕਾਂ ਦਾ ਕਵੀ ਬਣਿਆ ਹਾਂ।

ਇਹ ਹੈ ਪੁਰਸਕਾਰ। ਉਹ ਪੁਸਤਕਾਂ ਤੇ ਕਵਿਤਾਵਾਂ ਨਹੀਂ, ਜਿਹੜੀਆਂ ਅਨੁਵਾਦ ਹੋਈਆਂ ਹਨ ਜਾਂ ਜਿਹਨਾਂ ਵਿਚ ਮੇਰੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਹੁੰਦਾ ਹੈ ਜਾਂ ਇਹਨਾਂ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਹੈ।

ਮੇਰਾ ਪੁਰਸਕਾਰ ਉਹ ਮਹੱਤਵਪੂਰਨ ਅਵਸਰ ਹੈ, ਜਦੋਂ, "ਲੋਟਾ" ਦੀ ਕੋਲੇ ਦੀ ਖਾਣ 'ਚੋਂ ਇਕ ਆਦਮੀ ਸੁਰੰਗ ਵਿਚੋਂ, ਅੱਗ ਵਰਗੇ ਸ਼ੋਰੇ ਦੇ ਖੇਤ ਵਿਚ, ਸੂਰਜ ਦੀ ਰੌਸ਼ਨੀ ਵਿਚ ਆ ਖਲੋਤਾ, ਇੰਝ ਜਿਵੇਂ ਕੋਈ ਨਰਕ ਵਿਚੋਂ ਬਾਹਰ ਨਿਕਲਦਾ ਹੈ, ਉਸ ਦਾ ਚਿਹਰਾ ਭਿਆਨਕ ਮਸ਼ੱਕਤ ਨਾਲ ਕਰੂਪ ਹੋਇਆ ਹੋਇਆ ਸੀ, ਉਸ ਦੀਆਂ ਅੱਖਾਂ ਘੱਟੇ ਨਾਲ ਸੁਰਖ ਸਨ ਤੇ ਉਸ ਨੇ ਆਪਣਾ ਖਰਵਾ ਹੱਥ ਮੇਰੇ ਵੱਲ ਵਧਾਇਆ, ਹੱਥ ਜਿਸ ਦੇ ਅੱਟਣਾਂ ਤੇ ਰੇਖਾਵਾਂ ਤੋਂ ਬਿਰਖ ਹੀਣ ਮੈਦਾਨ ਦਾ ਨਕਸ਼ਾ ਪੜ੍ਹਿਆ ਜਾ ਸਕਦਾ ਹੈ।

ਚਮਕਦੀਆਂ ਅੱਖਾਂ ਨਾਲ ਉਸ ਨੇ ਮੈਨੂੰ ਕਿਹਾ, "ਮੇਰੇ ਭਰਾਵਾ, ਮੈਂ ਤੈਨੂੰ ਬੜੀ ਦੇਰ ਦਾ ਜਾਣਦਾ ਹਾਂ।" ਇਹ ਮੇਰੀ ਕਵਿਤਾ ਲਈ ਪੁਸ਼ਪਮਾਲਾ ਹੈ, ਧੁੰਧਲੇ ਬਿਰਖਹੀਣ ਮੈਦਾਨ ਵਲ ਖੁੱਲ੍ਹਦਾ ਬੂਹਾ, ਜਿਸ ਚੋਂ ਇਕ ਮਜ਼ਦੂਰ ਨਿਕਲਦਾ ਹੈ, ਜਿਸ ਨੂੰ ਚਿੱਲੀ ਦੇ ਤਾਰਿਆਂ, ਹਵਾ ਤੇ ਰਾਤ ਨੇ ਦੱਸਿਆ ਸੀ, "ਤੂੰ ਇਕੱਲਾ ਨਹੀਂ, ਇਕ ਕਵੀ ਵੀ ਹੈ, ਜਿਸ ਦੇ ਵਿਚਾਰ ਤੇਰੇ ਦੁੱਖਾਂ ਵਿਚ ਤੇਰੇ ਨਾਲ ਹਨ।"

ਮੈਂ 15 ਜੁਲਾਈ 1945 ਨੂੰ ਚਿੱਲੀ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। **


**ਕੁਕਨੁਸ ਪ੍ਰਕਾਸ਼ਨ ਦੀਆਂ ਦੋ ਮਹੱਤਵਪੂਰਨ ਪ੍ਰਕਾਸ਼ਨਾਵਾਂ**

ਜੀਵਨ ਯਾਦਾਂ (ਪਾਬਲੋ ਨੇਰੂਦਾ) ਅਨੁਵਾਦ : ਹਰਭਜਨ ਸਿੰਘ ਹੁੰਦਲ ਪੰਨੇ 355 ਮੁੱਲ 75/-

ਚੋਣਵੀ ਕਵਿਤਾ : (ਨਾਜ਼ਿਮ ਹਿਕਮਤ) ਅਨੁਵਾਦ : ਹਰਭਜਨ ਸਿੰਘ ਹੁੰਦਲ ਪੰਨੇ 160 ਮੁੱਲ 75/-

*ਨਵਾਂ ਜ਼ਮਾਨਾ ਬੁੱਕ ਸ਼ਾਪ ਨੇੜੇ ਰੋਜ਼ਾਨਾ ਅਜੀਤ, ਜਲੰਧਰ 0181-214028*






## ਕਾਵਿ ਹੋਂਦ ਦੀ ਤਲਾਸ਼ : ਜੀਵਨ ਯਾਦਾਂ / *ਪਾਬਲੋ ਨੇਰੂਦਾ*

ਪੰਜਾਬੀ ਦੇ ਕਾਵਿਕ ਹਲਕਿਆਂ ਵਿਚ ਚਿੱਲੀ ਦੇ ਸੰਸਾਰ ਪ੍ਰਸਿੱਧ ਕਵੀ ਪਾਬਲੋ ਨੇਰੂਦਾ ਦਾ ਨਾਂ ਬੇਹੱਦ ਚਰਚਿਤ ਤੇ ਸਤਿਕਾਰਤ ਰਿਹਾ ਹੈ। ਵਿਸ਼ੇਸ਼ ਕਰਕੇ, ਪ੍ਰਗਤੀਵਾਦੀ-ਕ੍ਰਾਂਤੀਕਾਰੀ ਕਵਿਤਾ ਦੇ ਪ੍ਰਸੰਗ ਵਿਚ ਨੇਰੂਦਾ ਤੇ ਉਸਦੀ ਕਵਿਤਾ ਆਪ ਮੁਹਾਰੇ ਹੀ ਸਾਡੇ ਸਾਹਮਣੇ ਆ ਖਲੋਂਦੀ ਹੈ। ਨਕਸਲਵਾੜੀ ਦੌਰ ਵਿਚ ਉਭਰੀ ਜੁਝਾਰ-ਵਿਦਰੋਹੀ ਕਵਿਤਾ ਉੱਤੇ ਨੇਰੂਦਾ ਅਤੇ ਤੁਰਕੀ ਦੇ ਬਾਗੀ ਕਵੀ ਨਾਜ਼ਿਮ ਹਿਕਮਤ ਦੀ ਰਚਨਾ ਦੇ ਪਏ ਪ੍ਰਤੱਖ-ਅਪ੍ਰਤੱਖ ਪ੍ਰਭਾਵ ਨੂੰ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਸ ਦੌਰ ਦੇ ਪ੍ਰਤੀਨਿਧ ਕਵੀ ਪਾਸ਼ ਨੇ ਅਨੇਕ ਥਾਈਂ ਪਾਬਲੋ ਦੀ ਕਾਵਿਕ ਪ੍ਰਤਿਭਾ ਦੀ ਪ੍ਰਸ਼ੰਸਾ ਕਰਦਿਆਂ ਇਸ ਦੇ ਅਨੁਸਰਨ ਦੀ ਵਜ਼ਾਹਤ ਕੀਤੀ ਹੈ। 'ਹੱਥ', 'ਪੈਰ', 'ਕੰਡੇ ਦਾ ਜ਼ਖਮ' ਆਦਿ ਪਾਸ਼ ਦੀਆਂ ਅਨੇਕ ਪ੍ਰਸਿੱਧ ਕਵਿਤਾਵਾਂ ਭਾਵੇਂ ਉੱਚ ਮੌਲਿਕ ਸਿਰਜਣਯੋਗਤਾ ਪੱਖੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਪਰ ਇਨ੍ਹਾਂ ਉੱਤੇ ਪਾਬਲੋ ਦੀ ਕਾਵਿਕ ਪ੍ਰਤਿਭਾ ਦੇ ਪ੍ਰਭਾਵ ਨੂੰ ਵੀ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਸੁਭਾਵਿਕ ਹੈ ਕਿ ਅਜਿਹੀ ਸ਼ਕਤੀਸ਼ਾਲੀ ਕਾਵਿਕ ਹਸਤੀ ਦੇ ਆਪਣੇ ਜੀਵਨ-ਅਨੁਭਵਾਂ ਅਤੇ ਸਿਰਜਣ-ਸ੍ਰੋਤਾਂ ਬਾਰੇ ਵੱਧ ਤੋਂ ਵੱਧ ਗਿਆਨ ਹਾਸਲ ਕਰਨ ਦੀ ਜਗਿਆਸਾ ਹਮੇਸ਼ਾ ਸਾਡੇ ਲੋਕਾਂ ਵਿਚ ਬਣੀ ਰਹੀ ਹੈ। ਪ੍ਰਸਿੱਧ ਪ੍ਰਗਤੀਵਾਦੀ ਸ਼ਾਇਰ ਹਰਭਜਨ ਸਿੰਘ ਹੁੰਦਲ ਦੁਆਰਾ ਨੇਰੂਦਾ ਦੀ ਸਵੈ-ਜੀਵਨੀ 'ਜੀਵਨ ਯਾਦਾਂ' ਦੇ ਰੂਪ ਵਿਚ ਅਨੁਵਾਦਿਤ ਕਰਕੇ ਲੇਖਕਾਂ-ਪਾਠਕਾਂ ਦੀ ਇਸ ਜਗਿਆਸਾ ਦੀ ਹੀ ਪੂਰਤੀ ਕੀਤੀ ਗਈ ਹੈ। ਹੁੰਦਲ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ "ਚਿੱਲੀ ਦਾ ਸ੍ਰੇਸ਼ਟ ਕਵੀ ਪਾਬਲੋ ਨੇਰੂਦਾ ਵੀਹਵੀਂ ਸਦੀ ਦੀ ਸਮੁੱਚੀ ਕਵਿਤਾ ਉੱਤੇ ਨਾਜ਼ਿਮ ਹਿਕਮਤ ਵਾਂਗ ਇਕ ਬੋਹੜ ਵਾਂਗ ਫੈਲਿਆ ਵਿਸ਼ੇਸ਼ ਨਾਂ ਹੈ।"

ਸਾਹਿਤਕ ਹਲਕਿਆਂ ਲਈ ਇਸ ਸਵੈ-ਜੀਵਨੀ ਦਾ ਮਹੱਤਵ ਅਨੇਕ ਪੱਖਾਂ ਤੋਂ ਹੈ। ਪਾਬਲੋ ਨੇਰੂਦਾ ਦਾ ਉਚਾਣਾਂ-ਨਿਵਾਣਾਂ, ਖੁਸ਼ੀਆਂ-ਗਮੀਆਂ ਤੇ ਸਿਰੇ ਦੇ ਦੁੱਖਾਂ-ਸੁੱਖਾਂ ਭਰਪੂਰ ਸਮੁੱਚਾ ਜੀਵਨ ਸੰਗਰਾਮ ਅਤੇ ਇਸ ਸੰਗਰਾਮ ਵਿਚੋਂ ਹਾਸਿਲ ਹੋਏ ਕਾਵਿ-ਅਨੁਭਵ ਦਾ ਬਿਰਤਾਂਤ ਸਾਡੇ ਲੋਕਾਂ ਲਈ ਅੱਖਾਂ ਖੋਲ੍ਹਣ ਵਾਲਾ ਹੈ। ਇਸਦਾ ਕਾਰਨ ਇਹ ਹੈ ਕਿ ਲੇਟਿਨ ਅਮਰੀਕਨ ਦੇਸ਼ਾਂ ਦੀ ਰਾਜਨੀਤੀ, ਕਲਾ, ਸਭਿਆਚਾਰ, ਸਾਹਿਤ-ਗੱਲ ਦੀ ਸਮੁੱਚੀ ਸਮਾਜੀ ਸਥਿਤੀ ਦਾ ਭਾਰਤ ਵਰਗੇ ਤੀਸਰੀ ਦੁਨੀਆਂ ਦੇ ਦੇਸ਼ਾਂ ਨਾਲ ਵਿਸ਼ੇਸ਼ ਸੰਬੰਧ ਬਣਦਾ ਹੈ। ਅਸੀਂ ਇਥੇ ਪਿਛਲੇ ਤੀਹ-ਚਾਲੀ ਸਾਲਾਂ ਵਿਚ ਜਿਨ੍ਹਾਂ ਕਾਵਿਕ ਮਸਲਿਆਂ, ਗੁੰਝਲਾਂ, ਪ੍ਰਸ਼ਨਾਂ ਤੇ ਭ੍ਰਾਂਤੀਆਂ ਦੇ ਰੂ-ਬ-ਰੂ ਸਾਂ, ਇਸ ਪੁਸਤਕ ਦਾ ਪਾਠ ਇਸ ਸਭ ਕੁਝ ਨੂੰ ਸਿੱਧੇ ਰੂਪ ਵਿਚ ਮੁਖ਼ਾਤਿਬ ਹੈ। ਨੇਰੂਦਾ ਇਨ੍ਹਾਂ ਪ੍ਰਸ਼ਨਾਂ ਦਾ ਦੋ ਟੁੱਕ ਹੱਲ ਨਹੀਂ ਪੇਸ਼ ਕਰਦਾ ਪਰ ਆਪਣੇ ਵਿਹਾਰਕ ਅਨੁਭਵ ਦੇ ਆਧਾਰ 'ਤੇ ਜੋ ਉਹ ਤਾਰਕਿਕ ਵਿਸ਼ਲੇਸ਼ਣ ਪੇਸ਼ ਕਰਦਾ ਹੈ, ਇਹ ਬਹੁਤ ਮੁੱਲਵਾਨ ਤੇ ਕਾਫ਼ੀ ਗ੍ਰਹਿਣ ਕਰਨ ਯੋਗ ਹੈ। ਉਹ ਸੰਸਾਰ ਭਰ ਵਿਚ ਲੜੇ ਜਾ ਰਹੇ ਲੋਕ ਮੁਕਤੀ ਦੇ ਘੋਲਾਂ ਦਾ ਕਿਤੇ ਸਹਿਜ ਅਤੇ ਕਿਤੇ ਸੁਕਿਰਿਆ ਅੰਗ ਹੋਣ ਵਜੋਂ ਗ੍ਰਹਿਣ ਕੀਤੇ ਨਿਕਟ ਅਨੁਭਵ ਅਤੇ ਇਸ ਸਭ ਕੁਝ ਦੇ ਕਾਵਿਕ ਜੋੜ ਮੇਲ ਦੇ ਮਸਲੇ ਨੂੰ ਡੂੰਘੇ ਮਾਨਵੀ-ਸੰਵੇਦਨਾਵੀ ਧਰਾਤਲ ਉੱਤੇ ਰੱਖ ਕੇ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ। ਇਸ ਕਰਕੇ 'ਜੀਵਨ ਯਾਦਾਂ' ਦਾ ਬਿਰਤਾਂਤ ਨੇਰੂਦਾ ਦੇ ਵਿਅਕਤੀਗਤ ਜੀਵਨ ਦੇ ਨਿਰੋਲ ਨਿੱਜ ਮੁਖੀ ਵੇਰਵਿਆਂ ਨੂੰ ਫੋਕਸ ਵਿਚ ਲਿਆਉਣ ਦੀ ਥਾਂ ਕਵਿਤਾ, ਆਲੋਚਨਾ, ਜੀਵਨ, ਸਾਹਿਤ, ਸਭਿਆਚਾਰ ਤੇ ਸਿਆਸਤ ਨਾਲ ਜੁੜੇ ਵਡੇਰੇ ਪ੍ਰਸੰਗਾਂ/ਮਸਲਿਆਂ ਨੂੰ ਅਗਰ ਭੂਮੀ ਵਿਚ ਲਿਆ ਕੇ ਇਕ ਤੀਖਣ ਸਾਰਥਿਕ ਸੰਵਾਦ ਛੇੜਦਾ ਹੈ। ਇਹ ਸੰਵਾਦ ਹੀ ਇਸ ਪੁਸਤਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਉਕਤ ਸੰਵਾਦ ਦੇ ਕੇਂਦਰ ਵਿਚ ਕਵੀ-ਕਵਿਤਾ ਦੇ ਪ੍ਰਸਪਰ ਸੰਬੰਧ ਅਤੇ ਕਾਵਿ ਦੀ ਹੋਂਦ ਵਿਧੀ ਨਾਲ ਜੁੜੇ ਸੂਖਮ-ਸਥੂਲ ਮਸਲੇ ਹਨ। ਇਸ ਪ੍ਰਕਿਰਿਆ ਵਿਚ ਨੇਰੂਦਾ ਦੇ ਸਾਹਮਣੇ ਵਾਰ-ਵਾਰ ਕਾਵਿ ਦੀ ਪ੍ਰਕਿਰਤੀ ਪ੍ਰਕਾਰਜ ਤੇ ਇਸ ਦੇ ਸਮਾਜਿਕ ਦਾਇਤਵ ਦਾ ਮਸਲਾ ਉਭਰਦਾ ਹੈ। ਉਸ ਦੇ ਸਾਹਮਣੇ ਮੂਲ ਪ੍ਰਸ਼ਨ ਇਹ ਹੈ ਕਿ ਕਵਿਤਾ ਦੀ ਹੋਂਦ ਕਿਥੇ ਹੈ ? ਉਹ ਆਪਣੇ ਵਿਅਕਤੀਗਤ ਜੀਵਨ ਅਤੇ ਆਲੇ-ਦੁਆਲੇ ਦੇ ਸਿਆਸੀ, ਸਮਾਜੀ ਤੇ ਪ੍ਰਕਿਰਤਕ ਚੌਗਿਰਦੇ ਵਿਚ ਉਭਰੀ ਹਰ ਨਵੀਂ ਸਥਿਤੀ ਵਿਚ ਕਾਵਿ ਦੀ ਹੋਂਦ ਨੂੰ ਤਲਾਸ਼ਦਾ ਹੈ। ਕਾਵਿ ਹੋਂਦ ਦੀ ਇਹ ਤਲਾਸ਼ ਏਨੀ ਸੂਖਮ, ਅਹਿਸਾਸਮੰਦ, ਸੰਵੇਦਨਾ ਤੇ ਜੁਸਤਜੂ ਭਰਪੂਰ ਹੈ ਕਿ ਪਾਠਕ ਇਕ ਅਨੋਖੀ ਅਚੰਭੇ ਭਰਪੂਰ ਭਾਵਨਾ ਨਾਲ ਚਕ੍ਰਿਤ ਹੋ ਕੇ ਰਹਿ ਜਾਂਦਾ ਹੈ। ਇਹੀ ਕਾਰਨ ਹੈ ਕਿ ਵਿਸ਼ੇ ਦੇ ਪੱਖ ਤੋਂ ਉਸਦੀ ਕਵਿਤਾ ਵਿਸ਼ਾਲ ਪੁਲਾੜੀ ਦਿਸਹੱਦਿਆਂ ਤੱਕ ਫੈਲ ਜਾਂਦੀ ਹੈ। ਇਸ ਦੇ ਸਮਾਨੰਤਰ, ਸਾਡੀ ਕਵਿਤਾ ਵਿਚ ਲੰਮਾ ਸਮਾਂ ਪਿਆਰ ਨੂੰ ਕ੍ਰਾਂਤੀਕਾਰੀ ਕਵਿਤਾ ਲਈ ਇਕ ਵਰਜਿਤ ਵਿਸ਼ਾ ਹੀ ਮੰਨਿਆ ਜਾਂਦਾ ਰਿਹਾ ਹੈ। ਇਸ ਦੰਭ ਤੇ ਭ੍ਰਾਂਤੀਪੂਰਨ ਵਰਤਾਰੇ ਨੇ ਸਾਡੇ ਕਵੀਆਂ ਦੇ ਅਨੁਭਵ ਦਾਇਰਿਆਂ ਨੂੰ ਬਹੁਤ ਸੀਮਤ ਕਰਕੇ ਸੁੰਗੇੜੀ ਰੱਖਿਆ ਹੈ। ਪਾਬਲੋ ਇਸ ਭ੍ਰਾਂਤੀ ਦਾ ਸਖਤ ਖੰਡਨ ਕਰਦਾ ਹੋਇਆ ਆਖਦਾ ਹੈ ਕਿ ਉਸ ਕਵੀ ਦੀ ਮਾੜੀ ਕਿਸਮਤ ਹੈ। ਜਿਹੜਾ ਦਿਲ ਦੇ ਬੇਕਾਬੂ ਤੇ ਕੋਮਲ ਸੱਦਿਆਂ ਦਾ ਹੁੰਗਾਰਾ ਗੀਤਾਂ ਰਾਹੀਂ ਨਹੀਂ ਭਰਦਾ। ਇਸ ਦੇ ਨਾਲ ਹੀ ਉਹ 'ਜਜ਼ਬਿਆਂ ਦੀ ਚੰਗੀ ਪਕੜ' ਅਤੇ 'ਕਾਬੂ ਕੀਤੀ ਸੁਭਾਵਿਕਤਾ' ਦੀ ਸ਼ਰਤ ਵੀ ਆਇਦ ਕਰਦਾ ਹੈ। ਇਸ ਪ੍ਰਸੰਗ ਵਿਚ ਉਹਦੀ ਇਹ ਟਿੱਪਣੀ ਬਹੁਤ ਧਿਆਨਯੋਗ ਹੈ—

"ਜਿਹੜਾ ਕਵੀ ਯਥਾਰਥਵਾਦੀ ਨਹੀਂ, ਉਹ ਮਰ ਚੁੱਕਾ ਹੈ। ਤੇ ਜਿਹੜਾ ਸਿਰਫ ਯਥਾਰਥਵਾਦੀ ਹੈ, ਉਹ ਵੀ ਮੁਰਦਾ ਹੈ। ਜਿਹੜਾ ਕਵੀ ਤਰਕਹੀਣ ਹੈ, ਉਸ ਨੂੰ ਸਿਰਫ ਉਸ ਦੀ ਪ੍ਰੇਮਿਕਾ ਤੇ ਜਾਂ ਉਹ ਖੁਦ ਸਮਝ ਸਕੇਗਾ ਤੇ ਇਹ ਬਹੁਤ ਨਿਰਾਸਤਾ ਵਾਲੀ ਗੱਲ ਹੈ। ਜਿਸ ਕਵੀ ਵਿਚ ਬਸ ਦਲੀਲ ਹੀ ਦਲੀਲ ਹੈ, ਉਸ ਨੂੰ ਸਿਰਫ ਗਧੇ ਹੀ ਸਮਝਣਗੇ ਤੇ ਇਹ ਵੀ ਖਤਰਨਾਕ ਹੱਦ ਤੀਕ ਨਿਰਾਸਤਾ ਭਰੀ ਗੱਲ ਹੈ।" (ਪੰਨਾ 253)

ਜੇ ਨੇਰੂਦਾ ਦੇ ਸਮੁੱਚੇ ਕਾਵਿ-ਵਿਕਾਸ ਦੇ ਅਮਲ ਨੂੰ ਸਾਖੀ ਮੰਨਕੇ ਦੇਖੀਏ ਤਾਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਕਵੀ ਆਪਣੀ ਮਹਿਸੂਸਣ ਵਿਧੀ ਵਿਚ ਵਿਕਾਸ ਕਰਕੇ ਅਜਿਹਾ ਸਮਤੋਲ ਸਿਰਜਣ ਵਿਚ ਸਫਲ ਹੋ ਸਕਦਾ ਹੈ। ਇਸੇ ਕਰਕੇ, ਜੇ ਇਕ ਪਾਸੇ ਸਪੇਨ ਦੇ ਗ੍ਰਹਿ ਯੁੱਧ ਵੇਲੇ ਉਭਰੇ ਵਡੇਰੇ ਸਿਆਸੀ, ਸਮਾਜੀ ਤੇ ਮਾਨਵੀ ਮਸਲੇ ਉਸ ਦੀ ਕਾਵਿ-ਸੰਵੇਦਨਾ ਨੂੰ ਡੂੰਘੀ ਤਰ੍ਹਾਂ ਹਲੂਣਦੇ-ਝੰਜੋੜਦੇ ਹਨ, ਉਥੇ ਦੂਜੇ ਪਾਸੇ ਸੂਰਜ ਦੇ ਚੜ੍ਹਨ-ਲਹਿਣ ਜਾਂ ਪੰਛੀਆਂ, ਬੀਂਡਿਆਂ, ਤਿੱਤਰਾਂ ਦੇ ਆਂਡਿਆਂ ਦੀ ਹੋਂਦ ਤੇ ਜਾਂ ਫਿਰ ਹੱਥਾਂ ਵਿਚ ਮਰੇ ਸਮੁੰਦਰੀ ਹੰਸ ਦੀ ਲੋਥ ਵੀ ਉਸ ਦੇ ਕਾਵਿ ਮਨ ਨੂੰ ਅੰਤਰੀਵੀ ਰੂਪ ਵਿਚ ਬਰਾਬਰ ਟੁੰਬਦੀ ਹੈ। ਇਹ ਕਾਵਿ-ਸਿਧਾਂਤ ਇਕੋ ਵੇਲੇ ਆਪਣੇ ਲੋਕਾਂ ਅਤੇ ਆਪਣੇ ਪ੍ਰਕ੍ਰਿਤਕ ਚੌਗਿਰਦੇ ਨਾਲ ਬਹੁਤ ਹੀ ਘਣੇ ਰੂਪ ਵਿਚ ਜੁੜਨ ਦੀ ਵਜ਼ਾਹਤ ਕਰਦਾ ਹੈ ਜਿਸ ਦਾ ਸਾਡੀ ਆਧੁਨਿਕ ਕਵਿਤਾ ਵਿਚ ਕਾਫੀ ਅਭਾਵ ਰਿਹਾ ਹੈ।

ਪਾਬਲੋ ਨੇਰੂਦਾ ਦੀ ਸਵੈ ਜੀਵਨੀ ਦੇ ਅਨੁਵਾਦ ਤੋਂ ਪਹਿਲਾਂ ਹਰਭਜਨ ਸਿੰਘ ਹੁੰਦਲ ਉਸ ਦੀ ਕਵਿਤਾ ਦਾ ਇਕ ਵੱਡਾ ਭਾਗ ਵੀ ਪੰਜਾਬੀ ਵਿਚ ਅਨੁਵਾਦ ਕਰ ਚੁੱਕਾ ਹੈ। ਉਂਝ ਵੀ, ਚੰਗੀ ਕਿਰਤ ਦਾ ਅਨੁਵਾਦ ਕਰਨਾ ਅੱਜ ਕਲ੍ਹ ਉਸ ਦਾ ਵਿਸ਼ੇਸ਼ ਸ਼ੌਕ ਬਣਿਆ ਹੋਇਆ ਹੈ। ਹੁਣ ਉਹ ਅਨੁਵਾਦ-ਕਾਰਜ ਵੀ ਮੌਲਿਕ ਸਿਰਜਣ ਵਾਂਗ ਬਹੁਤ ਸਹਿਜ ਰੂਪ ਵਿਚ ਸਮੇਟ ਲੈਂਦਾ ਹੈ। ਭਾਵੇਂ ਕੋਈ ਵੀ ਅਨੁਵਾਦ ਕਾਰਜ ਸੰਪੂਰਨ ਨਹੀਂ ਮੰਨਿਆ ਜਾ ਸਕਦਾ ਪਰ ਫਿਰ ਵੀ ਇਹ ਨਿਰਸੰਕੋਚ ਆਖਿਆ ਜਾ ਸਕਦਾ ਹੈ ਕਿ ਹੁੰਦਲ ਦੀ ਕਵੀ-ਸ਼ਖਸੀਅਤ ਨੇ ਨੇਰੂਦਾ ਦੀ ਇਸ ਕਲਾਸਿਕ ਰਚਨਾ ਨਾਲ ਇਨਸਾਫ ਕੀਤਾ ਹੈ। *—ਡਾ. ਸੁਖਵਿੰਦਰ ਸਿੰਘ ਰੰਧਾਵਾ*





*ਫਰਾਂਸ ਵਿੱਚ ਸਫੀਰ*



*ਨੋਬਲ ਪੁਰਸਕਾਰ ਸਮੇਂ*

Registered with the Registrar of News-Papers of India No – PUN-PUN
O 2776/AL/TC/94



ਪਾਬਲੋ ਨੇਰੂਦਾ ਜਵਾਨੀ ਸਮੇਂ



ਨੇਰੂਦਾ ਆਪਣੇ ਘਰ ਦੇ ਬਾਹਰਵਾਰ